Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ

ਯੂ. ਐੱਸ. ਏ.

# ਪੰਜਾਬ ਮੇਲ

Chief Editor: **Gurjatinder Singh Randhawa**

Punjab Mail USA


REALTY ONE GROUP
FOR SALE & PURCHASE OF ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ ਲਈ ਸੰਪਰਕ ਕਰੋ।
Gurjatinder S. Randhawa
REALTOR CA DRE licence # 01490567
916-320-9444

**Vol. 18, Issue- 824, 17 to 23 Oct., 2024, Ph: 916-320-9444, E-mail: punjabmailusa@yahoo.com, Web: punjabmailusa.com**

## ਅਮਰੀਕਾ ਦੇ ਪਰਿਵਾਰਕ ਵੀਜ਼ਾ ਬੁਲੇਟਿਨ ’ਚ ਹੋਈ ਹਿਲਜੁੱਲ



■ ਯੂ.ਐੱਸ. ਸਿਟੀਜ਼ਨ ਦੇ ਵਿਆਹੇ ਹੋਏ ਬੱਚੇ ਤੇ ਉਨ੍ਹਾਂ ਦੇ ਅੱਗਿਓਂ ਛੋਟੇ ਬੱਚੇ ਯਾਨੀ ਕਿ F-3 ਕੈਟਾਗਰੀ ਲਈ ਜਿਨ੍ਹਾਂ ਨੇ ਅਪਲਾਈ ਕੀਤਾ ਹੈ, ਉਨ੍ਹਾਂ ਦੀ ਤਰੀਕ 15 ਅਪ੍ਰੈਲ 2010 ’ਤੇ ਪਹੁੰਚ ਗਈ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**-ਯੂ.ਐੱਸ. ਡਿਪਾਰਟਮੈਂਟ ਆਫ ਸਟੇਟ ਵੱਲੋਂ ਨਵੰਬਰ 2024 ਦਾ ਵੀਜ਼ਾ ਬੁਲੇਟਿਨ ਜਾਰੀ ਕਰ ਦਿੱਤਾ ਗਿਆ ਹੈ। ਇਸ ਮਹੀਨੇ ਵੀ ਕੁੱਝ ਖਾਸ ਹਿਲਜੁਲ ਦੇਖਣ ਨੂੰ ਨਹੀਂ ਮਿਲੀ। ਅਮਰੀਕਾ ਦੇ ਜਿਹੜੇ ਸਿਟੀਜ਼ਨ ਨਾਗਰਿਕਾਂ ਵੱਲੋਂ ਭਾਰਤ ’ਚ ਰਹਿ ਰਹੇ ਆਪਣੇ ਭੈਣਾਂ-ਭਰਾਵਾਂ ਨੂੰ F-4 ਕੈਟਾਗਰੀ ਲਈ ਅਪਲਾਈ ਕੀਤਾ ਹੈ, ਅਤੇ ਭੈਣ-ਭਰਾਵਾਂ ਅਤੇ ਬੱਚੇ ਜਿਹੜੇ 21 ਸਾਲ ਤੋਂ ਘੱਟ ਹਨ, ਉਨ੍ਹਾਂ ਲਈ ਤਰੀਕ 8 ਮਾਰਚ, 2006 ਪਹੁੰਚ ਗਈ ਹੈ।

ਯੂ.ਐੱਸ. ਸਿਟੀਜ਼ਨ ਦੇ ਵਿਆਹੇ ਹੋਏ ਬੱਚੇ ਤੇ ਉਨ੍ਹਾਂ ਦੇ ਅੱਗਿਓਂ ਛੋਟੇ ਬੱਚੇ ਯਾਨੀ ਕਿ F-3 ਕੈਟਾਗਰੀ ਲਈ ਜਿਨ੍ਹਾਂ ਨੇ ਅਪਲਾਈ ਕੀਤਾ ਹੈ, ਉਨ੍ਹਾਂ ਦੀ ਤਰੀਕ 15 ਅਪ੍ਰੈਲ 2010 ’ਤੇ ਪਹੁੰਚ ਗਈ ਹੈ।

ਗਰੀਨ ਕਾਰਡ ਹੋਲਡਰ ਵੱਲੋਂ ਅਪਲਾਈ ਕੀਤੇ 21 ਸਾਲ ਤੋਂ ਵੱਧ ਉਮਰ ਦੇ ਬੱਚੇ, ਜੋ ਕਿ F-2B ਕੈਟਾਗਰੀ ਨਾਲ ਸੰਬੰਧਤ ਹਨ, ਅਰਜ਼ੀਕਾਰਾਂ ਦੀ ਉਡੀਕ ਮਿਤੀ ਇਸ ਵੇਲੇ 1 ਮਈ 2016 ਚੱਲ ਰਹੀ ਹੈ। ਇਸ ਵਾਰ ਇਸ ਵਿਚ ਕੋਈ ਤਬਦੀਲੀ ਦੇਖਣ ਨੂੰ ਨਹੀਂ ਮਿਲੀ।

ਗਰੀਨ ਕਾਰਡ ਹੋਲਡਰ ਪਤੀ-ਪਤਨੀ ਦੇ 21 ਸਾਲ ਤੋਂ ਘੱਟ ਬੱਚੇ, ਜਿਹੜੇ ਕਿ F-2A ਕੈਟਾਗਰੀ ’ਚ ਆਉਂਦੇ ਹਨ, ਉਨ੍ਹਾਂ ਦੀ ਤਰੀਕ 1 ਜਨਵਰੀ 2022 ਪਹੁੰਚ ਗਈ ਹੈ।

ਅਮਰੀਕਨ ਸਿਟੀਜ਼ਨ ਦੇ ਅਣਵਿਆਹੇ ਬੱਚੇ, ਜਿਹੜੇ ਕਿ 21 ਸਾਲ ਤੋਂ ਵੱਧ ਹਨ, ਉਨ੍ਹਾਂ ਦੀ ਸਮਾਂ ਸੂਚੀ 22 ਅਕਤੂਬਰ 2015 ਦਰਸਾ ਰਹੀ ਹੈ, ਇਸ ਵਿਚ ਵੀ ਕੋਈ ਵਾਧਾ ਨਹੀਂ ਹੋਇਆ।

ਨੈਸ਼ਨਲ ਵੀਜ਼ਾ ਸੈਂਟਰ ਵੱਲੋਂ ਇੰਟਰਵਿਊ ਦਾ ਸਮਾਂ F-4 ਕੈਟਾਗਰੀ ਲਈ 1 ਅਗਸਤ, 2006 ਤੋਂ ਪਹਿਲਾਂ ਅਪਲਾਈ ਹੋਏ ਅਰਜ਼ੀਕਾਰਾਂ ਤੋਂ ਪੇਪਰ ਮੰਗੇ ਜਾ ਰਹੇ ਹਨ।

F-3 ਕੈਟਾਗਰੀ ਲਈ 22 ਅਪ੍ਰੈਲ, 2012, F-2B ਕੈਟਾਗਰੀ ਲਈ 1 ਜਨਵਰੀ, 2017, F-2A ਕੈਟਾਗਰੀ ਲਈ 15 ਜੁਲਾਈ, 2024 ਅਤੇ F-1 ਕੈਟਾਗਰੀ ਲਈ 1 ਸਤੰਬਰ 2017 ਵਾਲਿਆਂ ਕੋਲੋਂ ਸਪੋਰਟਿੰਗ ਪੇਪਰ ਮੰਗਵਾਏ ਜਾ ਰਹੇ ਹਨ।

## ਕਈ ਭਾਰਤੀ ਜਹਾਜ਼ਾਂ ਨੂੰ ਧਮਕੀ ਕਾਰਨ ਯਾਤਰੀਆਂ ’ਚ ਦਹਿਸ਼ਤ ਦਾ ਮਾਹੌਲ



■ ਸਿੰਗਾਪੁਰ ਨੇ ਸੁਰੱਖਿਆ ਉਪਾਅ ਵਜੋਂ ਜਹਾਜ਼ ਨੂੰ ਆਬਾਦੀ ਵਾਲੇ ਖੇਤਰਾਂ ਤੋਂ ਦੂਰ ਮੋੜਨ ਲਈ ਦੋ ਐਫ.-15ਐੱਸ.ਜੀ. ਲੜਾਕੂ ਜਹਾਜ਼ ਕੀਤੇ ਤਾਇਨਾਤ

**ਨਵੀਂ ਦਿੱਲੀ, (ਪੰਜਾਬ ਮੇਲ)**- ਏਅਰ ਇੰਡੀਆ ਐਕਸਪ੍ਰੈੱਸ ਦੇ ਜਹਾਜ਼ ਨੂੰ ਬੰਬ ਦੀ ਧਮਕੀ ਮਿਲਣ ਤੋਂ ਬਾਅਦ ਦਹਿਸ਼ਤ ਫੈਲ ਗਈ। ਇਹ ਘਟਨਾ ਮੰਗਲਵਾਰ ਰਾਤ ਦੀ ਹੈ, ਜਦੋਂ ਮਦੁਰਾਈ ਤੋਂ ਸਿੰਗਾਪੁਰ ਜਾ ਰਹੀ ਫਲਾਈਟ ਆਈ ਐਕਸ 684 ਨੂੰ ਇੱਕ ਚਿੰਤਾਜਨਕ ਈਮੇਲ ਮਿਲੀ। ਧਮਕੀ ਦੇ ਬਾਅਦ, ਸਿੰਗਾਪੁਰ ਨੇ ਸੁਰੱਖਿਆ ਉਪਾਅ ਵਜੋਂ ਜਹਾਜ਼ ਨੂੰ ਆਬਾਦੀ ਵਾਲੇ ਖੇਤਰਾਂ ਤੋਂ ਦੂਰ ਮੋੜਨ ਲਈ ਦੋ ਐਫ.-15ਐੱਸ.ਜੀ. ਲੜਾਕੂ ਜਹਾਜ਼ ਤਾਇਨਾਤ ਕੀਤੇ। ਸਿੰਗਾਪੁਰ ਦੇ ਰੱਖਿਆ ਮੰਤਰੀ ਐਨਜੀ ਏਂਗ ਹੇਨ ਨੇ ਇਸ ਸਬੰਧੀ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਜਹਾਜ਼ ਰਾਤ 10 ਵਜੇ ਦੇ ਕਰੀਬ ਚਾਂਗੀ ਹਵਾਈ ਅੱਡੇ ’ਤੇ ਸੁਰੱਖਿਅਤ ਉਤਰਿਆ। ਇਸ ਤੋਂ ਥੋੜ੍ਹੀ ਦੇਰ ਬਾਅਦ, ਜਹਾਜ਼ ਨੂੰ ਪੁਲਿਸ ਦੇ ਹਵਾਲੇ ਕਰ ਦਿੱਤਾ ਗਿਆ, ਜੋ ਜਾਂਚ ਪ੍ਰਕਿਰਿਆ ਸ਼ੁਰੂ ਕਰ ਸਕਦੀ ਹੈ।

ਮੰਗਲਵਾਰ ਨੂੰ ਸੱਤ ਹੋਰ ਭਾਰਤੀ ਉਡਾਣਾਂ ਨੂੰ ਵੀ ਬੰਬ ਦੀ ਧਮਕੀ ਮਿਲੀ ਸੀ। ਇਨ੍ਹਾਂ ਵਿਚ ਦਿੱਲੀ-ਸ਼ਿਕਾਗੋ ਏਅਰ ਇੰਡੀਆ ਦੀ ਉਡਾਣ, ਜੈਪੁਰ-ਬੈਂਗਲੁਰੂ ਏਅਰ ਇੰਡੀਆ ਐਕਸਪ੍ਰੈੱਸ, ਦਮਾਮ-ਲਖਨਊ ਇੰਡੀਗੋ, ਦਰਭੰਗਾ-ਮੁੰਬਈ ਸਪਾਈਸ ਜੈੱਟ, ਸਿਲੀਗੁੜੀ-ਬੈਂਗਲੁਰੂ ਅਕਾਸਾ ਏਅਰ ਅਤੇ ਅੰਮ੍ਰਿਤਸਰ-ਦੇਹਰਾਦੂਨ-ਦਿੱਲੀ ਅਲਾਇੰਸ ਏਅਰ ਦੀਆਂ ਉਡਾਣਾਂ ਸ਼ਾਮਲ ਹਨ। ਇਹ ਸਥਿਤੀ ਯਾਤਰੀਆਂ ਲਈ ਬੇਹੱਦ ਚਿੰਤਾਜਨਕ ਸੀ ਅਤੇ ਇਸ ਦੀ ਗੰਭੀਰਤਾ ਨੂੰ ਦੇਖਦੇ ਹੋਏ ਸਾਰੀਆਂ ਸਬੰਧਤ ਸੁਰੱਖਿਆ ਏਜੰਸੀਆਂ ਸਰਗਰਮ ਹੋ ਗਈਆਂ। ਦਿੱਲੀ-ਸ਼ਿਕਾਗੋ ਫਲਾਈਟ ਨੂੰ ਵਿਸ਼ੇਸ਼ ਜਾਂਚ ਲਈ ਕੈਨੇਡਾ ਭੇਜਿਆ ਗਿਆ ਸੀ। ਇਸ ਦੇ ਨਾਲ ਹੀ ਅਯੁੱਧਿਆ ਹਵਾਈ ਅੱਡੇ ’ਤੇ ਏਅਰ ਇੰਡੀਆ ਐਕਸਪ੍ਰੈਸ ਦੀ ਉਡਾਣ ਦੀ ਸੁਰੱਖਿਆ ਜਾਂਚ ਕੀਤੀ ਗਈ। ਹੋਰ ਉਡਾਣਾਂ, ਜਿਵੇਂ ਕਿ ਸਪਾਈਸਜੈੱਟ ਅਤੇ ਅਕਾਸਾ ਏਅਰ ਦੀਆਂ ਉਡਾਣਾਂ, ਸੁਰੱਖਿਅਤ ਉਤਰੀਆਂ ਅਤੇ ਸਾਰੇ ਸਾਵਧਾਨੀ ਦੇ ਉਪਾਅ ਕੀਤੇ ਗਏ ਸਨ।

ਵੱਖ-ਵੱਖ ਜਹਾਜ਼ਾਂ ਨੂੰ ਮਿਲੀਆਂ ਧਮਕੀਆਂ ਕਾਰਨ ਜਿੱਥੇ ਹਜ਼ਾਰਾਂ ਯਾਤਰੀ ਪ੍ਰਭਾਵਿਤ ਹੋਏ, ਉਥੇ ਉਨ੍ਹਾਂ ਵਿਚ ਦਹਿਸ਼ਤ ਦਾ ਮਾਹੌਲ ਵੀ ਪਾਇਆ ਗਿਆ।

## ਪੰਜਾਬ ਪੰਚਾਇਤੀ ਚੋਣਾਂ ਦੌਰਾਨ ਵਾਪਰੀਆਂ ਧੱਕੇਸ਼ਾਹੀ, ਗੜਬੜੀਆਂ, ਧਾਂਦਲੀਆਂ ਦੀਆਂ ਘਟਨਾਵਾਂ

**ਚੰਡੀਗੜ੍ਹ, (ਪੰਜਾਬ ਮੇਲ)**- ਪੰਜਾਬ ਵਿਚ ਪੰਚਾਇਤੀ ਚੋਣਾਂ ਦੌਰਾਨ ਵੱਖ-ਵੱਖ ਹਿੰਸਕ ਘਟਨਾਵਾਂ ਦਰਮਿਆਨ ਵੋਟਿੰਗ ਦਾ ਅਮਲ ਮੁਕੰਮਲ ਹੋ ਗਿਆ ਹੈ ਅਤੇ ਬਹੁਤੇ ਹਲਕਿਆਂ ਵਿਚ ਨਤੀਜੇ ਆ ਵੀ ਗਏ ਹਨ। ਪੰਜਾਬ ਮੇਲ ਵੱਲੋਂ ਇਕੱਤਰ ਕੀਤੀ ਗਈ ਜਾਣਕਾਰੀ ਅਨੁਸਾਰ ਵੋਟਿੰਗ ਦੌਰਾਨ ਪੰਜਾਬ ਵਿਚ ਕੁੱਝ ਕੁ ਥਾਵਾਂ ’ਤੇ ਗੋਲੀਆਂ ਵੀ ਚੱਲੀਆਂ, ਜਿਸ ਦੌਰਾਨ ਕੁੱਝ ਲੋਕ ਜ਼ਖਮੀ ਹੋ ਗਏ। ਪੰਜਾਬ ਦੇ ਬਹੁਤ ਸਾਰੇ ਪਿੰਡਾਂ ਵਿਚ ਝੜਪਾਂ ਹੋਣ ਦਾ ਸਮਾਚਾਰ ਵੀ ਪ੍ਰਾਪਤ ਹੋਇਆ ਹੈ ਅਤੇ ਕੁੱਝ ਇਕ ਥਾਵਾਂ ’ਤੇ ਪਥਰਾਅ ਦੀ ਘਟਨਾ ਵੀ ਵਾਪਰੀ, ਜਿਸ ਨਾਲ ਪੁਲਿਸ ਮੁਲਾਜ਼ਮਾਂ ਸਣੇ ਆਮ ਲੋਕ ਵੀ ਜ਼ਖਮੀ ਹੋ ਗਏ। ਕਈ ਥਾਵਾਂ ’ਤੇ ਗੜਬੜੀਆਂ, ਧਾਂਦਲੀਆਂ, ਧੱਕੇਸ਼ਾਹੀ ਦੀਆਂ ਘਟਨਾਵਾਂ ਵੀ ਸਾਹਮਣੇ ਆਈਆਂ। ਪੰਚਾਇਤ ਚੋਣਾਂ ’ਚ 68 ਫੀਸਦੀ ਦੇ ਕਰੀਬ ਪੋਲਿੰਗ ਹੋਈ, ਪਰ ਫਿਰ ਵੀ ਚੋਣ ਅਧਿਕਾਰੀਆਂ ਨੇ ਦੱਸਿਆ ਕਿ ਹਾਲੇ ਤੱਕ ਚੋਣ ਫੀਸਦੀ ਦੇ ਮੁਕੰਮਲ ਅੰਕੜੇ ਪ੍ਰਾਪਤ ਨਹੀਂ ਹੋਈ। ਅਨੁਮਾਨਤ ਤੌਰ ’ਤੇ ਫਾਜ਼ਿਲਕਾ ਜ਼ਿਲ੍ਹੇ ਵਿਚ 67.26 ਫੀਸਦੀ, ਪਟਿਆਲਾ ਵਿਚ 59, ਸੰਗਰੂਰ ਵਿਚ 67.53, ਮੋਹਾਲੀ ਵਿਚ 65.15, ਜਲੰਧਰ ਵਿਚ 57.99, ਲੁਧਿਆਣਾ ਵਿਚ 58.9, ਪਠਾਨਕੋਟ ਵਿਚ 68 ਫੀਸਦੀ ਵੋਟਾਂ ਪਈਆਂ ਹਨ। ਪੰਜਾਬ ਦੀਆਂ ਕੁੱਲ 13225 ਗ੍ਰਾਮ ਪੰਚਾਇਤਾਂ ਵਿਚੋਂ 9400 ਦੇ ਕਰੀਬ ਗ੍ਰਾਮ ਪੰਚਾਇਤਾਂ ਲਈ ਵੋਟਿੰਗ ਹੋਈ, ਜਦਕਿ 3798 ਗ੍ਰਾਮ ਪੰਚਾਇਤਾਂ ’ਤੇ ਪਹਿਲਾਂ ਹੀ ਸਰਬਸੰਮਤੀ ਨਾਲ ਚੋਣ ਹੋ ਚੁੱਕੀ ਸੀ। ■ ਬਾਕੀ ਖਬਰ ਸਫਾ 19 ’ਤੇ




ਪੰਜਾਬ ਵਿਚ ਪੰਚਾਇਤੀ ਚੋਣਾਂ ਦੌਰਾਨ ਵੱਖ-ਵੱਖ ਹਿੰਸਕ ਘਟਨਾਵਾਂ ਦਰਮਿਆਨ ਜ਼ਖ਼ਮੀ ਹੋਏ ਵਿਅਕਤੀ ਇਲਾਜ਼ ਦੌਰਾਨ।

**68 ਫੀਸਦੀ ਦੇ ਕਰੀਬ ਪੋਲਿੰਗ ਹੋਈ**

## ਪੰਜਾਬ ਜ਼ਿਮਨੀ ਚੋਣਾਂ: 4 ਹਲਕਿਆਂ ਦੀਆਂ ਚੋਣਾਂ 13 ਨਵੰਬਰ ਨੂੰ



■ ਨਾਮਜ਼ਦਗੀਆਂ ਭਰਨ ਦੀ ਆਖਰੀ ਮਿਤੀ 25 ਅਕਤੂਬਰ ਹੋਵੇਗੀ
■ 23 ਨਵੰਬਰ ਨੂੰ ਆਉਣਗੇ ਨਤੀਜੇ

**ਚੰਡੀਗੜ੍ਹ, (ਪੰਜਾਬ ਮੇਲ)**- ਭਾਰਤੀ ਚੋਣ ਕਮਿਸ਼ਨ ਵੱਲੋਂ ਪੰਜਾਬ ਦੀਆਂ ਚਾਰ ਵਿਧਾਨ ਸਭਾ ਸੀਟਾਂ ਡੇਰਾ ਬਾਬਾ ਨਾਨਕ, ਚੱਬੇਵਾਲ (ਐੱਸ.ਸੀ.), ਗਿੱਦੜਬਾਹਾ ਅਤੇ 103 ਬਰਨਾਲਾ ਲਈ ਜ਼ਿਮਨੀ ਚੋਣਾਂ ਦਾ ਐਲਾਨ ਕਰ ਦਿੱਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਦੱਸਿਆ ਕਿ ਚੋਣ ਕਮਿਸ਼ਨ ਵੱਲੋਂ ਚਾਰ ਵਿਧਾਨ ਸਭਾ ਹਲਕਿਆਂ ਦੀ ਜ਼ਿਮਨੀ ਚੋਣ ਲਈ ਜਾਰੀ ਕੀਤੇ ਗਏ ਪ੍ਰੋਗਰਾਮ ਮੁਤਾਬਕ 18 ਅਕਤੂਬਰ ਨੂੰ ਨੋਟੀਫਿਕੇਸ਼ਨ ਜਾਰੀ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਨਾਮਜ਼ਦਗੀਆਂ ਭਰਨ ਦੀ ਆਖਰੀ ਮਿਤੀ 25 ਅਕਤੂਬਰ ਹੋਵੇਗੀ ਅਤੇ ਨਾਮਜ਼ਦਗੀ ਪੱਤਰਾਂ ਦੀ ਪੜਤਾਲ 28 ਅਕਤੂਬਰ ਨੂੰ ਕੀਤੀ ਜਾਵੇਗੀ, ਜਦਕਿ ਨਾਮਜ਼ਦਗੀ ਪੱਤਰ ਵਾਪਸ ਲੈਣ ਦੀ ਅੰਤਿਮ ਮਿਤੀ 30 ਅਕਤੂਬਰ ਹੈ।

ਸਿਬਿਨ ਸੀ ਨੇ ਦੱਸਿਆ ਕਿ ਚਾਰੋਂ ਸੀਟਾਂ ਉੱਤੇ 13 ਨਵੰਬਰ ਨੂੰ ਵੋਟਾਂ ਪੈਣਗੀਆਂ ਅਤੇ 23 ਨਵੰਬਰ ਨੂੰ ਵੋਟਾਂ ਦੀ ਗਿਣਤੀ ਤੋਂ ਬਾਅਦ ਨਤੀਜਾ ਐਲਾਨਿਆ ਜਾਵੇਗਾ।

ਉਨ੍ਹਾਂ ਅੱਗੇ ਦੱਸਿਆ ਕਿ ਜ਼ਿਮਨੀ ਚੋਣ ਦੇ ਐਲਾਨ ਨਾਲ ਹੀ ਉਨ੍ਹਾਂ ਚਾਰ ਜ਼ਿਲ੍ਹਿਆਂ ਵਿਚ ਚੋਣ ਜ਼ਾਬਤਾ ਲਾਗੂ ਹੋ ਗਿਆ ਹੈ, ਜਿਨ੍ਹਾਂ ਜ਼ਿਲ੍ਹਿਆਂ ਵਿਚ ਇਹ ਵਿਧਾਨ ਸਭਾ ਹਲਕੇ ਮੌਜੂਦ ਹਨ। ਇਹ ਚਾਰ ਜ਼ਿਲ੍ਹੇ ਹਨ- ਗੁਰਦਾਸਪੁਰ, ਹੁਸ਼ਿਆਰਪੁਰ, ਸ੍ਰੀ ਮੁਕਤਸਰ ਸਾਹਿਬ ਅਤੇ ਬਰਨਾਲਾ।

## ਭਾਰਤ-ਕੈਨੇਡਾ ਤਣਾਅ ਨੇ ਪੰਜਾਬ ਵਸਦੇ ਪਰਿਵਾਰਾਂ ਦੀ ਚਿੰਤਾ ਵਧਾਈ



**ਜਲੰਧਰ, (ਪੰਜਾਬ ਮੇਲ)**- ਭਾਰਤ-ਕੈਨੇਡਾ ਵਿਚ ਵਧ ਰਹੇ ਤਣਾਅ ਨੇ ਪੰਜਾਬ ਦੇ ਕਈ ਨੌਜਵਾਨਾਂ ਅਤੇ ਪਰਿਵਾਰਾਂ ਦੀ ਚਿੰਤਾ ਵਧਾ ਦਿੱਤੀ ਹੈ। ਭਾਰਤ ਨੇ ਹਰਦੀਪ ਨਿੱਝਰ ਦੀ ਹੱਤਿਆ ਮਾਮਲੇ ਵਿਚ 6 ਕੈਨੇਡੀਅਨ ਡਿਪਲੋਮੈਟਾਂ ਨੂੰ ਦੇਸ਼ ’ਚੋਂ ਕੱਢ ਦਿੱਤਾ ਅਤੇ ਕੈਨੇਡਾ ਤੋਂ ਆਪਣੇ ਹਾਈ ਕਮਿਸ਼ਨਰ ਅਤੇ ਹੋਰ ਅਧਿਕਾਰੀਆਂ ਨੂੰ ਵਾਪਸ ਸੱਦਣ ਦਾ ਐਲਾਨ ਕੀਤਾ ਹੈ। ਭਾਰਤ ਅਤੇ ਕੈਨੇਡਾ ਵਿਚਾਲੇ ਇਸ ਵਧ ਰਹੇ ਕੂਟਨੀਤਕ ਵਿਵਾਦ ਨੇ ਕਈ ਪਰਿਵਾਰਾਂ ਨੂੰ ਚਿੰਤਾ ਵਿਚ ਪਾ ਦਿੱਤਾ ਹੈ। ਪੜ੍ਹਾਈ ਕਰਨ ਅਤੇ ਉੱਥੇ ਵੱਸਣ ਲਈ ਕੈਨੇਡਾ ਪੰਜਾਬੀਆਂ ਲਈ ਸਭ ਤੋਂ ਪਸੰਦੀਦਾ ਦੇਸ਼ਾਂ ’ਚੋਂ ਇੱਕ ਹੈ। ਪੰਜਾਬੀ ਵੱਡੀ ਗਿਣਤੀ ਵਿਦੇਸ਼ਾਂ ’ਚ ਵਸੇ ਹੋਏ ਹਨ। ਇਨ੍ਹਾਂ ’ਚੋਂ ਬਹੁਤੇ ਕੈਨੇਡਾ, ਅਮਰੀਕਾ ਅਤੇ ਇੰਗਲੈਂਡ ਵਿਚ ਰਹਿ ਰਹੇ ਹਨ। ■ ਬਾਕੀ ਖਬਰ ਸਫਾ 19 ’ਤੇ

## ਕੈਨੇਡਾ ਦੇ ਪੱਖ ’ਚ ਅਮਰੀਕਾ ਦਾ ਬਿਆਨ, ਨਿੱਝਰ ਮਾਮਲੇ ਦੀ ਜਾਂਚ ’ਚ ਭਾਰਤ ਨਹੀਂ ਕਰ ਰਿਹਾ ਸਹਿਯੋਗ



**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕਾ ਨੇ ਦੋਸ਼ ਲਗਾਇਆ ਕਿ ਭਾਰਤ ਪਿਛਲੇ ਸਾਲ ਇਕ ਸਿੱਖ ਵੱਖਵਾਦੀ ਦੇ ਕਤਲ ਦੇ ਮਾਮਲੇ ਵਿਚ ਕੈਨੇਡਾ ਦੀ ਜਾਂਚ ’ਚ ਸਹਿਯੋਗ ਨਹੀਂ ਕਰ ਰਿਹਾ ਹੈ। ਅਮਰੀਕੀ ਵਿਦੇਸ਼ ਮੰਤਰਾਲਾ ਦੇ ਬੁਲਾਰੇ ਮੈਥਿਊ ਮਿਲਰ ਨੇ ਆਪਣੀ ਰੋਜ਼ਾਨਾ ਪ੍ਰੈੱਸ ਕਾਨਫਰੰਸ ਵਿਚ ਕਿਹਾ, “ਕੈਨੇਡਾ ਦੇ ਮਾਮਲੇ ਬਾਰੇ ਗੱਲ ਕਰੀਏ, ਤਾਂ ਅਸੀਂ ਸਪੱਸ਼ਟ ਕਰ ਦਿੱਤਾ ਹੈ ਕਿ ਦੋਸ਼ ਬੇਹੱਦ ਗੰਭੀਰ ਹਨ ਅਤੇ ਇਨ੍ਹਾਂ ਨੂੰ ਗੰਭੀਰਤਾ ਨਾਲ ਲਿਆ ਜਾਣਾ ਚਾਹੀਦਾ ਹੈ। ਅਸੀਂ ਚਾਹੁੰਦੇ ਸੀ ਕਿ ਭਾਰਤ ਸਰਕਾਰ ਕੈਨੇਡਾ ਨੂੰ ਜਾਂਚ ਵਿਚ ਸਹਿਯੋਗ ਕਰੇ। ਜ਼ਾਹਿਰ ਹੈ, ਉਨ੍ਹਾਂ ਨੇ ਉਹ ਰਾਹ ਨਹੀਂ ਚੁਣਿਆ ਹੈ।”

ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਇੱਕ ਦਿਨ ਪਹਿਲਾਂ ਦੋਸ਼ ਲਾਇਆ ਸੀ ਕਿ ਪਿਛਲੇ ਸਾਲ ਜੂਨ ਵਿਚ ਸਰੀ ਵਿਚ ਸਿੱਖ ਵੱਖਵਾਦੀ ਹਰਦੀਪ ਸਿੰਘ ਨਿੱਝਰ ਦੇ ਕਤਲ ਵਿਚ ਭਾਰਤ ਸਰਕਾਰ ਦੇ ਅਧਿਕਾਰੀ ਸ਼ਾਮਲ ਸਨ। ■ ਬਾਕੀ ਖਬਰ ਸਫਾ 19 ’ਤੇ

## ਇੱਕ ਦਹਾਕੇ ਵਿਚ ਪਹਿਲੀ ਵਾਰ ਪਾਕਿ ਪਹੁੰਚੇ ਭਾਰਤੀ ਵਿਦੇਸ਼ ਮੰਤਰੀ



**ਨਵੀਂ ਦਿੱਲੀ, (ਪੰਜਾਬ ਮੇਲ)**- ਭਾਰਤ ਦੇ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਕਰੀਬ ਇੱਕ ਦਹਾਕੇ ਵਿਚ ਆਪਣੀ ਪਹਿਲੀ ਪਾਕਿਸਤਾਨ ਯਾਤਰਾ ’ਤੇ ਇਸਲਾਮਾਬਾਦ ਪਹੁੰਚੇ। ਉਹ ਸ਼ੰਘਾਈ ਸਹਿਯੋਗ ਸੰਗਠਨ (ਐੱਸ.ਸੀ.ਓ.) ਦੀ ਬੈਠਕ ’ਚ ਹਿੱਸਾ ਲੈਣ ਗਏ ਹਨ। ਭਾਰਤ ਅਤੇ ਪਾਕਿਸਤਾਨ ਦੇ ਠੰਡੇ ਰਿਸ਼ਤਿਆਂ ਦੇ ਵਿਚਕਾਰ, ਪਿਛਲੇ ਇੱਕ ਦਹਾਕੇ ਵਿਚ ਭਾਰਤ ਦਾ ਕੋਈ ਵੀ ਵਿਦੇਸ਼ੀ ਪਾਕਿਸਤਾਨ ਨਹੀਂ ਗਿਆ ਹੈ। ਹਾਲਾਂਕਿ ਪਿਛਲੇ ਸਾਲ ਪਾਕਿਸਤਾਨ ਦੇ ਵਿਦੇਸ਼ ਮੰਤਰੀ ਬਿਲਾਵਲ ਭੁੱਟੋ ਭਾਰਤ ਵਿਚ ਹੋਈ ਐੱਸ.ਸੀ.ਓ. ਮੀਟਿੰਗ ■ ਬਾਕੀ ਖਬਰ ਸਫਾ 19 ’ਤੇ

# ਭਾਰਤ ਆਪਣੇ ਡਿਪਲੋਮੈਟਾਂ ਤੇ ਜਥੇਬੰਦ ਜੁਰਮਾਂ ਰਾਹੀਂ ਕੈਨੇਡਾ 'ਚ ਕਤਲ ਤੱਕ ਕਰਵਾ ਰਿਹੈ : ਟਰੂਡੋ

**ਵਾਸ਼ਿੰਗਟਨ, (ਪੰਜਾਬ ਮੇਲ)-** ਭਾਰਤ ਅਤੇ ਕੈਨੇਡਾ ਦਰਮਿਆਨ ਜਾਰੀ ਸਿਖਰਾਂ ਦੇ ਸਫ਼ਾਰਤੀ ਤਣਾਅ ਦੌਰਾਨ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਗੰਭੀਰ ਦੋਸ਼ ਲਾਏ ਹਨ ਕਿ ਕੈਨੇਡੀਅਨ ਨਾਗਰਿਕਾਂ ਉਤੇ ਉਨ੍ਹਾਂ ਦੇ ਆਪਣੇ ਹੀ ਮੁਲਕ ਵਿਚ ਹਮਲੇ ਕਰਨ ਲਈ ਭਾਰਤ ਵੱਲੋਂ ਆਪਣੇ ਡਿਪਲੋਮੈਟਾਂ ਅਤੇ ਜਥੇਬੰਦ ਜੁਰਮਾਂ (ਨੂੰ ਅੰਜਾਮ ਦੇਣ ਵਾਲਿਆਂ) ਦਾ ਇਸਤੇਮਾਲ ਕੀਤਾ ਜਾ ਰਿਹਾ ਹੈ ਅਤੇ ਕੈਨੇਡਾ ਦੇ ਨਾਗਰਿਕ ਆਪਣੀ ਹੀ ਧਰਤੀ 'ਤੇ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ। ਉਨ੍ਹਾਂ ਨੇ ਇਸ ਨੂੰ ਨਵੀਂ ਦਿੱਲੀ ਦੀ 'ਭਾਰੀ ਗ਼ਲਤੀ' ਕਰਾਰ ਦਿੱਤਾ ਹੈ।

ਟਰੂਡੋ ਨੇ ਇਹ ਟਿੱਪਣੀਆਂ ਸੋਮਵਾਰ ਨੂੰ ਭਾਰਤ ਵੱਲੋਂ 6 ਕੈਨੇਡੀਅਨ ਡਿਪਲੋਮੈਟਾਂ ਨੂੰ ਕੱਢਣ ਅਤੇ ਨਾਲ ਹੀ ਕੈਨੇਡਾ ਵਿਚਲੇ ਭਾਰਤੀ ਹਾਈ ਕਮਿਸ਼ਨਰ ਅਤੇ 'ਨਿਸ਼ਾਨਾ ਬਣਾਏ ਗਏ' ਹੋਰ ਡਿਪਲੋਮੈਟਾਂ ਨੂੰ ਵਾਪਸ ਸੱਦਣ ਦਾ ਐਲਾਨ ਕੀਤੇ ਜਾਣ ਤੋਂ ਬਾਅਦ ਕੀਤੀਆਂ ਹਨ। ਇਸ ਦੇ ਨਾਲ ਹੀ ਭਾਰਤ ਨੇ ਕੈਨੇਡਾ 'ਚ ਸਿੱਖ ਵੱਖਵਾਦੀ ਆਗੂ ਹਰਦੀਪ ਸਿੰਘ ਨਿੱਝਰ ਦੇ ਹੋਏ ਕਤਲ ਦੀ ਜਾਂਚ ਨਾਲ ਭਾਰਤੀ ਸਫ਼ੀਰਾਂ ਦਾ ਨਾਂ ਜੋੜਦਿਆਂ ਓਟਵਾ ਵੱਲੋਂ ਲਾਏ ਗਏ ਦੋਸ਼ਾਂ ਨੂੰ ਸਿਰੇ ਤੋਂ ਖ਼ਾਰਜ ਕਰ ਦਿੱਤਾ ਸੀ। ਇਸ ਤੋਂ ਪਹਿਲਾਂ ਕੈਨੇਡਾ ਨੇ ਵੀ

**■ ਭਾਰਤ ਪਹਿਲਾਂ ਹੀ ਕਰ ਚੁੱਕਾ ਹੈ ਸਾਰੇ ਦੋਸ਼ਾਂ ਦਾ ਸਖ਼ਤੀ ਨਾਲ ਖੰਡਨ**



ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ।

ਛੇ ਭਾਰਤੀ ਡਿਪਲੋਮੈਟਾਂ ਨੂੰ ਮੁਲਕ ਵਿਚੋਂ ਬਰਤਰਫ਼ ਕਰ ਦਿੱਤਾ ਸੀ।

ਗ਼ੌਰਲਤਬ ਹੈ ਕਿ ਭਾਰਤ ਲਗਾਤਾਰ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਦੇ ਮਾਮਲੇ 'ਚ ਭਾਰਤੀ ਏਜੰਟਾਂ ਦਾ ਹੱਥ ਹੋਣ ਦੇ ਕੈਨੇਡਾ ਦੇ ਦੋਸ਼ਾਂ ਦਾ ਜ਼ੋਰਦਾਰ ਖੰਡਨ ਕਰਦਾ ਆ ਰਿਹਾ ਹੈ। ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਬੀਤੇ ਸਾਲ ਸਤੰਬਰ ਵਿਚ ਨਿੱਝਰ ਦੇ ਕਤਲ ਕੇਸ ਵਿਚ ਭਾਰਤੀ ਏਜੰਟਾਂ ਦੀ 'ਸੰਭਵ' ਸ਼ਮੂਲੀਅਤ ਦੇ ਦੋਸ਼ ਲਾਏ ਸਨ, ਜਿਸ ਤੋਂ ਬਾਅਦ ਦੋਵਾਂ ਮੁਲਕਾਂ ਦੇ ਰਿਸ਼ਤਿਆਂ ਵਿਚ ਤਣਾਅ ਬਣਿਆ ਹੋਇਆ ਹੈ।

ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ ਨੇ ਬੀਤੇ ਦਿਨੀਂ ਗੰਭੀਰ ਦੋਸ਼ ਲਾਉਂਦਿਆਂ ਕਿਹਾ ਸੀ ਕਿ ਭਾਰਤ ਸਰਕਾਰ ਦੇ ਏਜੰਟ ਕੈਨੇਡਾ ਵਿਚ 'ਵੱਡੇ ਪੱਧਰ 'ਤੇ ਹਿੰਸਾ' ਫੈਲਾਉਣ ਵਿਚ ਸ਼ਾਮਲ ਹਨ, ਜਿਸ ਤੋਂ ਬਾਅਦ ਦੋਵਾਂ ਮੁਲਕਾਂ ਦੇ ਰਿਸ਼ਤੇ ਬਦ ਤੋਂ ਬਦਤਰ ਹੋ ਗਏ। ਕੈਨੇਡੀਅਨ ਬਰਾਡਕਾਸਟਿੰਗ ਕਾਰਪੋਰੇਸ਼ਨ ਦੀ ਰਿਪੋਰਟ ਮੁਤਾਬਕ ਆਰ.ਸੀ.ਐੱਮ.ਪੀ. ਨੇ ਕਿਹਾ ਸੀ ਕਿ ਇਸ ਨਾਲ 'ਕੈਨੇਡਾ ਵਿਚ ਜਨਤਕ ਸੁਰੱਖਿਆ ਲਈ ਭਾਰੀ ਖ਼ਤਰਾ' ਪੈਦਾ ਹੁੰਦਾ ਹੈ।

### ਕੈਨੇਡੀਅਨ ਪੁਲਿਸ ਨੇ ਬਿਸ਼ਨੋਈ ਗੈਂਗ ਦਾ ਵੀ ਲਿਆ ਨਾਂ

**ਓਟਵਾ :** ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ ਨੇ ਇਲਾਜ਼ਾਮ ਲਾਏ ਹਨ ਕਿ ਭਾਰਤ ਸਰਕਾਰ ਦੇ 'ਏਜੰਟਾਂ' ਦੇ ਕੈਨੇਡਾ ਵਿਚ ਦੱਖਣੀ ਏਸ਼ਿਆਈ ਭਾਈਚਾਰੇ ਖ਼ਾਸਕਰ 'ਖ਼ਾਲਿਸਤਾਨ ਪੱਖੀ ਅਨਸਰਾਂ' ਉਤੇ ਹਮਲੇ ਕਰਨ ਵਾਲੇ ਬਿਸ਼ਨੋਈ ਗੈਂਗ ਨਾਲ ਸਬੰਧ ਹਨ। ਇਹ ਟਿੱਪਣੀਆਂ ਆਰ.ਸੀ.ਐੱਮ.ਪੀ. ਦੇ ਕਮਿਸ਼ਨਰ ਮਾਈਕ ਡੂਹੈਨ ਅਤੇ ਉਨ੍ਹਾਂ ਦੀ ਦੂਜੇ ਨੰਬਰ ਦੀ ਅਧਿਕਾਰੀ ਬ੍ਰੀਜਿਤ ਗੌਵਿਨ ਨੇ ਸੋਮਵਾਰ ਨੂੰ ਓਟਵਾ ਵਿਚ ਇਕ ਪ੍ਰੈੱਸ ਕਾਨਫ਼ਰੰਸ ਦੌਰਾਨ ਕੀਤੀਆਂ ਹਨ। ਉਨ੍ਹਾਂ ਦੋਸ਼ ਲਾਇਆ ਕਿਹਾ, "ਭਾਰਤ ਵੱਲੋਂ ਕੈਨੇਡਾ ਵਿਚ ਦੱਖਣੀ ਏਸ਼ਿਆਈ ਭਾਈਚਾਰੇ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ...ਪਰ ਉਹ ਖ਼ਾਸ ਤੌਰ 'ਤੇ ਕੈਨੇਡਾ ਵਿਚਲੇ ਖ਼ਾਲਿਸਤਾਨ ਪੱਖੀ ਅਨਸਰਾਂ ਤੇ ਖ਼ਾਲਿਸਤਾਨੀ ਲਹਿਰ ਦੇ ਮੈਂਬਰਾਂ ਨੂੰ ਨਿਸ਼ਾਨਾ ਬਣਾ ਰਹੇ ਹਨ।" ਬੀਬੀ ਗੌਵਿਨ ਨੇ ਕਿਹਾ, "ਅਸੀਂ ਜੋ ਆਰ.ਸੀ.ਐੱਮ.ਪੀ. ਦੇ ਨਜ਼ਰੀਏ ਤੋਂ ਦੇਖਿਆ, ਉਹ ਇਹ ਹੈ ਕਿ ਉਹ ਜਥੇਬੰਦਕ ਜੁਰਮਾਂ ਨਾਲ ਸਬੰਧਤ ਅਨਸਰਾਂ ਦਾ ਇਸਤੇਮਾਲ ਕਰਦੇ ਹਨ।"

# ਅਮਰੀਕਾ 'ਚ ਕਤਲ ਦੀ ਸਾਜ਼ਿਸ਼: ਭਾਰਤੀ ਜਾਂਚ ਕਮੇਟੀ ਵਾਸ਼ਿੰਗਟਨ ਜਾਵੇਗੀ

**ਵਾਸ਼ਿੰਗਟਨ, (ਪੰਜਾਬ ਮੇਲ)-** ਸੰਯੁਕਤ ਰਾਜ ਅਮਰੀਕਾ ਵਿਚ ਇੱਕ ਪ੍ਰਮੁੱਖ ਕਾਰਕੁਨ ਦੇ ਖਿਲਾਫ ਇੱਕ ਅਸਫਲ ਹੱਤਿਆ ਦੀ ਸਾਜਿਸ਼ ਵਿਚ ਭਾਰਤ ਦੀ ਸ਼ਮੂਲੀਅਤ ਦੀ ਜਾਂਚ ਕਰ ਰਹੀ ਇੱਕ ਭਾਰਤ ਸਰਕਾਰ ਦੀ ਕਮੇਟੀ ਇਸ ਹਫ਼ਤੇ ਵਾਸ਼ਿੰਗਟਨ ਵਿਚ ਅਮਰੀਕੀ ਅਧਿਕਾਰੀਆਂ ਨਾਲ ਮੁਲਾਕਾਤ ਕਰੇਗੀ। ਅਮਰੀਕੀ ਵਿਦੇਸ਼ ਮੰਤਰਾਲੇ ਨੇ ਇਹ ਜਾਣਕਾਰੀ ਦਿੱਤੀ ਹੈ।

ਸੰਯੁਕਤ ਰਾਜ ਅਮਰੀਕਾ ਭਾਰਤ 'ਤੇ ਨਿਆਂ ਵਿਭਾਗ ਦੇ ਇਸ ਦਾਅਵੇ ਦੀ ਘੋਖ ਕਰਨ ਲਈ ਦਬਾਅ ਪਾ ਰਿਹਾ ਹੈ ਕਿ ਇੱਕ ਅਣਪਛਾਤੇ ਭਾਰਤੀ ਖੁਫੀਆ ਅਧਿਕਾਰੀ ਨੇ ਗੁਰਪਤਵੰਤ ਸਿੰਘ ਪੰਨੂ, ਜੋ ਕਿ ਇੱਕ ਪ੍ਰਮੁੱਖ ਸਿੱਖ ਵੱਖਵਾਦੀ ਅਤੇ ਅਮਰੀਕਾ-ਕੈਨੇਡਾ ਦੇ ਨਾਗਰਿਕ ਦੀ ਹੱਤਿਆ ਦੀ ਯੋਜਨਾ ਨੂੰ ਨਿਰਦੇਸ਼ਿਤ ਕੀਤਾ ਸੀ।

ਕਿਸੇ ਹੋਰ ਦੇਸ਼ ਦੀ ਜਾਂਚ 'ਤੇ ਇੱਕ ਅਸਾਧਾਰਨ ਬਿਆਨ ਵਿਚ, ਵਿਦੇਸ਼ ਵਿਭਾਗ ਨੇ ਕਿਹਾ ਕਿ ਇੱਕ ਭਾਰਤੀ ਜਾਂਚ ਕਮੇਟੀ "ਸਰਗਰਮੀ ਨਾਲ ਜਾਂਚ ਕਰ ਰਹੀ ਹੈ" ਅਤੇ ਭਾਰਤ ਨੇ ਅਮਰੀਕਾ ਨੂੰ ਸੂਚਿਤ ਕੀਤਾ ਹੈ ਕਿ ਉਹ "ਸਾਬਕਾ ਸਰਕਾਰੀ ਕਰਮਚਾਰੀ ਦੇ ਹੋਰ ਸਬੰਧਾਂ" ਦੀ ਜਾਂਚ ਕਰ ਰਿਹਾ ਹੈ।

ਵਿਦੇਸ਼ ਵਿਭਾਗ ਨੇ ਕਿਹਾ ਕਿ ਜਾਂਚ ਕਮੇਟੀ ਆਪਣੀ ਜਾਂਚ ਦੇ ਹਿੱਸੇ ਵਜੋਂ ਮਾਮਲੇ 'ਤੇ ਚਰਚਾ ਕਰਨ ਅਤੇ ਅਮਰੀਕੀ ਅਧਿਕਾਰੀਆਂ ਤੋਂ ਅਪਡੇਟ ਪ੍ਰਾਪਤ ਕਰਨ ਲਈ ਵਾਸ਼ਿੰਗਟਨ, ਡੀ.ਸੀ. ਆਏਗੀ, ਹਾਲਾਂਕਿ, ਵਾਸ਼ਿੰਗਟਨ ਵਿਚ ਭਾਰਤੀ ਦੂਤਾਵਾਸ ਨੇ ਟਿੱਪਣੀ ਲਈ ਬੇਨਤੀ ਦਾ ਤੁਰੰਤ ਜਵਾਬ ਨਹੀਂ ਦਿੱਤਾ।

ਭਾਰਤ ਨੇ ਨਵੰਬਰ 2023 ਵਿਚ ਘੋਸ਼ਣਾ ਕਰਨ ਤੋਂ ਬਾਅਦ ਜਨਤਕ ਤੌਰ 'ਤੇ ਬਹੁਤ ਘੱਟ ਕਿਹਾ ਹੈ ਕਿ ਉਹ ਦਾਅਵਿਆਂ ਦੀ ਰਸਮੀ ਜਾਂਚ ਕਰੇਗਾ। ਜੂਨ 2023 ਵਿਚ ਇੱਕ ਹੋਰ ਸਿੱਖ ਆਗੂ ਦੇ ਕਤਲ ਨੂੰ ਲੈ ਕੇ ਕੈਨੇਡਾ ਨਾਲ ਭਾਰਤ ਦਾ ਕੂਟਨੀਤਕ ਵਿਵਾਦ ਜਾਰੀ ਹੈ।

ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਸਤੰਬਰ ਵਿਚ ਕਿਹਾ ਸੀ ਕਿ ਉਨ੍ਹਾਂ ਦੇ ਦੇਸ਼ ਦੀ ਖੁਫੀਆ ਏਜੰਸੀ ਭਰੋਸੇਯੋਗ ਦੋਸ਼ ਲਗਾ ਰਹੀ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਰਕਾਰ ਇੱਕ ਕੈਨੇਡੀਅਨ ਸਿੱਖ ਵੱਖਵਾਦੀ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਪਿੱਛੇ ਹੈ। ਉਹ ਵੱਖਵਾਦੀ ਉੱਤਰੀ ਭਾਰਤ ਵਿਚ ਇੱਕ ਨਵੇਂ ਅਤੇ ਵੱਖਰੇ ਸਿੱਖ ਰਾਜ 'ਖਾਲਿਸਤਾਨ' ਦੀ ਸਿਰਜਣਾ ਦੇ ਸਮਰਥਨ ਵਿਚ ਆਵਾਜ਼ ਬੁਲੰਦ ਕਰ ਰਿਹਾ ਸੀ। ਭਾਰਤ ਨੇ ਦੋਵਾਂ ਘਟਨਾਵਾਂ ਵਿਚ ਸ਼ਮੂਲੀਅਤ ਤੋਂ ਇਨਕਾਰ ਕੀਤਾ ਹੈ।

ਭਾਰਤ ਨੇ ਇਸ ਤੋਂ ਪਹਿਲਾਂ 14 ਅਕਤੂਬਰ ਨੂੰ ਓਟਾਵਾ ਤੋਂ ਆਪਣੇ ਰਾਜਦੂਤ ਨੂੰ ਵਾਪਸ ਬੁਲਾਇਆ ਸੀ ਅਤੇ ਹੋਰ ਕੈਨੇਡੀਅਨ ਅਧਿਕਾਰੀਆਂ ਅਤੇ ਡਿਪਲੋਮੈਟਾਂ ਨੂੰ ਵੀ ਆਪਣੀ ਜਾਂਚ ਵਿਚ 'ਦਿਲਚਸਪੀ ਵਾਲੇ ਵਿਅਕਤੀ' ਵਜੋਂ ਨਾਮਜ਼ਦ ਕੀਤਾ ਸੀ।

# ਕੈਨੇਡਾ ਪੋਸਟ ਵੱਲੋਂ ਦੀਵਾਲੀ ਦੇ ਆਗਮਨ ਮੌਕੇ ਨਵੀਂ ਡਾਕ ਟਿਕਟ ਜਾਰੀ




**ਸਰੀ, (ਹਰਦਮ ਮਾਨ/ਪੰਜਾਬ ਮੇਲ)-** ਹਿੰਦੂਆਂ, ਸਿੱਖਾਂ, ਬੋਧੀਆਂ ਅਤੇ ਜੈਨੀਆਂ ਸਮੇਤ ਬਹੁਤ ਸਾਰੇ ਭਾਈਚਾਰਿਆਂ ਦੁਆਰਾ ਦੁਨੀਆਂ ਭਰ ਵਿਚ ਮਨਾਏ ਜਾਣ ਵਾਲੇ ਦੀਵਾਲੀ ਤਿਓਹਾਰ ਦੇ ਆਗਮਨ ਮੌਕੇ ਕੈਨੇਡਾ ਪੋਸਟ ਨੇ ਇੱਕ ਨਵੀਂ ਡਾਕ ਟਿਕਟ ਜਾਰੀ ਕੀਤੀ ਹੈ। ਇਹ ਡਾਕ ਟਿਕਟ ਲਕਸ਼ਮੀ ਪੂਜਾ ਨੂੰ ਉਜਾਗਰ ਕਰਦੀ ਹੈ।

ਡਾਕ ਟਿਕਟ ਨੂੰ ਨੋਥਿੰਗ ਡਿਜ਼ਾਈਨ ਸਟੂਡੀਓ ਦੇ ਰਾਹੁਲ ਭੋਗਲ ਦੁਆਰਾ ਡਿਜ਼ਾਈਨ ਕੀਤਾ ਗਿਆ, ਨਿਮਰ ਰਾਜਾ ਦੁਆਰਾ ਦਰਸਾਇਆ ਗਿਆ ਅਤੇ ਲੋਵੇ-ਮਾਰਟਿਨ ਵੱਲੋਂ ਛਾਪਿਆ ਗਿਆ ਹੈ। ਇਹ ਡਾਕ ਟਿਕਟ 360,000 ਦੀ ਗਿਣਤੀ ਵਿਚ ਛਾਪੀ ਗਈ ਹੈ। ਇਹ ਡਾਕ ਟਿਕਟ canadapost.ca ਉੱਪਰ ਅਤੇ ਪੂਰੇ ਕੈਨੇਡਾ 'ਚ ਪੋਸਟਲ ਆਊਟਲੇਟਾਂ 'ਤੇ ਉਪਲਬਧ ਹੈ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com




# ਅਮਰੀਕੀ ਰਾਸ਼ਟਰਪਤੀ ਚੋਣਾਂ; ਟਰੰਪ ਐਰੀਜ਼ੋਨਾ ਤੇ ਕਮਲਾ ਹੈਰਿਸ

■ ਦੋਨਾਂ ਉਮੀਦਵਾਰਾਂ ਨੇ ਚੋਣ ਪ੍ਰਚਾਰ 'ਤੇ ਲਾਇਆ ਅੱਡੀ ਚੋਟੀ ਦਾ ਜ਼ੋਰ



**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਜਿਉਂ-ਜਿਉਂ ਵੋਟਾਂ ਪੈਣ ਦਾ ਦਿਨ ਨੇੜੇ ਆ ਰਿਹਾ ਹੈ, ਤਿਉਂ-ਤਿਉਂ ਰਿਪਬਲੀਕਨ ਉਮੀਦਵਾਰ ਡੋਨਾਲਡ ਟਰੰਪ ਤੇ ਡੈਮੋਕਰੈਟਿਕ ਉਮੀਦਵਾਰ ਕਮਲਾ ਹੈਰਿਸ ਚੋਣ ਪ੍ਰਚਾਰ ਲਈ ਅੱਡੀ ਚੋਟੀ ਦਾ ਜ਼ੋਰ ਲਾ ਰਹੇ ਹਨ। ਦੋਨੋਂ ਉਮੀਦਵਾਰ ਅਹਿਮ ਰਾਜ ਪੈਨਸਿਲਵੇਨੀਆ ਵੱਲ ਵਿਸ਼ੇਸ਼ ਤਵਜੋਂ ਦੇ ਰਹੇ ਹਨ। ਪੈਨਸਿਲਵੇਨੀਆ ਵਿਚ ਹੈਰਿਸ ਤੇ ਟਰੰਪ ਅਤੇ ਉਨ੍ਹਾਂ ਨਾਲ ਸਬੰਧਿਤ ਧੜਿਆਂ ਨੇ ਟੈਲੀਵਿਜ਼ਨ 'ਤੇ ਇਸ਼ਤਿਹਾਰਬਾਜ਼ੀ ਉਪਰ 350 ਲੱਖ ਡਾਲਰ ਖਰਚ ਕੀਤੇ ਹਨ। ਇਸ ਤੋਂ ਇਲਾਵਾ ਦੋਨੋਂ ਉਮੀਦਵਾਰ ਰਾਜ 'ਚ ਨਿਰੰਤਰ ਰੈਲੀਆਂ ਕਰ ਰਹੇ ਹਨ ਤੇ ਆਪੋ-ਆਪਣੇ ਢੰਗ-ਤਰੀਕੇ ਨਾਲ ਮੱਤਦਾਤਾਵਾਂ ਨੂੰ ਪ੍ਰਭਾਵਿਤ ਕਰਨ ਦਾ ਯਤਨ ਕਰ ਰਹੇ ਹਨ। ਇਸੇ ਦੌਰਾਨ ਇਕ ਤਾਜ਼ਾ ਸਰਵੇ 'ਚ ਸਪੱਸ਼ਟ ਹੋਇਆ ਹੈ ਕਿ ਟਰੰਪ ਐਰੀਜ਼ੋਨਾ ਵਿਚ 6% ਅੰਕਾਂ ਨਾਲ ਅੱਗੇ ਹਨ, ਜਦਕਿ ਕਮਲਾ ਹੈਰਿਸ ਪੈਨਸਿਲਵੇਨੀਆ ਵਿਚ 4% ਅੰਕਾਂ ਨਾਲ ਅੱਗੇ ਹਨ। ਇਹ ਸਰਵੇ ਨਿਊਯਾਰਕ ਟਾਈਮਜ਼, ਫਿਲਾਡੈਲਫੀਆ ਇੰਕੁਆਇਰਰ ਤੇ ਸੀਨਾ ਕਾਲਜ ਦੁਆਰਾ ਕੀਤਾ ਗਿਆ ਹੈ। ਇਹ ਦੋਨੋਂ ਰਾਜ ਇਸ ਲਈ ਅਹਿਮ ਹਨ ਕਿਉਂਕਿ ਇਹ ਕਦੀ ਵੀ ਕਿਸੇ ਇਕ ਪਾਰਟੀ ਦੇ ਹੱਕ ਵਿਚ ਨਹੀਂ ਰਹੇ ਤੇ ਹਰ ਵਾਰ ਆਪਣੀ ਪਸੰਦ ਬਦਲਦੇ ਰਹਿੰਦੇ ਹਨ। ਸਰਵੇ ਅਨੁਸਾਰ ਦੋਨਾਂ ਰਾਜਾਂ 'ਚ 1600 ਤੋਂ ਵਧ ਮੱਤਦਾਤਾਵਾਂ ਦੀ ਰਾਏ ਪੁੱਛੀ ਗਈ। ਐਰੀਜ਼ੋਨਾ 'ਚ ਮੱਤਦਾਤਾ ਦੇਸ਼ ਦੀ ਅਰਥ ਵਿਵਸਥਾ ਨੂੰ ਲੈ ਕੇ ਚਿੰਤਤ ਹਨ। ਇਸ ਲਈ ਉਹ ਟਰੰਪ ਨੂੰ ਸਮਰਥਨ ਦੇ ਰਹੇ ਹਨ, ਜਦਕਿ ਪੈਨਸਿਲਵੇਨੀਆ 'ਚ ਗਰਭਪਾਤ ਦਾ ਮੁੱਦਾ ਅਹਿਮ ਬਣ ਗਿਆ ਹੈ ਤੇ ਇਸ ਮੁੱਦੇ ਨੂੰ ਲੈ ਕੇ ਉਹ ਹੈਰਿਸ ਦਾ ਸਮਰਥਨ ਕਰ ਰਹੇ ਹਨ। ਹਾਲਾਂਕਿ ਇਨ੍ਹਾਂ ਰਾਜਾਂ ਵਿਚ ਕੁਝ ਅਜਿਹੇ ਮੱਤਦਾਤਾ ਵੀ ਹਨ, ਜੋ ਅਜੇ ਜਕੋਤਕੀ ਵਿਚ ਹਨ। ਇਹ ਮੱਤਦਾਤਾ ਕਿਸੇ ਵੀ ਉਮੀਦਵਾਰ ਦੇ ਹੱਕ ਵਿਚ ਭੁਗਤ ਸਕਦੇ ਹਨ। ਪੈਨਸਿਲਵੇਨੀਆ ਵਿਚ ਮੱਤਦਾਤਾਵਾਂ ਨੇ ਕਿਹਾ ਹੈ ਕਿ ਉਹ 20% ਅੰਕਾਂ ਨਾਲ ਟਰੰਪ ਦੀ ਤੁਲਨਾ 'ਚ ਹੈਰਿਸ ਉਪਰ ਭਰੋਸਾ ਰੱਖਦੇ ਹਨ। ਇਨ੍ਹਾਂ ਮੱਤਦਾਤਾਵਾਂ ਦੀ ਨਜ਼ਰ ਵਿਚ ਹੈਰਿਸ ਵਧੀਆ ਢੰਗ ਨਾਲ ਗਰਭਪਾਤ ਦੇ ਮੁੱਦੇ ਨੂੰ ਨਜਿੱਠ ਸਕਦੇ ਹਨ। ਪੈਨਸਿਲਵੇਨੀਆ 'ਚ ਅਰਥ ਵਿਵਸਥਾ ਦੇ ਮੁੱਦੇ 'ਤੇ ਟਰੰਪ 11 ਅੰਕਾਂ ਨਾਲ ਅੱਗੇ ਹਨ, ਜਦਕਿ ਸਤੰਬਰ 'ਚ ਕੀਤੇ ਸਰਵੇ ਵਿਚ ਟਰੰਪ 4 ਅੰਕਾਂ ਨਾਲ ਅੱਗੇ ਸਨ। ਐਰੀਜ਼ੋਨਾ ਵਿਚ ਟਰੰਪ ਪਹਿਲਾਂ ਕੀਤੇ ਸਰਵੇ ਵਿਚ ਵੀ 6 ਅੰਕਾਂ ਨਾਲ ਅੱਗੇ ਸਨ। ਅਰਥ ਵਿਵਸਥਾ ਦੇ ਮੁੱਦੇ 'ਤੇ ਟਰੰਪ ਐਰੀਜ਼ੋਨਾ ਵਿਚ ਹੈਰਿਸ ਨਾਲੋਂ 15 ਅੰਕਾਂ ਨਾਲ ਅੱਗੇ ਹਨ।

# ਅਮਰੀਕੀ ਰੈਪਰ ਸੀਨ ਕੋਂਬਸ ਖਿਲਾਫ਼ 6 ਲੋਕਾਂ ਵੱਲੋਂ ਜਿਨਸੀ ਸ਼ੋਸ਼ਣ ਦੇ ਕੇਸ ਦਰਜ



**ਨਿਊਯਾਰਕ, (ਪੰਜਾਬ ਮੇਲ)-** 'ਡਿਡੀ' ਦੇ ਨਾਂ ਨਾਲ ਜਾਣੇ ਜਾਂਦੇ ਅਮਰੀਕੀ ਰੈਪਰ ਸੀਨ ਕੋਂਬਸ ਦੇ ਖਿਲਾਫ ਸੋਮਵਾਰ ਨੂੰ ਔਰਤਾਂ, ਮਰਦਾਂ ਦਾ ਜਿਨਸੀ ਸ਼ੋਸ਼ਣ ਕਰਨ ਅਤੇ 16 ਸਾਲਾ ਮੁੰਡੇ ਨਾਲ ਬਦਫੈਲੀ ਕਰਨ ਦੇ ਦੋਸ਼ਾਂ ਤਹਿਤ ਨਵੇਂ ਕੇਸ ਦਰਜ ਕੀਤੇ ਗਏ। ਇਹ ਪਹਿਲੀ ਵਾਰ ਹੈ, ਜਦੋਂ ਕਿਸੇ ਅਮਰੀਕੀ ਰੈਪਰ 'ਤੇ ਨਾਬਾਲਗ ਨਾਲ ਜਿਨਸੀ ਸ਼ੋਸ਼ਣ ਦਾ ਦੋਸ਼ ਲੱਗਾ ਹੈ। ਮੈਨਹਟਨ ਦੀ ਸੰਘੀ ਅਦਾਲਤ ਵਿਚ ਕੋਂਬਸ ਖਿਲਾਫ ਘੱਟੋ-ਘੱਟ 6 ਮੁਕੱਦਮੇ ਦਾਇਰ ਕੀਤੇ ਗਏ ਹਨ। ਹਾਲਾਂਕਿ ਉਸ ਨੇ ਸਾਰੇ ਮੁਕੱਦਮਿਆਂ ਤੋਂ ਇਨਕਾਰ ਕੀਤਾ ਹੈ। ਇਹ ਮੁਕੱਦਮੇ ਗੁੰਮਨਾਮ ਦਰਜ ਕੀਤੇ ਗਏ ਹਨ, ਤਾਂ ਜੋ ਮੁਲਜ਼ਮਾਂ ਦੀ ਪਛਾਣ ਲੁਕਾਈ ਜਾ ਸਕੇ।

ਇਨ੍ਹਾਂ ਵਿਚੋਂ ਦੋ ਔਰਤਾਂ ਨੂੰ ਜੇਨ ਡੂਜ਼ ਨਾਮ, ਜਦਕਿ 4 ਪੁਰਸ਼ ਮੁਲਜ਼ਮਾਂ ਨੂੰ ਜੌਨ ਡੂਜ਼ ਨਾਮ ਦਿੱਤਾ ਗਿਆ ਹੈ। ਉਨ੍ਹਾਂ ਨੇ ਦੋਸ਼ ਲਗਾਇਆ ਕਿ ਕੋਂਬਸ ਨੇ ਆਪਣੇ ਰੁਤਬੇ ਦਾ ਇਸਤੇਮਾਲ ਕਰਕੇ ਉਨ੍ਹਾਂ ਦਾ ਜਿਨਸੀ ਸ਼ੋਸ਼ਣ ਕੀਤਾ। ਕੁਝ ਨੇ ਦੋਸ਼ ਲਗਾਇਆ ਕਿ ਰੈਪਰ ਨੇ ਉਨ੍ਹਾਂ 'ਤੇ ਹਮਲਾ ਕੀਤਾ ਅਤੇ ਉਨ੍ਹਾਂ ਨੂੰ ਨਸ਼ੀਲਾ ਪਦਾਰਥ ਦਿੱਤਾ। ਕੁਝ ਹੋਰਾਂ ਨੇ ਦੋਸ਼ ਲਾਇਆ ਕਿ ਕੋਂਬਸ ਨੇ ਉਨ੍ਹਾਂ ਨੂੰ ਇਨਕਾਰ ਕਰਨ ਜਾਂ ਉਸਦੇ ਖਿਲਾਫ ਬੋਲਣ 'ਤੇ ਜਾਨੋਂ ਮਾਰਨ ਦੀ ਧਮਕੀ ਵੀ ਦਿੱਤੀ। ਮੁਕੱਦਮਿਆਂ ਵਿਚ ਇਹ ਕਥਿਤ ਅਪਰਾਧ 90 ਦੇ ਦਹਾਕੇ ਦੇ ਅੱਧ ਵਿਚ ਹੋਏ ਦੱਸੇ ਗਏ ਹਨ। ਇਨ੍ਹਾਂ ਮੁਕੱਦਮਿਆਂ ਨਾਲ ਕੋਂਬਜ਼ ਦੀਆਂ ਮੁਸੀਬਤਾਂ ਹੋਰ ਵੱਧ ਗਈਆਂ ਹਨ, ਜੋ ਪਹਿਲਾਂ ਹੀ ਵੇਸਵਾਗਮਨੀ ਅਤੇ ਤਸਕਰੀ ਦੇ ਦੋਸ਼ਾਂ ਦਾ ਸਾਹਮਣਾ ਕਰ ਰਿਹਾ ਹੈ। ਉਸ ਨੂੰ ਇਨ੍ਹਾਂ ਦੋਸ਼ਾਂ ਤਹਿਤ 16 ਸਤੰਬਰ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ।

# ਟੈਸਲਾ ਦੇ ਸ਼ੇਅਰ ਕਰੈਸ਼ ਹੋਣ ਕਾਰਨ ਐਲੋਨ ਮਸਕ ਦੀ ਕੁੱਲ ਸੰਪਤੀ 15 ਬਿਲੀਅਨ ਡਾਲਰ ਘਟੀ



**ਵਾਸ਼ਿੰਗਟਨ, (ਰਾਜ ਗੋਗਨਾ/ ਪੰਜਾਬ ਮੇਲ)-** ਐਲੋਨ ਮਸਕ ਜੋ ਟੇਸਲਾ ਦੇ 13 ਪ੍ਰਤੀਸ਼ਤ ਸ਼ੇਅਰਾਂ ਦੇ ਮਾਲਕ ਹਨ। ਟੈਸਲਾ ਦੇ ਸ਼ੇਅਰ ਹੁਣ 238 ਡਾਲਰ ਤੋਂ 217 ਡਾਲਰ ਤੱਕ ਡਿੱਗ ਗਏ ਹਨ। ਟੈਸਲਾ ਦੇ ਰੋਬੋਟੈਕਸਿਸ ਪ੍ਰੋਗਰਾਮ ਵਿਚ ਸੈਲਫ-ਡਰਾਈਵਿੰਗ ਟੈਕਸੀਆਂ ਨੂੰ ਪੇਸ਼ ਕੀਤਾ ਗਿਆ ਸੀ। ਹਾਲਾਂਕਿ, ਇਸ ਟੈਕਸੀ ਬਾਰੇ ਕੋਈ ਖਾਸ ਜਾਣਕਾਰੀ ਨਹੀਂ ਦਿੱਤੀ ਗਈ ਸੀ, ਨਿਵੇਸ਼ਕ ਅਤੇ ਵਾਲ ਸਟਰੀਟ ਦੇ ਵਿਸ਼ਲੇਸ਼ਕ ਇਸ ਤੋਂ ਖਾਸ ਪ੍ਰਭਾਵਿਤ ਨਹੀਂ ਹੋਏ ਅਤੇ ਕੰਪਨੀ ਦੇ ਸ਼ੇਅਰ ਵੱਡੇ ਪੱਧਰ 'ਤੇ ਡਿੱਗ ਗਏ। ਟੈਸਲਾ ਦੇ ਸ਼ੇਅਰਾਂ 'ਚ ਗਿਰਾਵਟ ਕਾਰਨ ਐਲੋਨ ਮਸਕ ਦੀ ਜਾਇਦਾਦ 'ਚ ਵੱਡੀ ਗਿਰਾਵਟ ਦੇਖਣ ਨੂੰ ਮਿਲੀ ਹੈ। ਮਸਕ ਕੋਲ ਟੈਸਲਾ ਦੇ 13 ਪ੍ਰਤੀਸ਼ਤ ਸ਼ੇਅਰ ਹਨ। ਟੈਸਲਾ ਦੇ ਸ਼ੇਅਰ 238.77 ਡਾਲਰ ਤੋਂ 217.80 ਡਾਲਰ ਤੱਕ 9 ਪ੍ਰਤੀਸ਼ਤ ਡਿੱਗ ਗਏ ਹਨ। ਬਲੂਮਬਰਗ ਬਿਲੀਨੇਅਰਸ ਇੰਡੈਕਸ ਦੇ ਅਨੁਸਾਰ, ਅਮਰੀਕੀ ਸਟਾਕ ਬਾਜ਼ਾਰਾਂ ਦੇ ਬੰਦ ਹੋਣ ਤੋਂ ਬਾਅਦ ਮਸਕ ਦੀ ਕੁੱਲ ਜਾਇਦਾਦ 15 ਬਿਲੀਅਨ ਘੱਟ ਗਈ ਹੈ। 240 ਬਿਲੀਅਨ ਡਾਲਰ ਦੀ ਕੁੱਲ ਜਾਇਦਾਦ ਦੇ ਨਾਲ, ਮਸਕ ਦੁਨੀਆਂ ਦਾ ਸਭ ਤੋਂ ਅਮੀਰ ਵਿਅਕਤੀ ਹੈ। ਜ਼ਿਕਰਯੋਗ ਹੈ ਕਿ ਟੈਸਲਾ ਦੇ ਸ਼ੇਅਰ ਜੁਲਾਈ 'ਚ ਸਭ ਤੋਂ ਉੱਚੇ ਪੱਧਰ 'ਤੇ ਪਹੁੰਚ ਗਏ ਸਨ। ਇਸ ਤੋਂ ਬਾਅਦ ਅਗਸਤ ਦੀ ਸ਼ੁਰੂਆਤ ਤੋਂ ਹੀ ਕੰਪਨੀ ਦੇ ਸ਼ੇਅਰਾਂ 'ਚ ਗਿਰਾਵਟ ਆਉਣੀ ਸ਼ੁਰੂ ਹੋ ਗਈ। ਹਾਲਾਂਕਿ, ਸਤੰਬਰ ਵਿਚ, ਟੈਸਲਾ ਦੇ ਸਟਾਕ ਦੀਆਂ ਕੀਮਤਾਂ ਫਿਰ ਤੋਂ ਵਧਣੀਆਂ ਸ਼ੁਰੂ ਹੋ ਗਈਆਂ, ਜਿਸ ਕਾਰਨ ਮਸਕ ਦੀ ਜਾਇਦਾਦ ਮੈਕਡੋਨਲਡ ਅਤੇ ਪੈਪਸੀ ਨਾਲੋਂ ਵੱਧ ਗਈ। ਟੈਕਸੀ ਬਾਰੇ ਵਿਸਥਾਰਪੂਰਵਕ ਜਾਣਕਾਰੀ ਦੀ ਘਾਟ ਕਾਰਨ ਕੰਪਨੀ ਦੇ ਭਵਿੱਖ ਦੇ ਉਤਪਾਦਾਂ ਅਤੇ ਇਸ ਦੇ ਲਾਂਚ ਦੇ ਨਿਰਧਾਰਤ ਸਮੇਂ ਨੂੰ ਲੈ ਕੇ ਸ਼ੰਕੇ ਖੜ੍ਹੇ ਕਰ ਰਹੇ ਹਨ, ਜਿਸ ਕਾਰਨ ਲੋਕਾਂ ਨੇ ਕੰਪਨੀ ਦੇ ਸ਼ੇਅਰ ਵੇਚ ਦਿੱਤੇ ਅਤੇ ਸ਼ੇਅਰ ਦੀ ਕੀਮਤ ਡਿੱਗ ਗਈ ਹੈ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com



# ਸਿੱਖਸ ਆਫ਼ ਅਮਰੀਕਾ ਨੇ ਫਲੋਰੀਡਾ 'ਚ ਤੂਫ਼ਾਨ ਤੇ ਹੜ੍ਹ ਪ੍ਰਭਾਵਿਤ ਖੇਤਰਾਂ 'ਚ ਫਸੇ ਲੋਕਾਂ ਦੀ ਕੀਤੀ ਮਦਦ


ਵਾਸ਼ਿੰਗਟਨ, (ਰਾਜ ਗੋਗਨਾ/ ਪੰਜਾਬ ਮੇਲ)- ਸਿੱਖਸ ਆਫ ਅਮੈਰਿਕਾ ਦੇ ਚੇਅਰਮੈਨ ਜਸਦੀਪ ਸਿੰਘ ਜੱਸੀ ਦੀ ਅਗਵਾਈ 'ਚ ਸਿੱਖਸ ਆਫ ਅਮਰੀਕਾ ਵਲੋਂ ਫਲੋਰੀਡਾ ਰਾਜ ਦੇ ਲੇਕਲੈਂਡ ਅਤੇ ਟੈਂਪਾ ਨਾਂ ਦੇ ਸ਼ਹਿਰਾਂ 'ਚ ਤੂਫਾਨ ਹਰੀਕੇਨ ਮਿਲਟਨ ਦੇ ਝੰਬੇ ਤੇ ਹੜ੍ਹ 'ਚ ਫਸੇ ਲੋਕਾਂ ਦੀ ਮਦਦ ਲਈ ਇੱਕ ਵੱਡਾ ਉਪਰਾਲਾ ਕੀਤਾ ਗਿਆ। ਚੇਅਰਮੈਨ ਜੱਸੀ ਨੇ ਦੱਸਿਆ ਕਿ ਹੜ੍ਹ ਪ੍ਰਭਾਵਿਤ ਲੋਕਾਂ ਦੀ ਮਦਦ ਲਈ ਸਿੱਖਸ ਆਫ ਅਮਰੀਕਾ ਦੀ ਟੀਮ ਵਲੋਂ ਰਾਹਤ ਸਮੱਗਰੀ ਦਾ ਟਰੱਕ ਲੇਕਲੈਂਡ ਅਤੇ ਟੈਂਪਾ ਸ਼ਹਿਰਾਂ ਵਿਚ ਭੇਜਿਆ ਗਿਆ। ਸਿੱਖਸ ਆਫ ਅਮਰੀਕਾ ਦੇ ਡਾਇਰੈਕਟਰ ਤੇ ਕੰਟਰੀ ਕੋਆਰਡੀਨੇਟਰ ਵਰਿੰਦਰ ਸਿੰਘ ਦੀ ਅਗਵਾਈ 'ਚ ਜ਼ਿਆਦਾਤਰ ਲੋਕ ਆਪਣੀਆਂ ਗੱਡੀਆਂ ਵਿਚ ਰਾਸ਼ਨ ਵਗੈਰਾ ਲੈ ਕੇ ਜਾਂਦੇ ਰਹੇ ਪਰ ਕੁਝ ਘਰਾਂ ਵਿਚ ਪੁਲਿਸ ਨੇ ਛੋਟੀਆਂ ਕਿਸ਼ਤੀਆਂ ਰਾਹੀਂ ਇਹ ਸਮੱਗਰੀ ਪੁੱਜਦੀ ਕੀਤੀ। ਵੱਡੀ ਗਿਣਤੀ 'ਚ ਹੜ੍ਹ ਪ੍ਰਭਾਵਿਤ ਲੋਕਾਂ ਨੇ ਰਾਹਤ ਸਮੱਗਰੀ ਹਾਸਲ ਕੀਤੀ ਅਤੇ ਹਰ ਇਕ ਨੇ ਸਿੱਖਸ ਆਫ ਅਮਰੀਕਾ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਵੀ ਕੀਤੀ। ਸਿੱਖਸ ਆਫ ਅਮਰੀਕਾ ਦੇ ਚੇਅਰਮੈਨ ਜਸਦੀਪ ਸਿੰਘ ਜੱਸੀ ਅਤੇ ਸਮੁੱਚੀ ਸਿੱਖਸ ਆਫ ਅਮਰੀਕਾ ਦੇ ਅਹੁਦੇਦਾਰਾਂ ਅਤੇ ਡਾਇਰੈਕਟਰਾਂ ਨੇ ਵਰਿੰਦਰ ਸਿੰਘ ਅਤੇ ਉਸਦੇ ਸਾਥੀ ਵਾਲੰਟੀਅਰਾਂ ਦਾ ਬਹੁਤ ਧੰਨਵਾਦ ਕੀਤਾ। ਜੱਸੀ ਨੇ ਕਿਹਾ ਕਿ ਅਸੀਂ ਅਕਾਲ ਪੁਰਖ ਵਾਹਿਗੁਰੂ ਦਾ ਸ਼ੁਕਰਾਨਾ ਕਰਦੇ ਹਾਂ, ਜਿਨ੍ਹਾਂ ਨੇ ਸਿੱਖਸ ਆਫ ਅਮਰੀਕਾ ਦੀ ਟੀਮ ਦੇ ਸਿਰ 'ਤੇ ਹੱਥ ਰੱਖ ਕੇ ਇਹ ਸੇਵਾ ਕਰਵਾਈ।



ਜਸਦੀਪ ਸਿੰਘ ਜੱਸੀ (ਚੇਅਰਮੈਨ ਸਿੱਖਸ ਆਫ ਅਮਰੀਕਾ)







## ਇੰਡੀਆਨਾ 'ਚ ਭਾਰਤੀ ਦੀ ਹੱਤਿਆ ਦੇ ਸਬੰਧ 'ਚ ਕਾਤਲ ਨੂੰ 60 ਸਾਲ ਦੀ ਸਜ਼ਾ





ਕਾਤਲ ਜੌਰਡਨ ਐਂਡਰੇਡ ਦੀ ਤਸਵੀਰ ਅਤੇ ਮ੍ਰਿਤਕ ਵਰੁਣ ਰਾਜ ਪੁਚਾ ਦੀ ਫ਼ਾਈਲ ਫੋਟੋ।

ਨਿਊਯਾਰਕ, (ਰਾਜ ਗੋਗਨਾ/ ਪੰਜਾਬ ਮੇਲ)- ਅਮਰੀਕਾ ਦੇ ਸੂਬੇ ਇੰਡੀਆਨਾ 'ਚ ਇਕ ਤੇਲਗੂ ਮੂਲ ਦੇ ਭਾਰਤੀ ਵਰੁਣ ਰਾਜ ਪੁਚਾ ਦੀ ਬੇਰਹਿਮੀ ਨਾਲ ਚਾਕੂ ਮਾਰ ਕੇ ਹੱਤਿਆ ਕਰਨ ਦੇ ਦੋਸ਼ 'ਚ ਇੰਡੀਆਨਾ ਦੀ ਅਦਾਲਤ ਨੇ ਕਾਤਲ ਨੂੰ 60 ਸਾਲ ਦੀ ਸਜ਼ਾ ਸੁਣਾਈ ਹੈ। ਇਹ ਸਜ਼ਾ ਪੋਰਟਰ ਸੁਪੀਰੀਅਰ ਕੋਰਟ ਦੇ ਜੱਜ ਜੈਫਰੀ ਕਲਾਈਮਰ ਦੁਆਰਾ ਸੁਣਾਈ ਗਈ। ਇਹ ਦੁਖਦਾਈ ਘਟਨਾ ਪਿਛਲੇ ਸਾਲ 29 ਅਕਤੂਬਰ ਨੂੰ ਵਾਲਪੇਰਾਈਸੋ ਦੇ ਇੱਕ ਪਲੈਨੇਟ ਫਿਟਨੈਸ ਜਿਮ ਦੇ ਵਿਚ ਵਾਪਰੀ ਸੀ, ਜਿੱਥੇ ਐਂਡਰੇਡ ਨੇ ਭਾਰਤੀ ਮੂਲ ਦੇ ਵਰੁਣ ਰਾਜ ਪੁਚਾ 'ਤੇ ਹਮਲਾ ਕੀਤਾ ਸੀ ਅਤੇ ਉਸ ਦੇ ਸਿਰ ਵਿਚ ਚਾਕੂ ਨਾਲ ਵਾਰ ਕੀਤਾ ਸੀ, ਜਦੋਂਕਿ ਪੁਚਾ ਇੱਕ ਮਸਾਜ ਕੁਰਸੀ 'ਤੇ ਬੈਠਾ ਸੀ। ਵਰੁਣ ਦੀ ਨੌਂ ਦਿਨਾਂ ਬਾਅਦ ਫੋਰਟ ਵੇਨ ਦੇ ਇੱਕ ਹਸਪਤਾਲ ਵਿਚ ਮੌਤ ਹੋ ਗਈ ਸੀ। ਮ੍ਰਿਤਕ ਵਰੁਣ ਰਾਜ ਪੁਚਾ, ਜੋ ਕਿ ਵਲਪਾਰਾਈਸੋ ਯੂਨੀਵਰਸਿਟੀ ਵਿਚ ਕੰਪਿਊਟਰ ਸਾਇੰਸ ਵਿਚ ਮਾਸਟਰ ਦੀ ਡਿਗਰੀ ਕਰ ਰਿਹਾ ਸੀ। ਉਸ ਦੀ ਡਿਗਰੀ ਪੂਰੀ ਕਰਨ ਦੇ ਸਿਰਫ਼ ਦੋ ਮਹੀਨੇ ਹੀ ਰਹਿ ਗਏ ਸੀ।

# ਕਮਲਾ ਹੈਰਿਸ ਅਮਰੀਕੀ ਰਾਸ਼ਟਰਪਤੀ ਬਣਨ ਲਈ ਫਿੱਟ



ਵਾਸ਼ਿੰਗਟਨ, (ਰਾਜ ਗੋਗਨਾ/ ਪੰਜਾਬ ਮੇਲ)- ਚੋਣਾਂ ਬਾਰੇ ਕਈ ਪੋਲਾਂ ਵਿਚ ਕਮਲਾ ਹੈਰਿਸ ਅਤੇ ਡੋਨਾਲਡ ਟਰੰਪ ਵਿਚਕਾਰ ਕੰਡੇਦਾਰ ਟੱਕਰ ਦੇਖਣ ਨੂੰ ਮਿਲੀ ਹੈ। ਅਮਰੀਕੀ ਰਾਸ਼ਟਰਪਤੀ ਚੋਣਾਂ ਤੋਂ 23 ਦਿਨ ਪਹਿਲਾਂ ਡੈਮੋਕ੍ਰੇਟਿਕ ਪਾਰਟੀ ਦੀ ਉਮੀਦਵਾਰ ਕਮਲਾ ਹੈਰਿਸ ਨੇ ਆਪਣਾ ਮੈਡੀਕਲ ਰਿਕਾਰਡ ਜਾਰੀ ਕੀਤਾ ਹੈ। ਇਸ 'ਚ ਉਨ੍ਹਾਂ ਨੂੰ ਪੂਰੀ ਤਰ੍ਹਾਂ ਫਿੱਟ ਕਰਾਰ ਦਿੱਤਾ ਗਿਆ ਹੈ। ਆਪਣੇ ਫਿਟਨੈੱਸ ਰਿਕਾਰਡ ਦਾ ਖੁਲਾਸਾ ਕਰਦੇ ਹੋਏ ਕਮਲਾ ਨੇ ਰਿਪਬਲਿਕਨ ਪਾਰਟੀ ਦੇ ਉਮੀਦਵਾਰ ਡੋਨਾਲਡ ਟਰੰਪ ਤੋਂ ਆਪਣੇ ਸਿਹਤ ਰਿਕਾਰਡ ਦਾ ਖੁਲਾਸਾ ਕਰਨ ਦੀ ਵੀ ਮੰਗ ਕੀਤੀ ਹੈ। ਹੈਰਿਸ ਨੇ ਕਿਹਾ ਕਿ ਅਮਰੀਕੀ ਲੋਕਾਂ ਨੂੰ ਪਤਾ ਲੱਗੇ ਕਿ ਟਰੰਪ ਰਾਸ਼ਟਰਪਤੀ ਬਣਨ ਦੇ ਯੋਗ ਹੈ, ਜਾਂ ਨਹੀਂ। ਇਸ 'ਤੇ ਟਰੰਪ ਦੀ ਟੀਮ ਨੇ ਆਪਣਾ ਮੈਡੀਕਲ ਰਿਕਾਰਡ ਜਾਰੀ ਕੀਤੇ ਬਿਨਾਂ ਇਕ ਬਿਆਨ ਜਾਰੀ ਕਰਦਿਆਂ ਕਿਹਾ, "ਟਰੰਪ ਦੀ ਸਿਹਤ ਬਿਲਕੁਲ ਠੀਕ ਹੈ।" ਜਿਵੇਂ ਹੀ ਕਮਲਾ ਦਾ ਮੈਡੀਕਲ ਰਿਕਾਰਡ ਜਾਰੀ ਕੀਤਾ ਗਿਆ, ਉਸ ਦੀ ਟੀਮ ਨੇ ਐਕਸ 'ਤੇ ਲਿਖਿਆ ਹੈ ਕਿ "ਹੁਣ ਡੋਨਾਲਡ ਟਰੰਪ ਦੀ ਵਾਰੀ ਹੈ"। ਇਸ ਤੋਂ ਪਹਿਲਾਂ ਕਮਲਾ ਨੇ ਇਕ ਰੈਲੀ 'ਚ ਟਰੰਪ ਦੀ ਮਾਨਸਿਕ ਸਿਹਤ 'ਤੇ ਵੀ ਕਈ ਸਵਾਲ ਚੁੱਕੇ ਸਨ। ਦਰਅਸਲ, ਜਦੋਂ ਜੋਅ ਬਾਇਡਨ ਅਮਰੀਕੀ ਰਾਸ਼ਟਰਪਤੀ ਚੋਣ ਵਿਚ ਡੈਮੋਕ੍ਰੇਟਿਕ ਪਾਰਟੀ ਵੱਲੋਂ ਉਮੀਦਵਾਰ ਸਨ, ਤਾਂ ਟਰੰਪ ਨੇ ਉਮਰ ਅਤੇ ਫਿਟਨੈਸ ਨੂੰ ਲੈ ਕੇ ਕਈ ਸਵਾਲ ਚੁੱਕੇ ਸਨ। ਹੁਣ ਕਮਲਾ ਹੈਰਿਸ ਉਸੇ ਰਣਨੀਤੀ ਤਹਿਤ ਟਰੰਪ ਨੂੰ ਮਿਸਫਿਟ ਐਲਾਨਣਾ ਚਾਹੁੰਦੀ ਹੈ। ਟਰੰਪ 78 ਸਾਲ ਦੇ ਹਨ, ਜੋ ਰਾਸ਼ਟਰਪਤੀ ਬਾਇਡਨ ਤੋਂ ਸਿਰਫ 3 ਸਾਲ ਹੀ ਛੋਟੇ ਹਨ। ਜੇਕਰ ਟਰੰਪ ਰਾਸ਼ਟਰਪਤੀ ਚੋਣ ਜਿੱਤ ਜਾਂਦੇ ਹਨ, ਤਾਂ ਉਹ ਅਮਰੀਕੀ ਇਤਿਹਾਸ ਵਿਚ ਰਾਸ਼ਟਰਪਤੀ ਬਣਨ ਵਾਲੇ ਸਭ ਤੋਂ ਬਜ਼ੁਰਗ ਵਿਅਕਤੀ ਹੋਣਗੇ। ਜਦੋਂ ਬਾਇਡਨ 2020 ਵਿਚ ਅਮਰੀਕਾ ਦੇ ਰਾਸ਼ਟਰਪਤੀ ਬਣੇ, ਤਾਂ ਉਨ੍ਹਾਂ ਦੀ ਉਮਰ 77 ਸਾਲ ਦੀ ਸੀ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com

Global Allianz
LAW FIRM LLP
ਕਾਨੂੰਨੀ ਸਲਾਹਾਂ
- ਇਮੀਗਰੇਸ਼ਨ ਸੇਵਾਵਾਂ
- ਘਰੇਲੂ ਹਿੰਸਾ ਦੇ ਕੇਸ
- ਨਸ਼ਾ ਕਰਕੇ ਗੱਡੀ ਚਲਾਉਣਾ
- ਕੰਮ 'ਤੇ ਸੱਟ ਲਗਣਾ

Asylum & Deportation Defense



Atul Kapoor
C.E.O



Neat Allen Sawyer
Attorney at law

555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188

Designed By Punjab Mail USA

# ਕਮਲਾ ਹੈਰਿਸ ਵੱਲੋਂ ਰਾਸ਼ਟਰਪਤੀ ਦੀ ਦੌੜ 'ਚ ਸ਼ਾਮਲ ਹੋਣ ਤੋਂ ਬਾਅਦ 1 ਬਿਲੀਅਨ ਡਾਲਰ ਇਕੱਠੇ

**ਵਾਸ਼ਿੰਗਟਨ, (ਪੰਜਾਬ ਮੇਲ)**- ਕਿਸੇ ਵੀ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਨੇ ਦੌੜ ਵਿਚ ਦਾਖਲ ਹੋਣ ਤੋਂ ਬਾਅਦ ਇੰਨੀ ਤੇਜ਼ੀ ਨਾਲ ਪੈਸਾ ਇਕੱਠਾ ਨਹੀਂ ਕੀਤਾ ਗਿਆ ਹੈ। ਮੁਹਿੰਮ ਨੇ ਡੈਮੋਕਰੇਟਸ ਨੂੰ ਸੰਤੁਸ਼ਟ ਹੋਣ ਤੋਂ ਬਚਾਉਣ ਲਈ ਆਪਣੇ ਫੰਡ ਇਕੱਠਾ ਕਰਨ ਦੇ ਟੋਟਲ ਨੂੰ ਰੋਕ ਦਿੱਤਾ ਹੈ।



ਹੈਰਿਸ ਨੇ ਰਾਸ਼ਟਰਪਤੀ ਉਮੀਦਵਾਰ ਵਜੋਂ ਤਿੰਨ ਮਹੀਨਿਆਂ ਤੋਂ ਵੀ ਘੱਟ ਸਮੇਂ ਵਿਚ 1 ਬਿਲੀਅਨ ਡਾਲਰ ਇਕੱਠੇ ਕੀਤੇ ਹਨ।

ਉਪ-ਰਾਸ਼ਟਰਪਤੀ ਕਮਲਾ ਹੈਰਿਸ ਨੇ ਰਾਸ਼ਟਰਪਤੀ ਅਹੁਦੇ ਦੀ ਉਮੀਦਵਾਰ ਵਜੋਂ ਤਿੰਨ ਮਹੀਨਿਆਂ ਤੋਂ ਵੀ ਘੱਟ ਸਮੇਂ ਵਿਚ 1 ਬਿਲੀਅਨ ਡਾਲਰ ਇਕੱਠੇ ਕੀਤੇ ਹਨ, ਉਸ ਦੇ ਫੰਡ ਇਕੱਠਾ ਕਰਨ ਦੀ ਜਾਣਕਾਰੀ ਵਾਲੇ ਤਿੰਨ ਲੋਕਾਂ ਦੇ ਅਨੁਸਾਰ, ਇੱਕ ਕਮਾਲ ਦੀ ਰਕਮ ਜਿਸ ਨੇ ਸਾਬਕਾ ਰਾਸ਼ਟਰਪਤੀ ਡੋਨਾਲਡ ਜੇ. ਟਰੰਪ ਦੇ ਵਿਰੁੱਧ ਦੌੜ ਨੂੰ ਦੁਬਾਰਾ ਬਣਾਇਆ ਹੈ।

1 ਬਿਲੀਅਨ ਡਾਲਰ ਦੀ ਢੋਆ-ਢੁਆਈ, ਜਿਸ ਵਿਚ ਡੈਮੋਕ੍ਰੇਟਿਕ ਨੈਸ਼ਨਲ ਕਮੇਟੀ ਸਮੇਤ ਉਸਦੀ ਮੁਹਿੰਮ ਅਤੇ ਸੰਬੰਧਿਤ ਪਾਰਟੀ ਕਮੇਟੀਆਂ ਲਈ ਇਕੱਠੀ ਕੀਤੀ ਗਈ ਰਕਮ ਸ਼ਾਮਲ ਹੈ, ਨੂੰ ਟੈਲੀਵਿਜ਼ਨ ਅਤੇ ਡਿਜੀਟਲ ਇਸ਼ਤਿਹਾਰਬਾਜ਼ੀ ਦੀ ਇੱਕ ਲਹਿਰ ਅਤੇ ਸੱਤ ਲੜਾਈ ਦੇ ਮੈਦਾਨ ਰਾਜਾਂ ਅਤੇ ਇਸ ਤੋਂ ਬਾਹਰ ਦੇ ਦਫਤਰਾਂ ਅਤੇ ਸਟਾਫ ਦੇ ਵਿਸਤ੍ਰਿਤ ਸੰਚਾਲਨ 'ਤੇ ਖਰਚ ਕੀਤਾ ਜਾ ਰਿਹਾ ਹੈ। ਇਤਿਹਾਸਕ ਰਕਮ ਵਿਚ ਸਹਿਯੋਗੀ ਸੁਪਰ PACs ਨੂੰ ਦਾਨ ਕੀਤਾ ਪੈਸਾ ਸ਼ਾਮਲ ਨਹੀਂ ਹੈ।

ਹੈਰਿਸ ਮੁਹਿੰਮ ਨੇ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ। ਮੁਹਿੰਮ ਨੇ ਅਜੇ ਇਹ ਐਲਾਨ ਕਰਨਾ ਹੈ ਕਿ ਸਤੰਬਰ ਵਿਚ ਇਸਨੇ ਕਿੰਨਾ ਵਾਧਾ ਕੀਤਾ, ਅੰਸ਼ਕ ਤੌਰ 'ਤੇ ਚਿੰਤਾ ਦੇ ਬਾਹਰ ਕਿ ਦਾਨ ਦੇ ਵਾਧੇ ਬਾਰੇ ਸ਼ੇਖੀ ਮਾਰਨ ਨਾਲ ਦੌੜ ਦੇ ਅੰਤਮ ਹਫ਼ਤਿਆਂ ਵਿਚ ਦਾਨੀਆਂ ਦੀ ਦਿਲਚਸਪੀ ਘੱਟ ਸਕਦੀ ਹੈ, ਲੋਕਾਂ ਨੇ ਰਣਨੀਤੀ ਬਾਰੇ ਦੱਸਿਆ। ਹੈਰਿਸ ਮੁਹਿੰਮ ਅਰਬਪਤੀਆਂ ਦੁਆਰਾ ਫੰਡ ਪ੍ਰਾਪਤ ਰਿਪਬਲਿਕਨ ਸੁਪਰ PACs ਦੀ ਦੌੜ ਨੂੰ ਪ੍ਰਭਾਵਤ ਕਰਨ ਦੀ ਯੋਗਤਾ ਬਾਰੇ ਵੀ ਚਿੰਤਤ ਹੈ।

ਸਤੰਬਰ ਲਈ ਫੰਡ ਇਕੱਠਾ ਕਰਨ ਦੇ ਕੁੱਲ ਦਾ ਵੇਰਵਾ ਦੇਣ ਵਾਲੀਆਂ ਫੈਡਰਲ ਰਿਪੋਰਟਾਂ ਨੂੰ ਇਸ ਮਹੀਨੇ ਦੇ ਅੰਤ ਵਿਚ ਜਨਤਕ ਕਰਨ ਦੀ ਲੋੜ ਹੈ।

ਚਾਰ ਸਾਲ ਪਹਿਲਾਂ ਜੋਸੇਫ ਆਰ. ਬਾਇਡਨ ਅਤੇ ਮਿਸਟਰ ਟਰੰਪ ਸਮੇਤ ਪਿਛਲੇ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰਾਂ ਨੇ ਆਪਣੀਆਂ ਪਾਰਟੀਆਂ ਨਾਲ ਮਿਲ ਕੇ 1 ਬਿਲੀਅਨ ਡਾਲਰ ਤੋਂ ਵੱਧ ਇਕੱਠਾ ਕੀਤਾ ਹੈ। ਟਰੰਪ ਨੇ ਘੋਸ਼ਣਾ ਕੀਤੀ ਕਿ ਉਸਨੇ ਜੁਲਾਈ 2020 ਵਿਚ ਉਸ ਅੰਕ ਨੂੰ ਪਾਰ ਕਰ ਲਿਆ ਸੀ, ਜਦੋਂ ਉਹ ਕਈ ਸਾਲਾਂ ਤੋਂ ਆਪਣੀ ਮੁੜ ਚੋਣ ਲਈ ਫੰਡ ਇਕੱਠਾ ਕਰ ਰਿਹਾ ਸੀ।

ਇਹ ਪੂਰੀ ਗਤੀ ਹੈ, ਜਿਸ ਨਾਲ ਸ਼੍ਰੀਮਤੀ ਹੈਰਿਸ 1 ਬਿਲੀਅਨ ਡਾਲਰ ਥ੍ਰੈਸ਼ਹੋਲਡ ਤੱਕ ਪਹੁੰਚ ਗਈ ਹੈ, ਜੋ ਕਿ ਜ਼ਿਕਰਯੋਗ ਹੈ। ਇਹ ਮੰਨਿਆ ਜਾਂਦਾ ਹੈ ਕਿ ਕਿਸੇ ਵੀ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਨੇ ਦੌੜ ਵਿਚ ਦਾਖਲ ਹੋਣ ਤੋਂ ਬਾਅਦ ਇੰਨੀ ਤੇਜ਼ੀ ਨਾਲ ਵਾਧਾ ਨਹੀਂ ਕੀਤਾ ਹੈ। ਬੇਸ਼ੱਕ, ਆਧੁਨਿਕ ਰਾਜਨੀਤਿਕ ਇਤਿਹਾਸ ਵਿਚ ਕਿਸੇ ਨੇ ਵੀ ਆਮ ਚੋਣਾਂ ਦੇ ਮੱਧ ਵਿਚ ਪਾਰਟੀ ਦੇ ਸੰਭਾਵੀ ਉਮੀਦਵਾਰ ਦੀ ਥਾਂ ਨਹੀਂ ਲਈ ਹੈ।

ਸ਼੍ਰੀਮਤੀ ਹੈਰਿਸ ਨੇ ਜੁਲਾਈ ਅਤੇ ਅਗਸਤ ਦੋਵਾਂ 'ਚ ਟਰੰਪ ਦੀ ਨਕਦੀ ਨੂੰ ਦੁੱਗਣਾ ਕਰ ਦਿੱਤਾ। ਉਸਨੇ ਅਗਸਤ ਵਿਚ ਉਸਦੇ 130 ਮਿਲੀਅਨ ਡਾਲਰ ਦੇ ਮੁਕਾਬਲੇ 361 ਮਿਲੀਅਨ ਡਾਲਰ ਇਕੱਠੇ ਕੀਤੇ ਅਤੇ ਉਸਦੀ ਮੁਹਿੰਮ ਅਤੇ ਸਾਬਕਾ ਬਾਇਡਨ ਮੁਹਿੰਮ ਨੇ ਜੁਲਾਈ ਵਿਚ ਮਿਸਟਰ ਟਰੰਪ ਲਈ 139 ਮਿਲੀਅਨ ਡਾਲਰ ਦੇ ਮੁਕਾਬਲੇ 310 ਮਿਲੀਅਨ ਡਾਲਰ ਇਕੱਠੇ ਕੀਤੇ।

ਉਸ ਤੋਂ 160 ਮਿਲੀਅਨ ਡਾਲਰ ਆਸਾਨੀ ਨਾਲ ਦੁੱਗਣੇ ਹੋਣ ਦੀ ਉਮੀਦ ਹੈ, ਜੋ ਕਿ ਮਿਸਟਰ ਟਰੰਪ ਨੇ ਸਤੰਬਰ ਵਿਚ ਇਕੱਠਾ ਕੀਤਾ ਸੀ। ਉਸਨੇ ਪਿਛਲੇ ਮਹੀਨੇ ਦੇ ਅਖੀਰ ਵਿਚ ਸਿਰਫ ਤਿੰਨ ਈਵੈਂਟਾਂ ਵਿਚ 72 ਮਿਲੀਅਨ ਡਾਲਰ ਇਕੱਠੇ ਕੀਤੇ: ਨਿਊਯਾਰਕ 'ਚ ਇੱਕ ਈਵੈਂਟ ਵਿਚ 27 ਮਿਲੀਅਨ ਡਾਲਰ ਅਤੇ ਫਿਰ ਕੈਲੀਫੋਰਨੀਆ ਦੇ ਦੋ ਸਮਾਗਮਾਂ 'ਚ 55 ਮਿਲੀਅਨ ਡਾਲਰ।

# ਏ.ਆਰ. ਰਹਿਮਾਨ ਵੱਲੋਂ ਕਮਲਾ ਹੈਰਿਸ ਦੀ ਚੋਣ ਮੁਹਿੰਮ ਦੀ ਹਮਾਇਤ





**ਵਾਸ਼ਿੰਗਟਨ, (ਪੰਜਾਬ ਮੇਲ)**- ਉੱਘੇ ਸੰਗੀਤਕਾਰ ਏ.ਆਰ. ਰਹਿਮਾਨ ਨੇ ਉਪ ਰਾਸ਼ਟਰਪਤੀ ਕਮਲਾ ਹੈਰਿਸ ਦੇ ਸਮਰਥਨ ਵਿਚ ਆਪਣੇ ਸੰਗੀਤ ਪ੍ਰੋਗਰਾਮ ਦਾ 30 ਮਿੰਟ ਦਾ ਵੀਡੀਓ ਰਿਕਾਰਡ ਕਰਵਾਇਆ ਹੈ। ਇਸ ਨਾਲ 5 ਨਵੰਬਰ ਨੂੰ ਹੋਣ ਵਾਲੀ ਰਾਸ਼ਟਰਪਤੀ ਚੋਣ ਤੋਂ ਪਹਿਲਾਂ ਡੈਮੋਕਰੈਟਿਕ ਉਮੀਦਵਾਰ ਹੈਰਿਸ ਦੀ ਚੋਣ ਮੁਹਿੰਮ ਨੂੰ ਵੱਡਾ ਹੁੰਗਾਰਾ ਮਿਲਣ ਦੀ ਉਮੀਦ ਹੈ। ਰਹਿਮਾਨ (57) ਦੱਖਣੀ ਏਸ਼ੀਆ ਦੇ ਪਹਿਲੇ ਵੱਡੇ ਕੌਮਾਂਤਰੀ ਕਲਾਕਾਰ ਹਨ, ਜਿਨ੍ਹਾਂ ਨੇ ਭਾਰਤੀ-ਅਫਰੀਕੀ ਮੂਲ ਦੀ ਹੈਰਿਸ ਦਾ ਸਮਰਥਨ ਕੀਤਾ ਹੈ। 'ਏਸ਼ੀਅਨ ਅਮਰੀਕਨ ਪੈਸਿਫਿਕ ਆਇਲੈਂਡਰਜ਼ (ਏ.ਏ.ਪੀ.ਆਈ.) ਵਿਕਟਰੀ ਫੰਡ' ਦੇ ਪ੍ਰਧਾਨ ਸ਼ੇਖਰ ਨਰਸਿਮਹਾ ਨੇ ਕਿਹਾ, 'ਇਸ ਪੇਸ਼ਕਾਰੀ ਦੇ ਨਾਲ ਹੀ ਏ.ਆਰ. ਰਹਿਮਾਨ ਉਨ੍ਹਾਂ ਆਗੂਆਂ ਅਤੇ ਕਲਾਕਾਰਾਂ ਦੇ ਗਰੁੱਪ ਵਿਚ ਸ਼ਾਮਲ ਹੋ ਗਏ ਹਨ, ਜੋ ਅਮਰੀਕਾ ਵਿਚ ਪ੍ਰਗਤੀ ਤੇ ਨੁਮਾਇੰਦਗੀ ਦਾ ਸਮਰਥਨ ਕਰ ਰਹੇ ਹਨ।' ਉਨ੍ਹਾਂ ਕਿਹਾ, 'ਇਹ ਮਹਿਜ਼ ਸੰਗੀਤ ਪ੍ਰੋਗਰਾਮ ਤੋਂ ਕਿਤੇ ਵੱਧ ਹੈ, ਇਹ ਸਾਡੇ ਭਾਈਚਾਰਿਆਂ ਲਈ ਸੱਦਾ ਹੈ ਕਿ ਉਹ ਉਸ ਭਵਿੱਖ ਦੀ ਉਸਾਰੀ ਦੀ ਕਵਾਇਦ ਵਿਚ ਸ਼ਾਮਲ ਹੋਣ ਅਤੇ ਵੋਟ ਪਾਉਣ, ਜਿਸ ਨੂੰ ਅਸੀਂ ਦੇਖਣਾ ਚਾਹੁੰਦੇ ਹਾਂ।' ਭਾਰਤੀ ਸੰਗੀਤਕਾਰ ਤੇ ਗਾਇਕ ਰਹਿਮਾਨ ਨੇ ਹੈਰਿਸ ਦੀ ਮੁਹਿੰਮ ਦੇ ਸਮਰਥਨ ਵਿਚ 30 ਮਿੰਟ ਦਾ ਵੀਡੀਓ ਰਿਕਾਰਡ ਕੀਤਾ ਹੈ।

# ਅਮਰੀਕੀ ਚੋਣਾਂ: ਸਾਬਕਾ ਰਾਸ਼ਟਰਪਤੀ 'ਤੇ ਵਰ੍ਹੀ ਕਮਲਾ ਹੈਰਿਸ

**■ ਕਿਹਾ; ਅਮਰੀਕੀਆਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਟਰੰਪ ਕੋਲ ਕੋਈ ਯੋਜਨਾ ਨਹੀਂ**

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕਾ 'ਚ ਨਵੰਬਰ 'ਚ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ ਲਈ ਡੈਮੋਕ੍ਰੇਟਿਕ ਪਾਰਟੀ ਦੀ ਉਮੀਦਵਾਰ ਕਮਲਾ ਹੈਰਿਸ ਨੇ ਆਪਣੇ ਵਿਰੋਧੀ ਅਤੇ ਰਿਪਬਲਿਕਨ ਪਾਰਟੀ ਦੇ ਉਮੀਦਵਾਰ ਡੋਨਾਲਡ ਟਰੰਪ 'ਤੇ ਨਿਸ਼ਾਨਾ ਸਾਧਦੇ ਹੋਏ ਕਿਹਾ ਕਿ ਉਹ (ਟਰੰਪ) ਸਿਰਫ ਆਪਣੇ ਬਾਰੇ ਹੀ ਸੋਚਦੇ ਹਨ ਤੇ ਅਮਰੀਕੀਆਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਉਨ੍ਹਾਂ ਕੋਲ ਕੋਈ ਯੋਜਨਾ ਨਹੀਂ ਹੈ।

ਐਰੀਜ਼ੋਨਾ 'ਚ ਆਪਣੇ ਹਜ਼ਾਰਾਂ ਸਮਰਥਕਾਂ ਨੂੰ ਸੰਬੋਧਨ ਕਰਦੇ ਹੋਏ ਹੈਰਿਸ ਨੇ ਵੀਰਵਾਰ ਨੂੰ ਕਿਹਾ ਕਿ ਟਰੰਪ ਨੇ 5 ਨਵੰਬਰ ਨੂੰ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ ਤੋਂ ਪਹਿਲਾਂ ਅਧਿਕਾਰਤ ਤੌਰ 'ਤੇ ਕਿਸੇ ਤਰ੍ਹਾਂ ਦੀ ਬਹਿਸ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਉਨ੍ਹਾਂ ਇਸ ਨੂੰ ਵੋਟਰਾਂ ਨਾਲ 'ਬੇਇਨਸਾਫ਼ੀ' ਦੱਸਿਆ। ਹੈਰਿਸ ਨੇ ਕਿਹਾ ਕਿ ਮੈਨੂੰ ਇਹ ਵੀ ਲੱਗਦਾ ਹੈ ਕਿ ਇਹ ਉਨ੍ਹਾਂ ਦੀ ਤਰਫੋਂ ਬਹੁਤ ਕਮਜ਼ੋਰ ਕਦਮ ਹੈ। ਪਰ ਭਾਵੇਂ ਉਹ ਬਹਿਸ ਨਾ ਕਰਨ, ਇਸ ਚੋਣ ਵਿਚ ਅੰਤਰ ਪਹਿਲਾਂ ਹੀ ਸਪੱਸ਼ਟ ਹੈ ਕਿ ਦੇਸ਼ ਦੇ ਲੋਕਾਂ ਲਈ ਬਹੁਤ ਸਾਰੇ ਮੁੱਦੇ ਮਹੱਤਵਪੂਰਨ ਹਨ, ਪਰ ਟਰੰਪ ਕੋਲ ਉਨ੍ਹਾਂ ਬਾਰੇ ਕੁਝ ਵੀ ਨਹੀਂ ਹੈ। ਉਨ੍ਹਾਂ ਕਿਹਾ ਕਿ ਅਸੀਂ ਹਮੇਸ਼ਾ ਆਪਣੇ ਦੇਸ਼ ਨੂੰ ਸੁਰੱਖਿਅਤ ਰੱਖਣ ਅਤੇ ਆਪਣੇ ਸੈਨਿਕਾਂ ਦਾ ਸਨਮਾਨ ਕਰਨ ਲਈ ਲੜਾਂਗੇ। ਹੋਰ ਬਹੁਤ ਸਾਰੇ ਮੁੱਦੇ ਹਨ, ਜੋ ਤੁਹਾਡੇ ਅਤੇ ਤੁਹਾਡੇ ਪਰਿਵਾਰ ਲਈ ਮਹੱਤਵਪੂਰਨ ਹਨ... ਪਰ ਅਸੀਂ ਡੋਨਾਲਡ ਟਰੰਪ ਨੂੰ ਇਹ ਕਹਿੰਦੇ ਹੋਏ ਨਹੀਂ ਸੁਣਿਆ। ਅਸੀਂ ਉਨ੍ਹਾਂ ਨੂੰ ਇਨ੍ਹਾਂ ਮੁੱਦਿਆਂ 'ਤੇ ਗੱਲ ਕਰਦੇ ਨਹੀਂ ਸੁਣਇਆ।

ਅਮਰੀਕੀ ਉਪ ਰਾਸ਼ਟਰਪਤੀ ਨੇ ਕਿਹਾ ਕਿ ਇਨ੍ਹਾਂ ਮੁੱਦਿਆਂ 'ਤੇ ਗੱਲ ਕਰਨ ਦੀ ਬਜਾਏ ਟਰੰਪ ਕੋਲ ਉਹੀ ਪੁਰਾਣੀਆਂ ਥੱਕੀਆਂ ਚਾਲਾਂ ਹਨ। ਅਮਰੀਕੀ ਲੋਕਾਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਉਸ ਕੋਲ ਕੋਈ ਯੋਜਨਾ ਨਹੀਂ ਹੈ। ਉਸ ਦਾ ਧਿਆਨ ਸਿਰਫ਼ ਆਪਣੇ ਵੱਲ ਹੈ। ਹੈਰਿਸ ਨੇ ਕਿਹਾ ਕਿ ਹੁਣ ਬਦਲਾਅ ਦਾ ਸਮਾਂ ਆ ਗਿਆ ਹੈ ਅਤੇ ਅਮਰੀਕਾ ਨਵੀਂ ਆਸ਼ਾਵਾਦੀ ਲੀਡਰਸ਼ਿਪ ਨੂੰ ਅਪਣਾਉਣ ਲਈ ਤਿਆਰ ਹੈ।




# ਕੈਲੀਫੋਰਨੀਆ 'ਚ ਟਰੰਪ ਦੀ ਰੈਲੀ ਵਾਲੇ ਸਥਾਨ 'ਤੇ ਪੁਲਿਸ ਵੱਲੋਂ ਇਕ ਸ਼ੱਕੀ ਗ੍ਰਿਫ਼ਤਾਰ

## ■ ਵਿਅਕਤੀ ਨੇ ਪੁਲਿਸ ਦੇ ਦਾਅਵੇ ਨੂੰ ਝੂਠਾ ਤੇ ਅਪਮਾਨਜਨਕ ਦੱਸਿਆ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਲਾਸ ਵੇਗਾਸ ਪੁਲਿਸ ਵੱਲੋਂ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਚੋਣ ਰੈਲੀ ਵਾਲੇ ਸਥਾਨ ਤੋਂ ਇਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਪੁਲਿਸ ਨੂੰ ਸ਼ੱਕ ਹੈ ਕਿ ਉਹ "ਸੌਵਰਨ ਸਿਟੀਜ਼ਨ ਮੂਵਮੈਂਟ" ਨਾਲ ਸਬੰਧਤ ਹੈ ਤੇ ਉਹ ਟਰੰਪ ਲਈ ਖਤਰਾ ਬਣ ਸਕਦਾ ਹੈ। ਇਸੇ ਦੌਰਾਨ ਗ੍ਰਿਫਤਾਰ ਵਿਅਕਤੀ 49 ਸਾਲਾ ਵੇਮ ਮਿਲਰ ਨੇ ਇਕ ਆਨਲਾਈਨ ਵੀਡੀਓ ਬਿਆਨ ਵਿਚ ਪੁਲਿਸ ਦੇ ਦਾਅਵੇ ਨੂੰ ਝੂਠਾ ਤੇ ਅਪਮਾਨਜਨਕ ਦੱਸਿਆ ਹੈ ਤੇ ਕਿਹਾ ਹੈ ਕਿ ਉਹ ਰਿਪਬਲੀਕਨ ਪਾਰਟੀ ਦੇ ਰਾਸ਼ਟਰਪਤੀ ਅਹੁਦੇ ਲਈ ਉਮੀਦਵਾਰ ਟਰੰਪ ਦਾ ਕੱਟੜ ਸਮਰਥਕ ਹੈ। ਮਿਲਰ ਨੇ ਅਧਿਕਾਰੀਆਂ ਵਿਰੁੱਧ ਮੁਕੱਦਮਾ ਦਾਇਰ ਕਰਨ ਦੀ ਚਿਤਾਵਨੀ ਵੀ ਦਿੱਤੀ ਹੈ। ਮਿਲਰ ਨੇ ਕਿਹਾ ਹੈ ਕਿ ਮੈਂ ਆਨਲਾਈਨ ਬਿਆਨ ਇਸ ਲਈ ਜਾਰੀ ਕੀਤਾ ਹੈ ਕਿਉਂਕਿ ਮੈਨੂੰ ਆਏ ਫੋਨਾਂ ਤੋਂ ਪਤਾ ਲੱਗਾ ਹੈ ਕਿ ਪੁਲਿਸ ਅਧਿਕਾਰੀਆਂ ਵੱਲੋਂ ਮੇਰੇ ਬਾਰੇ ਝੂਠੇ ਤੇ ਅਪਮਾਨਜਨਕ ਬਿਆਨ ਜਾਰੀ ਕੀਤੇ ਗਏ ਹਨ। ਦੂਸਰੇ ਪਾਸੇ ਪੁਲਿਸ ਆਪਣੇ ਬਿਆਨ 'ਤੇ ਕਾਇਮ ਹੈ। ਰਿਵਰਸਾਈਡ ਕਾਊਂਟੀ ਸ਼ੈਰਿਫ ਚਾਡ ਬਿਆਨਕੋ ਨੇ ਕਿਹਾ ਹੈ ਕਿ ਉਹ ਆਪਣੇ ਬਿਆਨ ਅਤੇ ਵਿਭਾਗ ਦੁਆਰਾ ਕੀਤੀ ਕਾਰਵਾਈ 'ਤੇ ਕਾਇਮ ਹੈ। ਉਨ੍ਹਾਂ ਕਿਹਾ ਕਿ ਜੇਕਰ ਭਵਿੱਖ ਵਿਚ ਵੀ ਅਜਿਹਾ ਕੁਝ ਵਾਪਰਦਾ ਹੈ, ਤਾਂ ਉਹ ਮਾਮਲੇ ਨੂੰ ਇਸੇ ਢੰਗ ਤਰੀਕੇ ਨਾਲ ਨਜਿੱਠਣਗੇ।

ਵੀਡੀਓ ਬਿਆਨ ਵਿਚ ਮਿਲਰ ਨੇ ਕਿਹਾ ਹੈ ਕਿ "ਉਸ ਨੇ 2022 ਵਿਚ ਇਕ ਰਿਪਬਲੀਕਨ ਵਜੋਂ ਦਫਤਰ ਦਾ ਕੰਮ ਕੀਤਾ ਸੀ। 2000 ਤੋਂ ਉਹ ਨੇਵਾਡਾ ਵਿਚ ਰਿਪਬਲੀਕਨ ਪਾਰਟੀ ਦੀਆਂ ਗਤੀਵਿਧੀਆਂ ਵਿਚ ਹਿੱਸਾ ਲੈਂਦਾ ਆ ਰਿਹਾ ਹੈ। ਮੈਂ ਟਰੰਪ ਲਈ ਵੋਟਾਂ ਜੁਟਾ ਰਿਹਾ ਹਾਂ ਤੇ ਮੈ ਟਰੰਪ ਟੀਮ ਦਾ ਆਗੂ ਵੀ ਹਾਂ।" ਉਸ ਨੇ ਹੋਰ ਕਿਹਾ ਹੈ ਕਿ ਨੇਵਾਡਾ ਰਿਪਬਲੀਕਨ ਪਾਰਟੀ ਦੇ ਮੈਂਬਰਾਂ ਵੱਲੋਂ ਵਿਸ਼ੇਸ਼ ਤੌਰ 'ਤੇ ਸੱਦਾ ਦਿੱਤੇ ਜਾਣ ਉਪਰੰਤ ਉਸ ਨੇ ਰਿਵਰਸਾਈਡ ਕਾਊਂਟੀ ਵਿਚ ਕੈਲਹੌਨ ਰੈਂਚ ਵਿਖੇ ਟਰੰਪ ਦੀ ਰੈਲੀ ਵਿਚ ਸ਼ਾਮਲ ਹੋਣ ਦਾ ਨਿਰਣਾ ਲਿਆ ਸੀ। ਨੇਵਾਡਾ ਵਿਚਲੇ ਰਿਪਬਲੀਕਨ ਪਾਰਟੀ ਦੇ ਅਹੁੱਦੇਦਾਰਾਂ ਨੇ ਮਿਲਰ ਦੇ ਬਿਆਨ 'ਤੇ ਆਪਣਾ ਕੋਈ ਪ੍ਰਤੀਕਰਮ ਨਹੀਂ ਦਿੱਤਾ।



ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਦੀ ਰੈਲੀ 'ਚ ਚੌਕਸੀ ਰਖਦੇ ਹੋਏ ਸੁਰੱਖਿਆ ਬਲਾਂ ਦੇ ਜਵਾਨ।


ਵੀਡੀਓ ਬਿਆਨ 'ਚ ਨਜ਼ਰ ਆ ਰਿਹਾ ਸ਼ੱਕੀ ਵੇਮ ਮਿਲਰ।

## ਟਰੰਪ 'ਤੇ ਹੋ ਚੁੱਕੇ ਹਨ ਕਈ ਹਮਲੇ

13 ਜੁਲਾਈ ਨੂੰ ਪੈਨਸਿਲਵੇਨੀਆ 'ਚ ਇਕ ਰੈਲੀ ਦੌਰਾਨ ਟਰੰਪ 'ਤੇ ਜਾਨਲੇਵਾ ਹਮਲਾ ਹੋਇਆ ਸੀ। ਉਸ ਸਮੇਂ ਟਰੰਪ 'ਤੇ ਗੋਲੀ ਚਲਾਈ ਗਈ, ਜੋ ਉਨ੍ਹਾਂ ਦੇ ਕੰਨ ਨੂੰ ਛੂਹ ਕੇ ਲੰਘ ਗਈ ਸੀ। ਇਸ ਹਮਲੇ 'ਚ ਉਹ ਜ਼ਖ਼ਮੀ ਹੋ ਗਏ। ਟਰੰਪ 'ਤੇ ਹਮਲਾ ਕਰਨ ਵਾਲੇ ਵਿਅਕਤੀ ਦੀ ਪਛਾਣ 20 ਸਾਲਾ ਥਾਮਸ ਕਰੂਕਸ ਵਜੋਂ ਹੋਈ ਸੀ, ਜਿਸ ਨੂੰ ਸੀਕਰੇਟ ਸਰਵਿਸ ਦੇ ਸਨਾਈਪਰ ਨੇ ਗੋਲੀ ਮਾਰ ਦਿੱਤੀ ਸੀ।

ਟਰੰਪ ਨੂੰ 16 ਸਤੰਬਰ ਨੂੰ ਵੀ ਨਿਸ਼ਾਨਾ ਬਣਾਇਆ ਗਿਆ ਸੀ। ਟਰੰਪ 'ਤੇ ਇਹ ਹਮਲਾ ਉਸ ਸਮੇਂ ਹੋਇਆ, ਜਦੋਂ ਉਹ ਫਲੋਰੀਡਾ ਦੇ ਗੋਲਫ ਕੋਰਸ ਖੇਤਰ 'ਚ ਗੋਲਫ ਖੇਡ ਰਹੇ ਸਨ। ਇਸ ਮਾਮਲੇ ਵਿਚ ਪੁਲਿਸ ਨੇ ਰਿਆਨ ਵੇਸਲੇ ਰੂਥ ਨਾਮਕ ਹਮਲਾਵਰ ਨੂੰ ਗ੍ਰਿਫ਼ਤਾਰ ਕੀਤਾ ਸੀ। ਉਹ ਵਰਤਮਾਨ ਵਿਚ ਹਵਾਈ ਵਿਚ ਰਹਿੰਦਾ ਹੈ ਅਤੇ ਉਸਦੇ ਖਿਲਾਫ ਇੱਕ ਦਰਜਨ ਤੋਂ ਵੱਧ ਕੇਸ ਦਰਜ ਹਨ। ਉਹ ਮੂਲ ਤੌਰ 'ਤੇ ਉੱਤਰੀ ਕੈਰੋਲੀਨਾ ਦਾ ਰਹਿਣ ਵਾਲਾ ਹੈ, ਜਿੱਥੇ ਉਸ ਨੂੰ ਨਸ਼ੀਲੇ ਪਦਾਰਥ ਰੱਖਣ, ਬਿਨਾਂ ਲਾਇਸੈਂਸ ਤੋਂ ਡਰਾਈਵਿੰਗ ਕਰਨ ਅਤੇ ਹੋਰ ਦੋਸ਼ਾਂ 'ਤੇ ਗ੍ਰਿਫਤਾਰ ਕੀਤਾ ਗਿਆ ਹੈ। ਉਸ ਨੂੰ ਮਾਰਟਿਨ ਕਾਉਂਟੀ ਦੇ ਟ੍ਰੈਫਿਕ ਸਿਗਨਲ 'ਤੇ ਗ੍ਰਿਫਤਾਰ ਕੀਤਾ ਗਿਆ ਸੀ।

# ਅਮਰੀਕਾ ਦੇ ਟਰਲੱਕ ਸਥਿਤ ਗੁਰੂਘਰ ਅੰਦਰ ਵਿਅਕਤੀ ਵੱਲੋਂ ਗੋਲੀ ਮਾਰ ਕੇ ਖੁਦਕੁਸ਼ੀ

**ਟਰਲੱਕ, (ਪੰਜਾਬ ਮੇਲ)-** ਕੈਲੀਫੋਰਨੀਆ ਦੇ ਟਰਲੱਕ ਸਥਿਤ ਗੁਰਦੁਆਰਾ ਸਾਹਿਬ ਦੇ ਅੰਦਰ ਇਕ ਵਿਅਕਤੀ ਵੱਲੋਂ ਗੋਲੀ ਮਾਰ ਕੇ ਖ਼ੁਦਕੁਸ਼ੀ ਕਰਨ ਦਾ ਦੁੱਖਦ ਸਮਾਚਾਰ ਪ੍ਰਾਪਤ ਹੋਇਆ ਹੈ।

ਜਾਣਕਾਰੀ ਮੁਤਾਬਕ ਸਵੇਰੇ ਕਰੀਬ ਸਵਾ 9 ਵਜੇ ਟਰਲੱਕ ਪੁਲਿਸ ਨੂੰ ਇਕ ਵਿਅਕਤੀ ਨੇ ਫ਼ੋਨ ਕਰਕੇ ਸੂਚਨਾ ਦਿੱਤੀ ਸੀ ਕਿ ਕਿਸੇ ਵਿਅਕਤੀ ਨੇ ਗੁਰਦੁਆਰਾ ਸਾਹਿਬ ਦੇ ਅਰਦਾਸ ਹਾਲ 'ਚ ਖ਼ੁਦ ਨੂੰ ਗੋਲੀ ਮਾਰ ਲਈ ਹੈ, ਜਿਸ ਕਾਰਨ ਉਸ ਦੀ ਮੌਤ ਹੋ ਗਈ ਹੈ।

ਇਸ ਸੂਚਨਾ 'ਤੇ ਤੁਰੰਤ ਕਾਰਵਾਈ ਕਰਦਿਆਂ ਟਰਲੱਕ ਪੁਲਿਸ ਟਰਲੱਕ ਦੀ 5ਵੀਂ ਸਟ੍ਰੀਟ ਦੇ 1300 ਬਲਾਕ ਸਥਿਤ ਗੁਰਦੁਆਰਾ ਸਾਹਿਬ ਵਿਖੇ ਫਾਇਰ ਬ੍ਰਿਗੇਡ ਤੇ ਮੈਡੀਕਲ ਟੀਮਾਂ ਸਣੇ ਮੌਕੇ 'ਤੇ ਪਹੁੰਚ ਗਈਆਂ। ਇਸ ਮਗਰੋਂ ਪੁਲਿਸ ਅਧਿਕਾਰੀਆਂ ਨੇ ਮੌਕੇ 'ਤੇ ਪਹੁੰਚ ਕੇ ਜਾਂਚ ਕੀਤੀ, ਤਾਂ ਵਿਅਕਤੀ ਨੂੰ ਮ੍ਰਿਤਕ ਐਲਾਨ ਦਿੱਤਾ। ਵਾਰਦਾਤ ਦੌਰਾਨ ਵਰਤਿਆ ਗਿਆ ਹਥਿਆਰ ਵੀ ਬਰਾਮਦ ਕਰ ਲਿਆ ਗਿਆ ਹੈ। ਫਿਲਹਾਲ ਪੁਲਿਸ ਮ੍ਰਿਤਕ ਦੀ ਪਛਾਣ ਕਰਨ ਦੀਆਂ ਕੋਸ਼ਿਸ਼ਾਂ 'ਚ ਜੁਟੀ ਹੋਈ ਹੈ। ਇਲਾਕੇ ਦੀ ਘੇਰਾਬੰਦੀ ਕਰ ਲਈ ਹੈ ਤੇ ਇਸ ਮਾਮਲੇ ਦੀ ਅਗਲੇਰੀ ਜਾਂਚ ਪੁਲਿਸ ਵੱਲੋਂ ਸ਼ੁਰੂ ਕਰ ਦਿੱਤੀ ਗਈ ਹੈ।

# ਟਰੰਪ ਵੱਲੋਂ ਫੌਕਸ ਨਿਊਜ਼ ਦੇ ਬਹਿਸ ਦਾ ਪ੍ਰਸਤਾਵ ਰੱਦ

**ਵਾਸ਼ਿੰਗਟਨ, (ਪੰਜਾਬ ਮੇਲ)-** ਸਾਬਕਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਅਕਤੂਬਰ ਦੇ ਅਖੀਰ ਵਿਚ ਰਾਸ਼ਟਰਪਤੀ ਅਹੁਦੇ ਦੀ ਬਹਿਸ ਦੀ ਮੇਜ਼ਬਾਨੀ ਕਰਨ ਦੇ ਫੌਕਸ ਨਿਊਜ਼ ਦੇ ਪ੍ਰਸਤਾਵ ਨੂੰ ਰੱਦ ਕਰ ਦਿੱਤਾ ਅਤੇ ਦਾਅਵਾ ਕੀਤਾ ਕਿ ਉਸ ਸਮੇਂ ਦੇ ਡੈਮੋਕ੍ਰੇਟਿਕ ਉਮੀਦਵਾਰ ਜੋਅ ਬਾਇਡਨ ਅਤੇ ਮੌਜੂਦਾ ਡੈਮੋਕ੍ਰੇਟਿਕ ਉਮੀਦਵਾਰ ਕਮਲਾ ਹੈਰਿਸ ਖ਼ਿਲਾਫ਼ ਆਖਰੀ ਦੋ ਜਿੱਤ ਤੋਂ ਬਾਅਦ ਬਹਿਸ ਕਰਨ ਲਈ ਕੁਝ ਨਹੀਂ ਬਚਿਆ ਹੈ।

ਟਰੰਪ ਨੇ ਟਰੁਥ ਸੋਸ਼ਲ ਰਾਹੀਂ ਕਿਹਾ, "ਮੈਂ ਪਿਛਲੀਆਂ ਦੋ ਬਹਿਸਾਂ ਜਿੱਤੀਆਂ... ਪ੍ਰਕਿਰਿਆ ਵਿਚ ਬਹੁਤ ਦੇਰ ਹੋ ਚੁੱਕੀ ਹੈ, ਵੋਟਿੰਗ ਸ਼ੁਰੂ ਹੋ ਚੁੱਕੀ ਹੈ ਅਤੇ ਇਹ ਦੁਬਾਰਾ ਨਹੀਂ ਹੋਵੇਗਾ।" ਨਾਲ ਹੀ, ਕਮਲਾ ਨੇ ਸਪੱਸ਼ਟ ਕਿਹਾ ਕਿ ਉਹ ਜੋਅ ਬਾਇਡਨ ਤੋਂ ਵੱਖਰਾ ਕੁਝ ਨਹੀਂ ਕਰੇਗੀ, ਇਸ ਲਈ ਬਹਿਸ ਕਰਨ ਲਈ ਕੁਝ ਵੀ ਨਹੀਂ ਬਚਿਆ ਹੈ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :**
**www.punjabmailusa.com**



# ਫਰਿਜ਼ਨੋ ਵਿਖੇ ਭਾਰਤੀ ਰੈਸਟੋਰੈਂਟ ’ਚ ਗੋਲੀਬਾਰੀ ਦੌਰਾਨ ਇਕ ਪੰਜਾਬੀ ਦੀ ਗੋਲੀਆਂ ਮਾਰ ਕੇ ਹੱਤਿਆ, ਦੋਸ਼ੀ ਪੰਜਾਬੀ ਗ੍ਰਿਫਤਾਰ

**ਨਿਊਯਾਰਕ, (ਰਾਜ ਗੋਗਨਾ/ ਪੰਜਾਬ ਮੇਲ)**- ਬੀਤੇ ਦਿਨੀਂ ਕੈਲੀਫੋਰਨੀਆ ਰਾਜ ਦੇ ਸ਼ਹਿਰ ਫਰਿਜ਼ਨੋ ਦੇ ਇੱਕ ਭਾਰਤੀ ਰੈਸਟੋਰੈਂਟ ਦੇ ਬਾਹਰ ਹੋਏ ਟਕਰਾਅ ਦੇ ਕਾਰਨ ਇੱਕ ਪੰਜਾਬੀ ਨੌਜਵਾਨ ਵਿਅਕਤੀ ਦੀ ਗੋਲੀ ਮਾਰ ਕੇ ਹੱਤਿਆ ਕਰ ਦੇਣ ਦੀ ਮੰਦਭਾਗੀ ਖ਼ਬਰ ਸਾਹਮਣੇ ਆਈ ਹੈ। ਗੋਲੀ ਮਾਰ ਕੇ ਹੱਤਿਆ ਕਰਨ ਵਾਲੇ ਨੌਜਵਾਨ ਵਿਅਕਤੀ ਦੀ ਪਛਾਣ ਲਵਪ੍ਰੀਤ ਸਿੰਘ (28) ਦੇ ਵਜੋਂ ਹੋਈ ਹੈ। ਜੋ ਹੁਣ-ਹੁਣ ਫਰਿਜ਼ਨੋ ਪੁਲਿਸ ਦੀ ਹਿਰਾਸਤ ਵਿਚ ਹੈ। ਫਰਿਜ਼ਨੋ ਪੁਲਿਸ ਵਿਭਾਗ ਨੇ ਇੱਕ ਨਿਊਜ਼ ਰਿਲੀਜ਼ ਵਿਚ ਕਿਹਾ ਕਿ ਬੀਤੇ ਹਫਤੇ ਮੰਗਲਵਾਰ ਦੀ ਰਾਤ ਨੂੰ ਫਰਿਜ਼ਨੋ ਵਿਚ ਭਾਰਤੀ ਰੈਸਟੋਰੈਂਟ ਕਰੀ ਹਾਊਸ ਅਤੇ ਬਾਰ ਦੇ ਬਾਹਰ ਹੋਏ ਦੋਨਾਂ ਦੇ ਟਕਰਾਅ ’ਚ ਇੱਕ ਵਿਅਕਤੀ ਦੀ ਮੌਤ ਹੋ ਗਈ ਅਤੇ



ਹਰਮਨਪ੍ਰੀਤ ਸਿੰਘ ਅਤੇ ਦੋਸ਼ੀ ਲਵਪ੍ਰੀਤ ਸਿੰਘ ਦੀ ਫ਼ਾਈਲ ਫੋਟੋ।

ਦੂਜੇ ਨੂੰ ਪੁਲਿਸ ਨੇ ਹਿਰਾਸਤ ਵਿਚ ਲੈ ਲਿਆ ਹੈ। ਇਹ ਮੰਦਭਾਗੀ ਘਟਨਾ ਰਾਤ ਦੇ 8:00 ਕੁ ਵਜੇ ਦੇ ਕਰੀਬ ਵਾਪਰੀ। ਦੋਸ਼ੀ ਲਵਪ੍ਰੀਤ ਸਿੰਘ ਉਮਰ 28 ਸਾਲ ਨੇ 911 ’ਤੇ ਪੁਲਿਸ ਨੂੰ ਕਾਲ ਕੀਤੀ ਅਤੇ ਕਿਹਾ ਕਿ ਉਹ ਅਸ਼ਲਾਨ ਅਤੇ ਵੈਸਟ ਐਵੇਨਿਊ ਦੇ ਨੇੜੇ ਭਾਰਤੀ ਰੈਸਟੋਰੈਂਟ ਵਿਚ ਲੜਾਈ ਵਿਚ ਸ਼ਾਮਲ ਸੀ ਅਤੇ ਉਸ ਨੇ ਆਪਣੇ ਰਿਵਾਲਵਰ ਦੇ ਨਾਲ ਗੋਲੀ ਚਲਾਈ ਅਤੇ ਇੱਕ ਵਿਅਕਤੀ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਜਦੋਂ ਪੁਲਿਸ ਮੌਕੇ ’ਤੇ ਪੁੱਜੀ, ਤਾਂ ਕਾਤਲ ਨੇ ਪੁਲਿਸ ਦੇ ਆਉਣ ’ਤੇ ਆਤਮ ਸਮਰਪਣ ਕਰ ਦਿੱਤਾ। ਅਧਿਕਾਰੀਆਂ ਨੇ ਲਵਪ੍ਰੀਤ ਸਿੰਘ ਨੂੰ ਹਿਰਾਸਤ ਵਿਚ ਲੈ ਲਿਆ ਅਤੇ ਕਤਲ ਵਿਚ ਵਰਤਿਆ ਇੱਕ ਅਰਧ-ਆਟੋਮੈਟਿਕ ਹਥਿਆਰ ਵੀ ਬਰਾਮਦ ਕਰ ਲਿਆ। ਰੈਸਟੋਰੈਂਟ ਦੀ ਪਾਰਕਿੰਗ ’ਚ ਮਾਰੇ ਗਏ ਹਰਮਨਪ੍ਰੀਤ ਸਿੰਘ (29) ਨੂੰ ਉਸਦੇ ਸਰੀਰ ਦੇ ਉਪਰਲੇ ਹਿੱਸੇ ’ਚ ਗੋਲੀ ਮਾਰੀ ਗਈ, ਜਿਸ ਨੂੰ ਤੁਰੰਤ ਸਥਾਨਕ ਹਸਪਤਾਲ ਲਿਜਾਇਆ ਗਿਆ, ਜਿੱਥੇ ਬਾਅਦ ਵਿਚ ਉਸ ਦੀ ਮੌਤ ਹੋ ਗਈ। ਮੌਕੇ ਦੇ ਗਵਾਹਾਂ ਨੇ ਪੁਲਿਸ ਨੂੰ ਕਿਹਾ ਕਿ ਦੋਵੇਂ ਵਿਅਕਤੀ, ਮੁਡੈਸਟੋ ਕੈਲੀਫੋਰਨੀਆ ਸੂਬੇ ਦੇ ਰਹਿਣ ਵਾਲੇ ਹਨ। ਰੈਸਟੋਰੈਂਟ ’ਚ ਇਹ ਇਕੱਠੇ ਇੱਕ ਪਾਰਟੀ ਸਮਾਰੋਹ ’ਚ ਜਸ਼ਨ ਵਿਚ ਸ਼ਾਮਲ ਹੋਏ ਸਨ। ਕਿਸੇ ਗੱਲੋਂ ਸਥਿਤੀ ਉਦੋਂ ਵਧ ਗਈ, ਜਦੋਂ ਲਵਪ੍ਰੀਤ ਸਿੰਘ ਨੇ ਕਥਿਤ ਤੌਰ ’ਤੇ ਰਿਵਾਲਵਰ ਕੱਢ ਲਿਆ ਅਤੇ ਹਰਮਨਪ੍ਰੀਤ ਸਿੰਘ ਨੂੰ ਗੋਲੀ ਮਾਰ ਦਿੱਤੀ। ਪੁਲਿਸ ਅਧਿਕਾਰੀਆਂ ਮੁਤਾਬਕ ਲਵਪ੍ਰੀਤ ਸਿੰਘ ਨੂੰ ਫਰਿਜ਼ਨੋ ਕਾਊਂਟੀ ਦੀ ਜੇਲ੍ਹ ’ਚ ਕਤਲ ਦੇ ਦੋਸ਼ਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜਾਂਚਕਰਤਾ ਅਜੇ ਵੀ ਇਸ ਉਦੇਸ਼ ਦੀ ਜਾਂਚ ਕਰ ਰਹੇ ਹਨ ਕਿ ਉਸ ਨੂੰ ਗੋਲੀ ਕਿਉਂ ਮਾਰੀ ਗਈ, ਪੁਲਿਸ ਨੇ ਕਿਸੇ ਵੀ ਵਿਅਕਤੀ ਨੂੰ ਜਾਣਕਾਰੀ ਦੇਣ ਲਈ ਫਰਿਜ਼ਨੋ ਪੁਲਿਸ ਵਿਭਾਗ ਤੱਕ ਪਹੁੰਚਣ ਲਈ ਜਾਂ ਵੈਲੀ ਕ੍ਰਾਈਮ ਸਟੌਪਰਜ਼ (559) 498-STOP (7867) ’ਤੇ ਸੰਪਰਕ ਕਰਕੇ ਗੁਪਤ ਜਾਣਕਾਰੀ ਦੇਣ ਲਈ ਉੱਪਰ ਦਿੱਤੇ ਨੰਬਰ ’ਤੇ ਸੰਪਰਕ ਕਰਨ ਲਈ ਕਿਹਾ ਹੈ।

# ਟਰੰਪ ਦੀ ਰਿਪਬਲਿਕਨ ਪਾਰਟੀ ਦੇ ਭਾਰਤੀ-ਤੇਲਗੂ ਸਮਰਥਕਾਂ ਨੇ ਲਗਾਏ ਤੇਲਗੂ ਪੋਸਟਰ

**ਵਾਸ਼ਿੰਗਟਨ, (ਰਾਜ ਗੋਗਨਾ/ ਪੰਜਾਬ ਮੇਲ)**- ਅਮਰੀਕੀ ਚੋਣਾਂ ਜਿਵੇਂ-ਜਿਵੇਂ ਨੇੜੇ ਆ ਰਹੀਆਂ ਹਨ। ਚੋਣ ਪ੍ਰਚਾਰ ਜ਼ੋਰਾਂ-ਸ਼ੋਰਾਂ ਨਾਲ ਭੱਖਦਾ ਰਿਹਾ ਹੈ। ਇਸ ਸੰਦਰਭ ਵਿਚ ਭਾਰਤੀ ਤੇਲਗੂ ਮੂਲ ਦੇ ਲੋਕਾਂ ਵੱਲੋਂ ਤੇਲਗੂ ਬੈਨਰਾਂ ਨੂੰ ਅਮਰੀਕੀ ਰਾਸ਼ਟਰਪਤੀ ਚੋਣ ਮੁਹਿੰਮ ਦੇ ਹਿੱਸੇ ਵਜੋਂ ਦੇਖਿਆ ਜਾ ਰਿਹਾ ਹੈ। ਅਮਰੀਕਾ ਵਿਚ ਭਾਰਤੀ ਜ਼ਿਆਦਾ ਹਨ। ਇਸ ਦੇ ਨਾਲ ਹੀ ਤੇਲਗੂ ਮੂਲ ਦੇ ਲੋਕ ਵੀ ਗਿਣਤੀ ਵਿਚ ਜ਼ਿਆਦਾ ਹਨ। ਇਸ ਕ੍ਰਮ ’ਚ ਜਿਵੇਂ-ਜਿਵੇਂ ਚੋਣਾਂ ਨੇੜੇ ਆ ਰਹੀਆਂ ਹਨ। ਭਾਰਤੀ-ਤੇਲਗੂ ਮੂਲ ਦੇ ਲੋਕਾਂ ਵੱਲੋਂ ਲੇਟੈਸਟ ਤੇਲਗੂ ਫਲੈਕਸੀਜ਼ ਦਿਖਾਈ ਦੇ ਰਹੇ ਹਨ। ਇਹ ਤਸਵੀਰਾਂ ਕਾਫੀ ਵਾਇਰਲ ਹੋ ਰਹੀਆਂ ਹਨ।

ਇੱਕ ਹੋਰ ਖਾਸੀਅਤ ਇਹ ਹੈ ਕਿ ਇਹ ਫਲੈਕਸੀ ਰਿਪਬਲਿਕਨ ਪਾਰਟੀ (ਡੋਨਾਲਡ ਟਰੰਪ) ਦਾ ਸਮਰਥਨ ਕਰ ਰਹੇ ਹਨ। ਜਿੱਥੇ ਅਮਰੀਕੀ ਵੋਟਰਾਂ ਦੀ ਜਾਣਕਾਰੀ 14 ਭਾਸ਼ਾਵਾਂ ਵਿਚ ਛਾਪੀ ਗਈ ਹੈ, ਉੱਥੇ ਤੇਲਗੂ ਸਮੇਤ 3 ਭਾਰਤੀ ਭਾਸ਼ਾਵਾਂ ਵੀ ਸ਼ਾਮਲ ਹਨ। ਅਮਰੀਕਾ ਵਿਚ ਰਹਿਣ ਵਾਲੇ ਵਿਦੇਸ਼ੀ ਲੋਕਾਂ ਵਿਚ ਭਾਰਤੀ ਨੰਬਰ ਇੱਕ ’ਤੇ ਹਨ। ਉੱਥੇ ਭਾਰਤੀ ਪ੍ਰੰਪਰਾਵਾਂ, ਸੱਭਿਆਚਾਰ ਅਤੇ ਤਿਉਹਾਰਾਂ ਦਾ ਸਨਮਾਨ ਵੀ ਕੀਤਾ ਜਾਂਦਾ ਹੈ। ਇੱਥੇ ਬਹੁਤ ਸਾਰੇ ਭਾਰਤੀ ਹਨ, ਜੋ ਸਿੱਖਿਆ ਅਤੇ ਕੰਮਾਂ ਲਈ ਇੱਥੇ ਵਸ ਗਏ ਹਨ। ਇਸ ਵੇਲੇ



ਅਮਰੀਕਾ ਵਿਚ ਸਿਆਸੀ ਆਗੂਆਂ ਵਿਚ ਵੱਡੇ ਅਹੁਦਿਆਂ ’ਤੇ ਭਾਰਤੀ ਮੂਲ ਦੇ ਲੋਕ ਹਨ। ਵਰਣਨਯੋਗ ਹੈ ਕਿ ਇਸ ਚੋਣ ਵਿਚ ਡੈਮੋਕ੍ਰੇਟਿਕ ਪਾਰਟੀ ਦੀ ਮੌਜੂਦਾ ਉਪ-ਰਾਸ਼ਟਰਪਤੀ ਅਤੇ ਰਾਸ਼ਟਰਪਤੀ ਅਹੁਦੇ ਦੀ ਉਮੀਦਵਾਰ ਕਮਲਾ ਹੈਰਿਸ ਦੀਆਂ ਜੜ੍ਹਾਂ ਵੀ ਭਾਰਤ ਨਾਲ ਜੁੜੀਆਂ ਹੋਈਆਂ ਹਨ। ਭਾਰਤੀਆਂ ਨੂੰ ਅਮਰੀਕਾ ਵਿਚ ਤਿਉਹਾਰਾਂ ਤੇ ਛੁੱਟੀਆਂ ਵੀ ਦਿੱਤੀਆਂ ਜਾਂਦੀਆਂ ਹਨ। ਰਾਸ਼ਟਰਪਤੀ ਚੋਣਾਂ ਜੋ ਅਗਲੇ ਮਹੀਨੇ ਹੋਣ ਜਾ ਰਹੀਆਂ ਹਨ, ਉਸ ਲਈ ਪਾਰਟੀਆਂ ਅਮਰੀਕੀ ਰਾਸ਼ਟਰਪਤੀ ਚੋਣਾਂ ਵਿਚ ਪ੍ਰਵਾਸੀ ਭਾਰਤੀ ਵੋਟਰਾਂ ਦੇ ਸਮਰਥਨ ਲਈ ਆਪਣੇ ਯਤਨ ਜਾਰੀ ਰੱਖੇ ਹੋਏ ਹਨ।

ਅਮਰੀਕੀ ਰਾਸ਼ਟਰਪਤੀ ਚੋਣਾਂ ਦੇ ਪ੍ਰਚਾਰ ’ਚ ਤੇਲਗੂ ਫਲੈਕਸ ਹੋਰ ਵੀ ਦੇਖਣ ਨੂੰ ਮਿਲਣਗੇ। ਅਮਰੀਕੀ ਰਾਸ਼ਟਰਪਤੀ ਦੀ ਚੋਣ 5 ਨਵੰਬਰ ਨੂੰ ਹੋਣੀ ਹੈ। ਜਿਵੇਂ-ਜਿਵੇਂ ਚੋਣਾਂ ਨੇੜੇ ਆਉਂਦੀਆਂ ਜਾ ਰਹੀਆਂ ਹਨ, ਮੁਕਾਬਲਾ ਹੋਰ ਮਜ਼ੇਦਾਰ ਹੁੰਦਾ ਗਿਆ ਹੈ। ਇਹ ਇਸ ਸੰਦਰਭ ਵਿਚ ਟੈਕਸਾਸ ਰਾਜ ਦੇ ਹਾਲ ਹੀ ਵਿਚ ਡਲਾਸ ਵਿਚ ਤੇਲਗੂ ਵਿਚ ਚੋਣ ਪ੍ਰਚਾਰ ਨਾਲ ਸਬੰਧਤ ਫਲੈਕਸ ਦੀ ਦਿੱਖ ਦਿਲਚਸਪ ਬਣੀ ਹੋਈ ਹੈ।

# ਟਰੰਪ ਵੱਲੋਂ ਸੁਰੱਖਿਆ ਲਈ ਜੰਗੀ ਜਹਾਜ਼ ਅਤੇ ਬਖਤਰਬੰਦ ਵਾਹਨ ਦੀ ਮੰਗ



**ਨਿਊਯਾਰਕ, (ਪੰਜਾਬ ਮੇਲ)**- ਇਰਾਨ ਤੋਂ ਮਿਲ ਰਹੀਆਂ ਧਮਕੀਆਂ ਤੋਂ ਫ਼ਿਕਰਮੰਦ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਦੀ ਪ੍ਰਚਾਰ ਟੀਮ ਨੇ ਉਨ੍ਹਾਂ ਦੀ ਸੁਰੱਖਿਆ ’ਚ ਧਰਤੀ ਤੋਂ ਹਵਾ ’ਚ ਮਿਜ਼ਾਈਲਾਂ ਫੁੰਡਣ ਦੀ ਸਮਰੱਥਾ ਵਾਲਾ ਜੰਗੀ ਜਹਾਜ਼ ਤਾਇਨਾਤ ਕਰਨ ਦੀ ਮੰਗ ਕੀਤੀ ਹੈ। ਟਰੰਪ ਦੀ ਸੁਰੱਖਿਆ ਵਧਾਉਣ ਦੀ ਮੰਗ ਕਰਦਿਆਂ ਉਨ੍ਹਾਂ ਕਿਹਾ ਹੈ ਕਿ ਕਾਫ਼ਲੇ ’ਚ ਬਖ਼ਤਰਬੰਦ ਵਾਹਨ ਵੀ ਦਿੱਤਾ ਜਾਵੇ। ਇਸ ਤੋਂ ਇਲਾਵਾ ਉਨ੍ਹਾਂ ਦੀਆਂ ਰੈਲੀਆਂ ਅਤੇ ਰਿਹਾਇਸ਼ਾਂ ’ਤੇ ਉਡਾਣਾਂ ਉਪਰ ਪਾਬੰਦੀ ਵਧਾਉਣ ਦੀ ਵੀ ਮੰਗ ਕੀਤੀ ਗਈ ਹੈ। ਟਰੰਪ ਅਤੇ ਉਸ ਦੇ ਅਮਲੇ ਨੇ ਸ਼ਿਕਾਇਤ ਕੀਤੀ ਹੈ ਕਿ ਸੁਰੱਖਿਆ ਦਾ ਹਵਾਲਾ ਦੇ ਕੇ ਉਨ੍ਹਾਂ ਨੂੰ ਚੋਣ ਪ੍ਰਚਾਰ ਕਰਨ ਤੋਂ ਰੋਕਿਆ ਜਾ ਰਿਹਾ ਹੈ। ਟਰੰਪ ’ਤੇ ਜਾਨਲੇਵਾ ਹਮਲਾ ਹੋਇਆ ਸੀ ਅਤੇ ਉਹ ਵਾਲ-ਵਾਲ ਬਚ ਗਏ ਸਨ, ਜਦਕਿ ਦੂਜੇ ਹਮਲੇ ਨੂੰ ਅਮਰੀਕੀ ਖ਼ੁਫ਼ੀਆ ਸੇਵਾ ਦੇ ਏਜੰਟਾਂ ਨੇ ਨਾਕਾਮ ਬਣਾ ਦਿੱਤਾ ਸੀ।




# ਅਮਰੀਕਾ ’ਚ ਪ੍ਰਵਾਸੀਆਂ ਵੱਲੋਂ ਡੀ.ਏ.ਸੀ.ਏ. ਨੂੰ ਬਣਾਈ ਰੱਖਣ ਲਈ ਬੇਨਤੀ

**■ 5 ਲੱਖ ਤੋਂ ਵੱਧ ਦਾ ਭਵਿੱਖ ਲੱਗਾ ਦਾਅ ’ਤੇ**




ਵਾਸ਼ਿੰਗਟਨ, (ਪੰਜਾਬ ਮੇਲ)- ਬੱਚਿਆਂ ਦੇ ਰੂਪ ਵਿਚ ਅਮਰੀਕਾ ਵਿਚ ਲਿਆਂਦੇ ਗਏ ਪ੍ਰਵਾਸੀਆਂ, ਜਿਨ੍ਹਾਂ ਨੂੰ ਆਮ ਤੌਰ ’ਤੇ “ਡ੍ਰੀਮਰਸ” ਕਿਹਾ ਜਾਂਦਾ ਹੈ, ਨੇ ਹਾਲ ਹੀ ਵਿਚ ਸੰਘੀ ਜੱਜਾਂ ਨੂੰ ਡਿਫਰਡ ਐਕਸ਼ਨ ਫਾਰ ਚਾਈਲਡਹੁੱਡ ਅਰਾਈਵਲਜ਼ (ਡੀ.ਏ.ਸੀ.ਏ.) ਨੂੰ ਬਣਾਈ ਰੱਖਣ ਲਈ ਬੇਨਤੀ ਕੀਤੀ ਹੈ, ਜੋ ਕਿ ਦੇਸ਼ ਨਿਕਾਲੇ ਤੋਂ ਸੁਰੱਖਿਆ ਪ੍ਰਦਾਨ ਕਰਦਾ ਹੈ। ਡੀ.ਏ.ਸੀ.ਏ. ਪ੍ਰੋਗਰਾਮ ਦੀ ਸ਼ੁਰੂਆਤ 2012 ਵਿਚ ਤਤਕਾਲੀ ਰਾਸ਼ਟਰਪਤੀ ਬਰਾਕ ਓਬਾਮਾ ਦੁਆਰਾ ਕੀਤੀ ਗਈ ਸੀ ਅਤੇ ਇਸਨੇ ਲੱਖਾਂ ਪ੍ਰਵਾਸੀ ਬੱਚਿਆਂ ਨੂੰ ਦੇਸ਼ ਨਿਕਾਲੇ ਤੋਂ ਬਚਾਇਆ ਹੈ ਅਤੇ ਉਨ੍ਹਾਂ ਨੂੰ ਕੰਮ ਕਰਨ ਅਤੇ ਅਧਿਐਨ ਕਰਨ ਦੀ ਵੀ ਆਗਿਆ ਦਿੱਤੀ ਹੈ।

ਬੱਚਿਆਂ ਦੇ ਰੂਪ ਵਿਚ ਗੈਰ-ਕਾਨੂੰਨੀ ਢੰਗ ਨਾਲ ਲਿਆਂਦੇ ਗਏ ਪ੍ਰਵਾਸੀ, 200 ਤੋਂ ਵੱਧ ਉਨ੍ਹਾਂ ਪ੍ਰਦਰਸ਼ਨਕਾਰੀਆਂ ਵਿਚ ਸ਼ਾਮਲ ਸਨ, ਜੋ ਵੀਰਵਾਰ ਨੂੰ ਨਿਊ ਓਰਲੀਨਜ਼ ਵਿਚ ਇੱਕ ਸੰਘੀ ਅਦਾਲਤ ਦੇ ਬਾਹਰ ਇਕੱਠੇ ਹੋਏ, ਜਿੱਥੇ ਤਿੰਨ ਅਪੀਲੀ ਜੱਜਾਂ ਨੇ ਬਾਇਡਨ ਪ੍ਰਸ਼ਾਸਨ ਦੀ ਨੀਤੀ ’ਤੇ ਦਲੀਲਾਂ ਸੁਣੀਆਂ, ਜੋ ਉਨ੍ਹਾਂ ਨੂੰ ਦੇਸ਼ ਨਿਕਾਲੇ ਤੋਂ ਬਚਾਉਂਦੀਆਂ ਹਨ। 5ਵੀਂ ਯੂ.ਐੱਸ. ਸਰਕਟ ਕੋਰਟ ਆਫ਼ ਅਪੀਲਜ਼ ਵਿਚ ਚੱਲ ਰਹੀ ਲੰਬੀ ਕਾਨੂੰਨੀ ਲੜਾਈ ਵਿਚ ਲਗਭਗ 535,000 ਲੋਕਾਂ ਦਾ ਭਵਿੱਖ ਦਾਅ ’ਤੇ ਲੱਗਾ ਹੋਇਆ ਹੈ, ਜੋ ਲੰਬੇ ਸਮੇਂ ਤੋਂ ਅਮਰੀਕਾ ਵਿਚ ਰਹਿ ਰਹੇ ਹਨ, ਭਾਵੇਂ ਕਿ ਉਨ੍ਹਾਂ ਕੋਲ ਨਾਗਰਿਕਤਾ ਜਾਂ ਕਾਨੂੰਨੀ ਨਿਵਾਸ ਦਰਜਾ ਨਹੀਂ ਹੈ ਅਤੇ ਉਨ੍ਹਾਂ ਨੂੰ ਆਖਰਕਾਰ ਦੇਸ਼ ਨਿਕਾਲਾ ਦਿੱਤਾ ਜਾ ਸਕਦਾ ਹੈ। ਇਸ ਮਾਮਲਾ ਸੁਪਰੀਮ ਕੋਰਟ ’ਚ ਜਾਣ ਦੀ ਸੰਭਾਵਨਾ ਹੈ।

ਹਾਲਾਂਕਿ ਇਸ ਪ੍ਰੋਗਰਾਮ ਦੇ ਭਵਿੱਖ ਬਾਰੇ ਕਾਨੂੰਨੀ ਚੁਣੌਤੀਆਂ ਪੈਦਾ ਹੁੰਦੀਆਂ ਰਹਿੰਦੀਆਂ ਹਨ। ਕੁਝ ਸੰਘੀ ਅਦਾਲਤਾਂ ਨੇ ਡੀ.ਏ.ਸੀ.ਏ. ਦੀ ਕਾਨੂੰਨੀ ਹੋਣ ’ਤੇ ਸਵਾਲ ਉਠਾਏ ਹਨ, ਜਦੋਂ ਕਿ ਇਸਦੇ ਸਮਰਥਕਾਂ ਦਾ ਕਹਿਣਾ ਹੈ ਕਿ ਇਹ ਪ੍ਰੋਗਰਾਮ ਲੱਖਾਂ ਲੋਕਾਂ ਨੂੰ ਸਿੱਖਿਆ, ਨੌਕਰੀਆਂ ਅਤੇ ਸਥਿਰ ਜੀਵਨ ਪ੍ਰਦਾਨ ਕਰਨ ਵਿਚ ਮਦਦ ਕਰਦਾ ਹੈ। ਡ੍ਰੀਮਰਸ ਅਤੇ ਉਨ੍ਹਾਂ ਦੇ ਸਮਰਥਕ ਅਦਾਲਤ ਨੂੰ ਅਪੀਲ ਕਰ ਰਹੇ ਹਨ ਕਿ ਉਨ੍ਹਾਂ ਨੂੰ ਦੇਸ਼ ਨਿਕਾਲੇ ਤੋਂ ਸੁਰੱਖਿਆ ਪ੍ਰਦਾਨ ਕੀਤੀ ਜਾਵੇ ਕਿਉਂਕਿ ਉਨ੍ਹਾਂ ਨੇ ਆਪਣਾ ਬਚਪਨ ਅਤੇ ਜੀਵਨ ਦਾ ਬਹੁਤ ਸਾਰਾ ਸਮਾਂ ਸੰਯੁਕਤ ਰਾਜ ਵਿਚ ਬਿਤਾਇਆ ਹੈ।

ਇਸ ਦੇ ਨਾਲ ਹੀ ਆਲੋਚਕ ਇਸ ਪ੍ਰੋਗਰਾਮ ਨੂੰ ਗੈਰ-ਕਾਨੂੰਨੀ ਮੰਨਦੇ ਹਨ ਅਤੇ ਕਹਿੰਦੇ ਹਨ ਕਿ ਇਹ ਸੰਘੀ ਕਾਨੂੰਨ ਦੀ ਉਲੰਘਣਾ ਹੈ। ਡੀ.ਏ.ਸੀ.ਏ. ਦਾ ਭਵਿੱਖ ਹੁਣ ਅਦਾਲਤਾਂ ਦੇ ਫ਼ੈਸਲੇ ’ਤੇ ਨਿਰਭਰ ਕਰਦਾ ਹੈ। ਡੀ.ਏ.ਸੀ.ਏ. ਦੇ ਵਿਰੋਧੀਆਂ ਵਿਚ ਮੁੱਖ ਤੌਰ ’ਤੇ ਟੈਕਸਾਸ ਅਤੇ ਅੱਠ ਹੋਰ ਰਿਪਬਲਿਕਨ-ਅਗਵਾਈ ਵਾਲੇ ਰਾਜਾਂ ਨੇ ਅਦਾਲਤੀ ਦਲੀਲਾਂ ਅਤੇ ਕਾਨੂੰਨੀ ਵੇਰਵਿਆਂ ਵਿਚ ਕਿਹਾ ਹੈ ਕਿ ਜਦੋਂ ਪ੍ਰਵਾਸੀਆਂ ਨੂੰ ਗੈਰ-ਕਾਨੂੰਨੀ ਤੌਰ ’ਤੇ ਦੇਸ਼ ਵਿਚ ਰਹਿਣ ਦੀ ਇਜਾਜ਼ਤ ਦਿੱਤੀ ਜਾਂਦੀ ਹੈ, ਤਾਂ ਸਿਹਤ ਦੇਖਭਾਲ, ਸਿੱਖਿਆ ਅਤੇ ਹੋਰ ਖਰਚਿਆਂ ਵਿਚ ਸੈਂਕੜੇ ਮਿਲੀਅਨ ਡਾਲਰ ਦਾ ਬੋਝ ਰਾਜਾਂ ’ਤੇ ਪੈਂਦਾ ਹੈ। ਡੀ.ਏ.ਸੀ.ਏ. ਨੂੰ ਚੁਣੌਤੀ ਦੇਣ ਵਿਚ ਟੈਕਸਾਸ ਨਾਲ ਸ਼ਾਮਲ ਹੋਣ ਵਾਲੇ ਰਾਜ ਅਲਾਬਾਮਾ, ਅਰਕਾਨਸਾਸ, ਲੂਸੀਆਨਾ, ਨੇਬਰਾਸਕਾ, ਦੱਖਣੀ ਕੈਰੋਲੀਨਾ, ਪੱਛਮੀ ਵਰਜੀਨੀਆ, ਕਨਸਾਸ ਅਤੇ ਮਿਸੀਸਿਪੀ ਹਨ।

# ਅਮਰੀਕਾ ਵੱਲੋਂ ਇਰਾਨ ’ਤੇ ਨਵੀਆਂ ਪਾਬੰਦੀਆਂ ਦਾ ਐਲਾਨ

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕਾ ਨੇ ਇਰਾਨ ਦੇ ਊਰਜਾ ਖੇਤਰ ’ਤੇ ਨਵੀਆਂ ਪਾਬੰਦੀਆਂ ਦਾ ਐਲਾਨ ਕੀਤਾ ਹੈ। ਇਰਾਨ ਵੱਲੋਂ ਇਜ਼ਰਾਈਲ ’ਤੇ ਪਹਿਲੀ ਅਕਤੂਬਰ ਨੂੰ ਦਾਗੀਆਂ 180 ਮਿਜ਼ਾਈਲਾਂ ਦੇ ਜਵਾਬ ’ਚ ਅਮਰੀਕਾ ਨੇ ਇਹ ਪਾਬੰਦੀਆਂ ਲਗਾਈਆਂ ਹਨ। ਇਨ੍ਹਾਂ ਪਾਬੰਦੀਆਂ ’ਚ ਇਰਾਨ ਦੇ ਬੇੜਿਆਂ ਅਤੇ ਸਬੰਧਤ ਕੰਪਨੀਆਂ ’ਤੇ ਰੋਕ ਸ਼ਾਮਲ ਹੈ, ਜੋ ਸੰਯੁਕਤ ਅਰਬ ਅਮੀਰਾਤ, ਲਾਈਬੇਰੀਆ, ਹਾਂਗਕਾਂਗ ਅਤੇ ਹੋਰ ਖ਼ਿੱਤਿਆਂ ’ਚ ਫੈਲੀਆਂ ਹੋਈਆਂ ਹਨ। ਇਹ ਬੇੜੇ ਏਸ਼ੀਆ ’ਚ ਖ਼ਰੀਦਦਾਰਾਂ ਨੂੰ ਵਿਕਰੀ ਲਈ ਇਰਾਨੀ ਤੇਲ ਨੂੰ ਛਿਪਾਉਂਦੇ ਹਨ ਅਤੇ ਉਸ ਦੀ ਆਵਾਜਾਈ ਦਾ ਪ੍ਰਬੰਧ ਕਰਦੇ ਹਨ। ਇਸ ਤੋਂ ਇਲਾਵਾ ਅਮਰੀਕੀ ਵਿਦੇਸ਼ ਵਿਭਾਗ ਨੇ ਇਰਾਨ ਤੋਂ ਪੈਟਰੋਲੀਅਮ ਅਤੇ ਉਸ ਨਾਲ ਜੁੜੀਆਂ ਵਸਤਾਂ ਦੀ ਵਿਕਰੀ ਅਤੇ ਟਰਾਂਸਪੋਰਟ ਦਾ ਕਥਿਤ ਤੌਰ ’ਤੇ ਪ੍ਰਬੰਧ ਕਰਨ ਲਈ ਸੂਰੀਨਾਮ, ਭਾਰਤ, ਮਲੇਸ਼ੀਆ ਅਤੇ ਹਾਂਗਕਾਂਗ ਸਥਿਤ ਕੰਪਨੀਆਂ ਦੇ ਨੈੱਟਵਰਕ ਨੂੰ ਨਾਮਜ਼ਦ ਕੀਤਾ ਹੈ।

ਰੋਜ਼ਾਨਾ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਈਟ ’ਤੇ ਕਲਿੱਕ ਕਰੋ :
www.punjabmailusa.com

# ਕਮਲਾ ਹੈਰਿਸ ਮੱਧ ਵਰਗ ਅਤੇ ਸ਼ਹਿਰੀ ਵੋਟਰਾਂ ’ਚ ਟਰੰਪ ਨਾਲੋਂ ਵਧੇਰੇ ਪ੍ਰਸਿੱਧ



ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕੀ ਰਾਸ਼ਟਰਪਤੀ ਚੋਣਾਂ ਵਿਚ ਡੈਮੋਕਰੇਟਿਕ ਉਮੀਦਵਾਰ ਕਮਲਾ ਹੈਰਿਸ ਨੇ ਅਮਰੀਕਾ ਦੇ ਮੱਧ ਵਰਗ ਅਤੇ ਸ਼ਹਿਰੀ ਵੋਟਰਾਂ ਵਿਚ ਰਿਪਬਲਿਕਨ ਵਿਰੋਧੀ ਡੋਨਾਲਡ ਟਰੰਪ ਨੂੰ ਪਛਾੜ ਦਿੱਤਾ ਹੈ। ਇਹ ਦਾਅਵਾ ਰਾਇਟਰਜ਼ ਅਤੇ ਇਪਸੋਸ ਦੇ ਤਾਜ਼ਾ ਸਰਵੇਖਣ ਵਿਚ ਕੀਤਾ ਗਿਆ ਹੈ।

ਸਰਵੇਖਣ ’ਚ ਕਿਹਾ ਗਿਆ ਹੈ ਕਿ ਰਾਸ਼ਟਰਪਤੀ ਬਾਇਡਨ ਦੇ ਦੌੜ ਤੋਂ ਹਟਣ ਤੋਂ ਬਾਅਦ ਟਰੰਪ ਨੇ ਇਨ੍ਹਾਂ ਸ਼੍ਰੇਣੀਆਂ ’ਚ ਸਭ ਤੋਂ ਅੱਗੇ ਸੀ ਪਰ ਹੁਣ ਹੈਰਿਸ ਇਨ੍ਹਾਂ ਦੋ ਪ੍ਰਮੁੱਖ ਆਬਾਦੀਆਂ ’ਚ ਅੱਗੇ ਹਨ। ਇਸ ਨਾਲ 5 ਨਵੰਬਰ ਨੂੰ ਹੋਣ ਵਾਲੀਆਂ ਚੋਣਾਂ ਵਿਚ ਡੈਮੋਕ੍ਰੇਟਸ ਦੀ ਜਿੱਤ ਦੀਆਂ ਸੰਭਾਵਨਾਵਾਂ ਮਜ਼ਬੂਤ ਹੋ ਗਈਆਂ ਹਨ। ਹਾਲਾਂਕਿ, ਦੌੜ ਵਿਚ ਅਜੇ ਵੀ ਇੱਕ ਨਜ਼ਦੀਕੀ ਦੌੜ ਹੈ, ਉਪਨਗਰੀ ਵੋਟਰ ਅਮਰੀਕੀ ਵੋਟਰਾਂ ਦਾ ਲਗਭਗ ਅੱਧਾ ਹਿੱਸਾ ਬਣਾਉਂਦੇ ਹਨ।

ਸਰਵੇਖਣ ਦੇ ਅਨੁਸਾਰ, ਬਾਇਡਨ ਦੇ ਦੌੜ ਤੋਂ ਪਿੱਛੇ ਹਟਣ ਤੋਂ ਪਹਿਲਾਂ, ਟਰੰਪ ਉਪਨਗਰੀ ਵੋਟਰਾਂ ਵਿਚ ਜੂਨ ਅਤੇ ਜੁਲਾਈ ਵਿਚ 40% ਦੇ ਮੁਕਾਬਲੇ 43% ਦੀ ਅਗਵਾਈ ਕਰ ਰਹੇ ਸਨ। ਹੈਰਿਸ ਨੇ ਇਸ ਅੰਤਰ ਨੂੰ ਬੰਦ ਕਰਨਾ ਸ਼ੁਰੂ ਕੀਤਾ, ਜਦੋਂ ਉਸਨੇ ਜੁਲਾਈ ਵਿਚ ਆਪਣੀ ਮੁਹਿੰਮ ਦੀ ਸ਼ੁਰੂਆਤ ਕੀਤੀ। ਸਤੰਬਰ ਅਤੇ ਅਕਤੂਬਰ ਦੇ ਸਰਵੇਖਣਾਂ ਵਿਚ ਉਪਨਗਰੀ ਵੋਟਰਾਂ ਵਿਚ ਉਸ ਨੂੰ ਟਰੰਪ ਉੱਤੇ 47% ਤੋਂ 41% ਦੀ ਬੜ੍ਹਤ ਮਿਲੀ ਸੀ।

ਇਸ ਦੌਰਾਨ 50 ਹਜ਼ਾਰ ਤੋਂ 1 ਲੱਖ ਡਾਲਰ ਦੀ ਕਮਾਈ ਕਰਨ ਵਾਲੇ ਵੋਟਰਾਂ ਵਿਚੋਂ ਟਰੰਪ ਨੂੰ 44 ਫੀਸਦੀ ਅਤੇ ਬਾਇਡਨ ਨੂੰ 37 ਫੀਸਦੀ ਸਮਰਥਨ ਹਾਸਲ ਸੀ। ਪਰ ਮੈਦਾਨ ’ਚ ਆਉਣ ਤੋਂ ਬਾਅਦ ਹੈਰਿਸ ਨੇ ਟਰੰਪ ’ਤੇ ਦੋ ਅੰਕਾਂ ਦੀ ਬੜ੍ਹਤ ਬਣਾ ਲਈ। ਉਸ ਨੇ ਟਰੰਪ ਨੂੰ ਨੌਂ ਅੰਕਾਂ ਦੇ ਝੂਲੇ ਵਿਚ ਵੀ ਹਰਾਇਆ।

ਰਾਇਟਰਜ਼/ਇਪਸੋਸ ਸਰਵੇਖਣ ’ਚ ਪਾਇਆ ਗਿਆ ਕਿ ਵੋਟਰਾਂ ਵਿਚ ਚੋਣ ਆਰਥਿਕਤਾ ਸਭ ਤੋਂ ਵੱਡਾ ਮੁੱਦਾ ਹੈ। ਅਕਤੂਬਰ ਵਿਚ ਕਰਵਾਏ ਗਏ ਇੱਕ ਸਰਵੇਖਣ ਵਿਚ 46% ਵੋਟਰਾਂ ਨੇ ਕਿਹਾ ਕਿ ਅਰਥਵਿਵਸਥਾ ਦੇ ਲਿਹਾਜ਼ ਨਾਲ ਟਰੰਪ ਬਿਹਤਰ ਉਮੀਦਵਾਰ ਹਨ, ਜਦੋਂਕਿ ਸਿਰਫ 38% ਹੈਰਿਸ ਨੂੰ ਚੰਗਾ ਮੰਨਦੇ ਹਨ।

ਸਰਵੇਖਣ ਮੁਤਾਬਕ ਇਹ ਵੋਟਰ ਵੀ ਟਰੰਪ ਨੂੰ ਇਮੀਗ੍ਰੇਸ਼ਨ ਅਤੇ ਅਪਰਾਧ ਨਾਲ ਜੁੜੇ ਮੁੱਦਿਆਂ ’ਤੇ ਜ਼ਿਆਦਾ ਭਰੋਸੇਮੰਦ ਉਮੀਦਵਾਰ ਵਜੋਂ ਦੇਖਦੇ ਹਨ। ਟਰੰਪ ਦਾ ਬਾਇਡਨ ਪ੍ਰਸ਼ਾਸਨ ਦੀਆਂ ਨੀਤੀਆਂ ਨੂੰ ਮਹਿੰਗਾਈ ਲਈ ਜ਼ਿੰਮੇਵਾਰ ਠਹਿਰਾਉਣਾ ਵੀ ਵੋਟਰਾਂ ਨੂੰ ਆਕਰਸ਼ਿਤ ਕਰ ਰਿਹਾ ਹੈ।

ਇਸ ਦੌਰਾਨ, ਹੈਰਿਸ ਨੇ ਮੱਧ ਵਰਗ ਵਿਚ ਆਪਣੀ ਪਹੁੰਚ ਨੂੰ ਵਧਾਉਣ ਲਈ ਆਪਣੇ ਭਾਸ਼ਣਾਂ ਵਿਚ ਪੂਰਾ ਧਿਆਨ ਦਿੱਤਾ ਹੈ। ਉਸ ਨੂੰ ਲੋਕਤੰਤਰ ਦੀ ਰੱਖਿਆ ਕਰਨ ਅਤੇ ਸਿਆਸੀ ਕੱਟੜਤਾ ਵਿਰੁੱਧ ਸਟੈਂਡ ਲੈਣ ਲਈ ਬਿਹਤਰ ਉਮੀਦਵਾਰ ਮੰਨਿਆ ਜਾਂਦਾ ਹੈ।




# ਅਮਰੀਕਾ ’ਚ ਨਵੀਂ ਵਿਦਿਆਰਥੀ ਵੀਜ਼ਾ ਪਾਬੰਦੀਆਂ ਸਖਤ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਵਿਚ ਪੜ੍ਹ ਰਹੇ ਭਾਰਤੀਆਂ ਸਮੇਤ ਵਿਦੇਸ਼ੀ ਵਿਦਿਆਰਥੀਆਂ ਲਈ ਲੋੜੀਂਦੇ ਐੱਫ-1 ਵੀਜ਼ਾ ਨਾਲ ਸਬੰਧਤ ਨਿਯਮਾਂ ਨੂੰ ਹਾਲ ਹੀ ਵਿਚ ਸਖ਼ਤ ਕਰ ਦਿੱਤਾ ਗਿਆ ਹੈ, ਜੋ ਮੌਜੂਦਾ ਅਤੇ ਭਵਿੱਖ ਦੇ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਰੁਕਾਵਟਾਂ ਪੈਦਾ ਕਰ ਰਿਹਾ ਹੈ। ਬਿਜ਼ਨਸ ਟੂਡੇ ਦੀ ਇੱਕ ਰਿਪੋਰਟ ਅਨੁਸਾਰ, ਅਪਡੇਟ ਕੀਤੇ ਨਿਯਮਾਂ ਵਿਚ ਵਿਦਿਆਰਥੀ ਵੀਜ਼ਾ ਸਥਿਤੀ ਨੂੰ ਬਰਕਰਾਰ ਰੱਖਦੇ ਹੋਏ ਅਮਰੀਕਾ ਤੋਂ ਬਾਹਰ ਬਿਤਾਏ ਜਾਣ ਵਾਲੇ ਸਮੇਂ ’ਤੇ ਹੋਰ ਸਖਤ ਸੀਮਾਵਾਂ ਲਾਗੂ ਕਰਦੇ ਹਨ। ਹੁਣ ਇਹ ਸੀਮਾ ਉਨ੍ਹਾਂ ਦੇ ਅਕਾਦਮਿਕ ਪ੍ਰੋਗਰਾਮ ਦੌਰਾਨ ਲਗਾਤਾਰ ਪੰਜ ਮਹੀਨਿਆਂ ਤੱਕ ਸੀਮਤ ਕਰ ਦਿੱਤੀ ਗਈ ਹੈ। ਇਸ ਬਦਲਾਅ ਕਾਰਨ ਬਹੁਤ ਸਾਰੇ ਵਿਦਿਆਰਥੀਆਂ ਦੇ ਵਿਦੇਸ਼ ਵਿਚ ਪੜ੍ਹਾਈ ਦੀਆਂ ਯੋਜਨਾਵਾਂ, ਇੰਟਰਨਸ਼ਿਪਾਂ ਅਤੇ ਅਕਾਦਮਿਕ ਬਰੇਕਾਂ ਵਿਚ ਵਿਘਨ ਪੈਣ ਦਾ ਖਤਰਾ ਹੈ।




ਰਿਪੋਰਟ ਦੇ ਅਨੁਸਾਰ, ਇਨ੍ਹਾਂ ਨਵੀਆਂ ਪਾਬੰਦੀਆਂ ਦੇ ਪ੍ਰਭਾਵ ਨੇ ਭਾਰਤੀ ਅਤੇ ਹੋਰ ਅੰਤਰਰਾਸ਼ਟਰੀ ਵਿਦਿਆਰਥੀਆਂ, ਖਾਸ ਤੌਰ ’ਤੇ ਅੰਤਰਰਾਸ਼ਟਰੀ ਗਤੀਸ਼ੀਲਤਾ ’ਤੇ ਜ਼ੋਰ ਦੇਣ ਵਾਲੇ ਪ੍ਰੋਗਰਾਮਾਂ ਵਿਚ ਦਾਖਲ ਹੋਣ ਵਾਲੇ ਵਿਦਿਆਰਥੀਆਂ ਵਿਚ ਚਿੰਤਾਵਾਂ ਪੈਦਾ ਕਰ ਦਿੱਤੀਆਂ ਹਨ। ਇਸ ਵਿਚ ਕਿਹਾ ਗਿਆ ਹੈ ਕਿ ਸੋਧੇ ਹੋਏ ਨਿਯਮ ਵੀਜ਼ਾ ਸਥਿਤੀ ਨੂੰ ਖਤਰੇ ’ਚ ਪਾਏ ਬਿਨਾਂ ਗਲੋਬਲ ਸਿੱਖਿਆ ਪ੍ਰੋਗਰਾਮਾਂ, ਵਿਦੇਸ਼ਾਂ ਵਿਚ ਇੰਟਰਨਸ਼ਿਪਾਂ ਅਤੇ ਵਿਸਤ੍ਰਿਤ ਖੋਜ ਪ੍ਰੋਜੈਕਟਾਂ ਦੀ ਸਹੂਲਤ ਦੇ ਸਕਦੇ ਹਨ।

ਨਵੀਆਂ ਪਾਬੰਦੀਆਂ ਦੇ ਤਹਿਤ, ਵਿਦਿਆਰਥੀਆਂ ਨੂੰ ਆਪਣੀਆਂ ਅਕਾਦਮਿਕ ਅਤੇ ਪੇਸ਼ੇਵਰ ਗਤੀਵਿਧੀਆਂ ਦੀ ਸਾਵਧਾਨੀ ਨਾਲ ਯੋਜਨਾ ਬਣਾਉਣੀ ਪਵੇਗੀ, ਤਾਂ ਜੋ ਉਹ ਅਮਰੀਕਾ ਤੋਂ ਬਾਹਰ ਪੰਜ ਮਹੀਨਿਆਂ ਦੀ ਸੀਮਾ ਤੋਂ ਵੱਧ ਨਾ ਜਾਣ। ਗਲੋਬਲ ਪ੍ਰੋਗਰਾਮਾਂ ਵਿਚ ਭਾਗ ਲੈਣ ਵਾਲਿਆਂ ਲਈ, ਇਸਦਾ ਮਤਲਬ ਸਿੱਖਣ ਦੇ ਮਹੱਤਵਪੂਰਨ ਮੌਕਿਆਂ ਨੂੰ ਛੱਡਣਾ ਜਾਂ ਵਿਦੇਸ਼ਾਂ ਵਿਚ ਛੋਟੀਆਂ ਅਤੇ ਜ਼ਿਆਦਾ ਵਾਰ ਯਾਤਰਾਵਾਂ ਕਰਨਾ ਹੋ ਸਕਦਾ ਹੈ।

ਮੌਜੂਦਾ ਵਿਦਿਆਰਥੀ ਵਿਦੇਸ਼ਾਂ ਵਿਚ ਇੰਟਰਨਸ਼ਿਪਾਂ ਜਾਂ ਖੋਜ ਪ੍ਰੋਜੈਕਟਾਂ ਲਈ ਆਪਣੀਆਂ ਯੋਜਨਾਵਾਂ ਵਿਚ ਵਿਘਨ ਪਾ ਸਕਦੇ ਹਨ, ਖਾਸ ਤੌਰ ’ਤੇ STEM (ਵਿਗਿਆਨ, ਤਕਨਾਲੋਜੀ, ਇੰਜੀਨੀਅਰਿੰਗ, ਅਤੇ ਗਣਿਤ) ਖੇਤਰਾਂ ਤੋਂ ਆਉਣ ਵਾਲੇ ਵਿਦਿਆਰਥੀਆਂ ਲਈ, ਜਿੱਥੇ ਅੰਤਰਰਾਸ਼ਟਰੀ ਮੌਕੇ ਅਕਸਰ ਮਹੱਤਵਪੂਰਨ ਹੁੰਦੇ ਹਨ।

ਅਮਰੀਕੀ ਯੂਨੀਵਰਸਿਟੀਆਂ ਨੂੰ ਵੀਜ਼ਾ ਦੀਆਂ ਨਵੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਆਪਣੇ ਗਲੋਬਲ ਪ੍ਰੋਗਰਾਮਾਂ ਨੂੰ ਤੇਜ਼ੀ ਨਾਲ ਐਡਜਸਟ ਕਰਨਾ ਹੋਵੇਗਾ। ਬਹੁਤ ਸਾਰੀਆਂ ਸੰਸਥਾਵਾਂ ਇਸ ਗੱਲ ’ਤੇ ਮੁੜ ਵਿਚਾਰ ਕਰ ਰਹੀਆਂ ਹਨ ਕਿ ਅੰਤਰਰਾਸ਼ਟਰੀ ਭਾਗਾਂ ਨੂੰ ਕਿਵੇਂ ਢਾਂਚਾ ਬਣਾਇਆ ਜਾਵੇ ਅਤੇ ਵਿਦੇਸ਼ਾਂ ਦੇ ਤਜ਼ਰਬਿਆਂ ਜਾਂ ਵਰਚੁਅਲ ਵਿਕਲਪਾਂ ਲਈ ਥੋੜ੍ਹੇ ਸਮੇਂ ਦੇ ਅਧਿਐਨ ਵੱਲ ਮੁੜ ਰਹੇ ਹਨ।

ਇਸ ਤੋਂ ਇਲਾਵਾ, ਨਵੀਆਂ ਪਾਬੰਦੀਆਂ ਅੰਤਰਰਾਸ਼ਟਰੀ ਵਿਦਿਆਰਥੀਆਂ ਦੀਆਂ ਅਰਜ਼ੀਆਂ ਵਿਚ ਰੁਕਾਵਟ ਪਾ ਸਕਦੀਆਂ ਹਨ, ਕਿਉਂਕਿ ਬਹੁਤ ਸਾਰੇ ਵਿਦਿਆਰਥੀ ਵਿਸ਼ਵਵਿਆਪੀ ਮੌਕਿਆਂ ਦੀ ਭਾਲ ਕਰਦੇ ਹਨ, ਜੋ ਕਿ ਇੱਕ ਅਮਰੀਕੀ ਸਿੱਖਿਆ ਰਵਾਇਤੀ ਤੌਰ ’ਤੇ ਪੇਸ਼ ਕਰਦੀ ਹੈ।

ਰਿਪੋਰਟ ’ਚ ਕਿਹਾ ਗਿਆ ਹੈ ਕਿ ਚੁਣੌਤੀਆਂ ਦੇ ਬਾਵਜੂਦ ਨਵੀਆਂ ਪਾਬੰਦੀਆਂ ਨਾਲ ਅਮਰੀਕਾ ’ਚ ਲੰਬੇ ਸਮੇਂ ਤੱਕ ਰਹਿਣ ਵਾਲੇ ਵਿਦਿਆਰਥੀਆਂ ਨੂੰ ਕੁਝ ਫਾਇਦੇ ਹੋ ਸਕਦੇ ਹਨ। ਕੈਂਪਸ ਵਿਚ ਲੰਬੇ ਸਮੇਂ ਤੱਕ ਰਹਿਣਾ ਮਜ਼ਬੂਤ ਅਕਾਦਮਿਕ ਕਨੈਕਸ਼ਨ ਵਿਕਸਿਤ ਕਰ ਸਕਦਾ ਹੈ ਅਤੇ ਅਮਰੀਕੀ ਅਕਾਦਮਿਕ ਸੱਭਿਆਚਾਰ ਵਿਚ ਏਕੀਕਰਨ ਵਧਾ ਸਕਦਾ ਹੈ। ਕੁਝ ਯੂਨੀਵਰਸਿਟੀਆਂ ਰਵਾਇਤੀ ਅੰਤਰਰਾਸ਼ਟਰੀ ਯਾਤਰਾ ਲਈ ਨਵੀਨਤਾਕਾਰੀ ਵਿਕਲਪਾਂ ਦੀ ਖੋਜ ਕਰ ਰਹੀਆਂ ਹਨ, ਜਿਵੇਂ ਕਿ ਵਰਚੁਅਲ ਐਕਸਚੇਂਜ ਅਤੇ ਰਿਮੋਟ ਖੋਜ ਸਹਿਯੋਗ। ਹਾਲਾਂਕਿ ਇਹ ਵਿਕਲਪ ਇੱਕੋ ਜਿਹੇ ਸੱਭਿਆਚਾਰਕ ਸਮਾਵੇਸ਼ ਪ੍ਰਦਾਨ ਨਹੀਂ ਕਰ ਸਕਦੇ ਹਨ, ਇਹ ਵਿਦਿਆਰਥੀਆਂ ਨੂੰ ਇੱਕ ਵਿਸ਼ਵ ਦ੍ਰਿਸ਼ਟੀਕੋਣ ਵਿਕਸਿਤ ਕਰਨ ਅਤੇ ਅੰਤਰਰਾਸ਼ਟਰੀ ਨੈੱਟਵਰਕ ਬਣਾਉਣ ਵਿਚ ਮਦਦ ਕਰ ਸਕਦੇ ਹਨ।

ਐੱਫ-1 ਵੀਜ਼ਾ ਇੱਕ ਗੈਰ-ਪ੍ਰਵਾਸੀ ਵੀਜ਼ਾ ਹੈ। ਅਮਰੀਕਾ ਵਿਚ ਅਕਾਦਮਿਕ ਪੜ੍ਹਾਈ ਕਰ ਰਹੇ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਇਸਦੀ ਲੋੜ ਹੈ। ਇਹ ਵੀਜ਼ਾ ਵਿਦਿਆਰਥੀਆਂ ਨੂੰ ਛੁੱਟੀਆਂ ਅਤੇ ਇੰਟਰਨਸ਼ਿਪਾਂ ਸਮੇਤ ਵੱਖ-ਵੱਖ ਕਾਰਨਾਂ ਕਰਕੇ ਇੱਕ ਨਿਸ਼ਚਿਤ ਸਮੇਂ ਲਈ ਵਿਦੇਸ਼ ਯਾਤਰਾ ਕਰਨ ਦੀ ਇਜਾਜ਼ਤ ਦਿੰਦਾ ਹੈ। ਇਸ ਦਾ ਮਤਲਬ ਹੈ ਕਿ ਵਿਦਿਆਰਥੀ ਨਿਰਧਾਰਤ ਮਿਆਦ ਤੋਂ ਵੱਧ ਵਿਦੇਸ਼ ਯਾਤਰਾ ਨਹੀਂ ਕਰ ਸਕਦੇ ਹਨ। ਕਿਉਂਕਿ ਹਾਲੀਆ ਤਬਦੀਲੀ ਹੁਣ ਵਿਦਿਆਰਥੀਆਂ ਨੂੰ ਆਪਣੀ ਪੜ੍ਹਾਈ ਦੌਰਾਨ ਸੰਯੁਕਤ ਰਾਜ ਤੋਂ ਬਾਹਰ ਵੱਧ ਤੋਂ ਵੱਧ ਪੰਜ ਮਹੀਨੇ ਬਿਤਾਉਣ ਦੀ ਆਗਿਆ ਦੇਵੇਗੀ, ਇਹ ਉਨ੍ਹਾਂ ਪ੍ਰੋਗਰਾਮਾਂ ਵਿਚ ਭਾਗ ਲੈਣ ਵਾਲਿਆਂ ਲਈ ਵੱਡੀਆਂ ਚੁਣੌਤੀਆਂ ਪੈਦਾ ਕਰੇਗਾ, ਜਿਨ੍ਹਾਂ ਲਈ ਅੰਤਰਰਾਸ਼ਟਰੀ ਤਜ਼ਰਬੇ ਦੀ ਲੋੜ ਹੁੰਦੀ ਹੈ।

# ਪੰਜਾਬ ਕੇਸਰੀ ਅੰਤਰਰਾਸ਼ਟਰੀ ਪਹਿਲਵਾਨ ਗੁਰਪਾਲ ਸਿੰਘ ਢਿੱਲੋਂ ਦਾ ਸਿਆਟਲ ਪਹੁੰਚਣ ’ਤੇ ਨਿੱਘਾ ਸਵਾਗਤ



**ਬਲਕਾਰ ਸਿੰਘ ਦਿਉਲ ਅਤੇ ਕਰਮਜੀਤ ਸਿੰਘ ਢਿੱਲੋਂ, ਗੁਰਪਾਲ ਸਿੰਘ ਨੂੰ ਲੋਈ ਪਾ ਕੇ ਸਨਮਾਨਤ ਕਰਨ ਤੋਂ ਬਾਅਦ। ਨਾਲ ਖੜ੍ਹੇ ਡਾ. ਕਰਨਜੋਤ ਕੌਰ, ਇੰਦਰਜੀਤ ਕੌਰ, ਕੁਲਦੀਪ ਕੌਰ ਦਿਉਲ, ਭਰਾ ਰਾਜਪਾਲ ਸਿੰਘ ਢਿੱਲੋਂ।**

**ਸਿਆਟਲ, (ਗੁਰਚਰਨ ਸਿੰਘ ਢਿੱਲੋਂ/ਪੰਜਾਬ ਮੇਲ)-** ਸਰੀ ਵੈਨਕੂਵਰ ਤੋਂ ਪਰਿਵਾਰਕ ਮਿਲਣੀ ’ਤੇ ਪਹੁੰਚੇ ਅੰਤਰਰਾਸ਼ਟਰੀ ਪਹਿਲਵਾਨ ਗੁਰਪਾਲ ਸਿੰਘ ਢਿੱਲੋਂ ਦਾ ਸਿਆਟਲ ਪਹੁੰਚਣ ’ਤੇ ਨਿੱਘਾ ਸਵਾਗਤ ਤੇ ਸਨਮਾਨ ਕੀਤਾ ਗਿਆ। ਗੁਰਪਾਲ ਸਿੰਘ 2017-18 ਵਿਚ ਜੱਸਾ ਪੱਟੀ ਨੂੰ ਸ੍ਰੀ ਆਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ ’ਤੇ ਹੋਲਾ-ਮਹੱਲਾ ਦੇ ਸ਼ੁੱਭ ਅਵਸਰ ’ਤੇ ਫਾਈਨਲ ਵਿਚ ਹਰਾ ਕੇ ਪੰਜਾਬ ਕੇਸਰੀ ਦਾ ਖਿਤਾਬ ਜਿੱਤਿਆ ਸੀ। ਯੂ.ਕੇ. ਦੇ ਕਬੱਡੀ ਫੈਡਰੇਸ਼ਨ ਦੇ ਖੇਡ ਪ੍ਰੇਮੀ ਸੇਵਾ ਭਾਵਨਾ ਨਾਲ ਕਬੱਡੀ ਤੇ ਕੁਸ਼ਤੀਆਂ ਕਰਵਾਉਂਦੇ ਹਨ। ਜਿੱਥੇ ਰਾਜਿਆਂ-ਮਹਾਰਾਜਿਆਂ ਵਾਂਗ ਤਿਆਰ ਕਰਕੇ 25 ਹਜ਼ਾਰ ਰੁਪਏ ਦੀ ਵੱਖਰੀ ਖੁਰਾਕ ਖੁਆ ਕੇ ਪ੍ਰਤੀ ਮਹੀਨਾ ਗੁਰਪਾਲ ਸਿੰਘ ਨੂੰ ਸਪੋਰਟ ਕੀਤਾ ਸੀ। ਕਾਰੋਬਾਰੀ ਡਾ. ਐੱਸ.ਪੀ. ਸਿੰਘ ਓਬਰਾਏ ਨੇ ਪੰਜਾਬ ਕੇਸਰੀ ਬਣਨ ’ਤੇ ਵਧਾਈ ਦਿੱਤੀ ਤੇ ਇਨਾਮਾਂ ਦੀ ਵੰਡ ਕੀਤੀ। ਇਸ ਤੋਂ ਪਹਿਲਾਂ 2017-18 ਕੈਨੇਡਾ, ਕੇਸਰੀ, ਰੁਸਤਮੇ-ਹਿੰਦ ਅਤੇ ਸ਼ੇਰੇ-ਹਿੰਦ ਦਾ ਖਿਤਾਬ ਜਿੱਤ ਚੁੱਕਾ ਹੈ। ਦਾਰਾ ਸਿੰਘ ਦੇ ਛੋਟੇ ਭਰਾ ਸਰਦਾਰਾ ਸਿੰਘ ਰੰਧਾਵਾ ਦੀ ਦੋਹਤੀ ਤੇ ਹਰਭਜਨ ਸਿੰਘ ਪਖੋਕੇ ਦੀ ਪੋਤਰੀ ਦਾ ਰਿਸ਼ਤਾ ਕਰਤਾਰ ਸਿੰਘ ਦੇ ਛੋਟੇ ਭਰਾ ਸਰਵਣ ਸਿੰਘ ਦੇ ਲੜਕੇ ਗੁਰਪਾਲ ਸਿੰਘ ਨਾਲ ਡਾ. ਕਰਨਜੋਤ ਕੌਰ ਦਾ ਵਿਆਹ ਹੋਇਆ। ਜੋ ਅੱਜਕੱਲ੍ਹ ਸਰੀ ਵੈਨਕੂਵਰ ਸੈੱਟ ਹੋ ਚੁੱਕੇ ਹਨ।




# ਟਰੰਪ ਵੱਲੋਂ ਵਿਦੇਸ਼ਾਂ ਤੋਂ ਅਮਰੀਕੀ ਫੌਜਾਂ ਨੂੰ ਬੁਲਾ ਕੇ ਦੇਸ਼ ਦੀਆਂ ਸਰਹੱਦਾਂ ’ਤੇ ਤਾਇਨਾਤ ਕਰਨ ਦਾ ਅਹਿਦ

ਵਾਸ਼ਿੰਗਟਨ, (ਪੰਜਾਬ ਮੇਲ)- ਸਾਬਕਾ ਅਮਰੀਕੀ ਤੇ ਰਿਪਬਲਿਕਨ ਉਮੀਦਵਾਰ ਡੋਨਲਡ ਟਰੰਪ ਦੀ ਯੋਜਨਾ ਹੈ ਕਿ ਜੇ ਉਹ ਇਸ ਸਾਲ ਨਵੰਬਰ ਵਿਚ ਰਾਸ਼ਟਰਪਤੀ ਚੋਣ ਜਿੱਤ ਜਾਂਦੇ ਹਨ, ਤਾਂ ਯੂਰਪ ਤੇ ਪੱਛਮੀ ਏਸ਼ੀਆ ਵਿਚ ਜਾਰੀ ਯੁੱਧ ਦੇ ਬਾਵਜੂਦ ਅਮਰੀਕੀ ਫੌਜਾਂ ਨੂੰ ਵਿਦੇਸ਼ਾਂ ਤੋਂ ਬੁਲਾ ਕੇ ਦੇਸ਼ ਦੀਆਂ ਸਰਹੱਦਾਂ ’ਤੇ ਤਾਇਨਾਤ ਕੀਤਾ ਜਾਵੇਗਾ।



ਰੈਲੀ ਨੂੰ ਸੰਬੋਧਨ ਕਰਦੇ ਹੋਏ ਰਿਪਬਲਿਕਨ ਆਗੂ ਡੋਨਲਡ ਟਰੰਪ।

ਟਰੰਪ ਨੇ ਵਿਦੇਸ਼ਾਂ ਤੋਂ ਹਜ਼ਾਰਾਂ ਅਮਰੀਕੀ ਫੌਜੀਆਂ ਨੂੰ ਵਾਪਸ ਬੁਲਾਉਣ ਅਤੇ ਉਨ੍ਹਾਂ ਨੂੰ ਮੈਕਸਿਕੋ ਨਾਲ ਲੱਗਦੀ ਅਮਰੀਕੀ ਸਰਹੱਦ ’ਤੇ ਤਾਇਨਾਤ ਕਰਨ ਦਾ ਅਹਿਦ ਲਿਆ ਹੈ। ਸਾਬਕਾ ਰਾਸ਼ਟਰਪਤੀ ਨੇ ਉਨ੍ਹਾਂ ਫੌਜੀ ਅਧਿਕਾਰੀਆਂ ਨੂੰ ਹਟਾਉਣ ਦੀ ਵੀ ਗੱਲ ਕੀਤੀ ਹੈ, ਜੋ ਵਿਚਾਰਕ ਤੌਰ ’ਤੇ ਉਨ੍ਹਾਂ ਦੇ ਵਿਰੋਧੀ ਹਨ। ਟਰੰਪ ਦਾ ਨਜ਼ਰੀਆ ਅਮਰੀਕੀ ਸਮਾਜ ਵਿਚ ਫੌਜ ਦੀ ਭੂਮਿਕਾ ਵਿਚ ਸ਼ਾਇਦ ਨਾਟਕੀ ਬਦਲਾਅ ਦੀ ਗੱਲ ਕਰਦਾ ਹੈ। ਰਾਸ਼ਟਰਪਤੀ ਅਹੁਦੇ ਦੀਆਂ ਚੋਣਾਂ ਲਈ ਡੈਮੋਕਰੈਟਿਕ ਪਾਰਟੀ ਦੀ ਉਮੀਦਵਾਰ ਤੇ ਉਪ ਰਾਸ਼ਟਰਪਤੀ ਕਮਲਾ ਹੈਰਿਸ ਖ਼ਿਲਾਫ਼ ਟਰੰਪ ਦਾ ਚੋਣ ਪ੍ਰਚਾਰ ਆਪਣੇ ਆਖ਼ਰੀ ਪੜਾਅ ਵਿਚ ਹੈ। ਅਜਿਹੇ ਵਿਚ ਉਹ ਉਨ੍ਹਾਂ ਪ੍ਰਵਾਸੀਆਂ ਖ਼ਿਲਾਫ਼ ਸਖ਼ਤ ਕਾਰਵਾਈ ਦਾ ਵਾਅਦਾ ਕਰ ਰਹੇ ਹਨ, ਜਿਨ੍ਹਾਂ ਕੋਲ ਸਥਾਈ ਕਾਨੂੰਨੀ ਦਰਜਾ ਨਹੀਂ ਹੈ। ਟਰੰਪ ਤੇ ਉਨ੍ਹਾਂ ਦੇ ਸਲਾਹਕਾਰ ਫੌਜ ਦੀਆਂ ਪਹਿਲਾਂ ਅਤੇ ਵਸੀਲਿਆਂ ਨੂੰ ਅਜਿਹੇ ਸਮੇਂ ਬਦਲਣ ਦੀ ਯੋਜਨਾ ਬਣਾ ਰਹੇ ਹਨ, ਜਦੋਂ ਯੂਰਪ ਤੇ ਪੱਛਮੀ ਏਸ਼ੀਆ ਵਿਚ ਜੰਗ ਚੱਲ ਰਹੀ ਹੈ। ਟਰੰਪ ਦੇ ਮੈਨੀਫੈਸਟੋ ਵਿਚ ਸਭ ਤੋਂ ਵੱਧ ਪਹਿਲ ਇਸ ਸਮੇਂ ਵਿਦੇਸ਼ਾਂ ਵਿਚ ਤਾਇਨਾਤ ਹਜ਼ਾਰਾਂ ਫੌਜੀਆਂ ਨੂੰ ਅਮਰੀਕਾ-ਮੈਕਸਿਕੋ ਸਰਹੱਦ ’ਤੇ ਤਾਇਨਾਤ ਕਰਨਾ ਹੈ। ਟਰੰਪ ਨੇ ਕਿਹਾ ਕਿ ਉਹ ਲੱਖਾਂ ਪ੍ਰਵਾਸੀਆਂ ਨੂੰ ਕੱਢਣ ਲਈ ‘ਨੈਸ਼ਨਲ ਗਾਰਡ’ ਅਤੇ ਸ਼ਾਇਦ ਫੌਜ ਦੀ ਵਰਤੋਂ ਕਰਨਗੇ।

## ਅਮਰੀਕਾ ਵੱਲੋਂ ਭਾਰਤੀ ਕੰਪਨੀ ਸਮੇਤ ਦਰਜਨਾਂ ਕੰਪਨੀਆਂ ’ਤੇ ਇਰਾਨੀ ਤੇਲ ਵੇਚਣ ਦੇ ਦੋਸ਼ ਹੇਠ ਪਾਬੰਦੀ

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕਾ ਨੇ ਭਾਰਤੀ ਜਹਾਜ਼ਰਾਨੀ ਕੰਪਨੀ ਸਣੇ ਦਰਜਨ ਹੋਰ ਕੰਪਨੀਆਂ ’ਤੇ ਗੈਰਕਾਨੂੰਨੀ ਢੰਗ ਨਾਲ ਇਰਾਨੀ ਤੇਲ ਏਸ਼ੀਆ ਦੀਆਂ ਮੰਡੀਆਂ ਵਿਚ ਵੇਚਣ ਦੇ ਦੋਸ਼ ਹੇਠ ਪਾਬੰਦੀ ਲਾ ਦਿੱਤੀ ਹੈ। ਇਹ ਕਾਰਵਾਈ ਇਰਾਨ ਵੱਲੋਂ ਇਜ਼ਰਾਈਲ ’ਤੇ ਪਹਿਲੀ ਅਕਤੂਬਰ ਨੂੰ ਮਿਜ਼ਾਈਲੀ ਹਮਲਾ ਕਰਨ ਤੋਂ ਬਾਅਦ ਕੀਤੀ ਗਈ ਹੈ। ਅਮਰੀਕੀ ਵਿਭਾਗ ਨੇ ਦੋਸ਼ ਲਾਇਆ ਕਿ ਭਾਰਤ ਆਧਾਰਿਤ ਕੰਪਨੀ ਗੈਬਾਰੋ ਸ਼ਿਪ ਸਰਵਿਸਿਜ਼ ਇਰਾਨੀ ਤੇਲ ਦੀ ਗੈਰਕਾਨੂੰਨੀ ਢੰਗ ਨਾਲ ਢੋਆ-ਢੁਆਈ ਵਿਚ ਸ਼ਾਮਲ ਸੀ। ਅਮਰੀਕਾ ਦੇ ਕੌਮੀ ਸੁਰੱਖਿਆ ਸਲਾਹਕਾਰ ਜੇਕ ਸੁਲੀਵਨ ਨੇ ਕਿਹਾ ਕਿ ਇਰਾਨ ਨੇ ਇਜ਼ਰਾਈਲ ਦੇ ਸਭ ਤੋਂ ਵੱਧ ਆਬਾਦੀ ਵਾਲੇ ਸ਼ਹਿਰ ਤਲ ਅਵੀਵ ਨੂੰ ਨਿਸ਼ਾਨਾ ਬਣਾਇਆ, ਜਿਸ ਵਿਚ ਵੱਡੀ ਗਿਣਤੀ ਨਿਰਦੋਸ਼ ਮਾਰੇ ਜਾ ਸਕਦੇ ਸਨ। ਇਸ ਹਮਲੇ ਤੋਂ ਬਾਅਦ ਅਮਰੀਕਾ ਨੇ ਸਪੱਸ਼ਟ ਕੀਤਾ ਸੀ ਕਿ ਇਰਾਨ ਨੂੰ ਇਸ ਦੇ ਗੰਭੀਰ ਨਤੀਜੇ ਭੁਗਤਣੇ ਪੈਣਗੇ।

## ਦਿਲਜੀਤ ਦੀ ਫ਼ਿਲਮ ‘ਪੰਜਾਬ 95’ ਨੂੰ ਲੈ ਕੇ ਭਖਿਆ ਵਿਵਾਦ, ਐੱਸ.ਜੀ.ਪੀ.ਸੀ. ਨੇ ਜਥੇਦਾਰ ਕੋਲ ਚੁੱਕਿਆ ਮਾਮਲਾ

ਅੰਮ੍ਰਿਤਸਰ, (ਪੰਜਾਬ ਮੇਲ)- ਪੰਜਾਬ ਦੇ ਮਸ਼ਹੂਰ ਅਦਾਕਾਰ ਤੇ ਗਾਇਕ ਦਿਲਜੀਤ ਦੋਸਾਂਝ ਦੀ ਫ਼ਿਲਮ ‘ਪੰਜਾਬ 95’ ’ਤੇ ਕੱਟ ਲਾਉਣ ਦਾ ਮਾਮਲਾ ਹੋਰ ਵੀ ਭੱਖਦਾ ਜਾ ਰਿਹਾ ਹੈ। ਇਸ ਸਬੰਧੀ ਐੱਸ.ਜੀ.ਪੀ.ਸੀ. ਮੈਂਬਰ ਗੁਰਚਰਨ ਸਿੰਘ ਗਰੇਵਾਲ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨਾਲ ਮੁਲਾਕਾਤ ਕੀਤੀ। ਇਸ ਸਬੰਧੀ ਗੁਰਚਰਨ ਸਿੰਘ ਗਰੇਵਾਲ ਨੇ ਜਥੇਦਾਰ ਨੂੰ ਮੰਗ ਪੱਤਰ ਸੌਂਪਿਆ, ਜਿਸ ’ਚ ਸੈਂਸਰ ਬੋਰਡ ਵੱਲੋਂ ਫ਼ਿਲਮ ’ਚ 120 ਕੱਟ ਲਾਉਣ ਦਾ ਵਿਰੋਧ ਕੀਤਾ ਗਿਆ ਹੈ। ਇਸ ਮੌਕੇ ਗਰੇਵਾਲ ਦਾ ਕਹਿਣਾ ਹੈ ਕਿ ‘ਪੰਜਾਬ 95’ ਫ਼ਿਲਮ, ਜਿਸ ’ਚ ਜਸਵੰਤ ਸਿੰਘ ਖਾਲੜਾ ਦੀ ਜੀਵਨੀ ਦਿਖਾਈ ਗਈ ਹੈ ਪਰ ਇਸ ’ਤੇ ਸੈਂਸਰ ਬੋਰਡ ਨੇ 120 ਸੀਨ ਕੱਟ ਕੇ ਸਿੱਖਾਂ ਦੇ ਦਿਲਾਂ ਨੂੰ ਢਾਅ ਲਾਇਆ ਹੈ।

ਉਨ੍ਹਾਂ ਕਿਹਾ ਕਿ ਸਿੱਖ ਕੌਮ ਦੇ ਮਹਾਨ ਯੋਧੇ ਰਹੇ ਜਸਵੰਤ ਸਿੰਘ ਖਾਲੜਾ ਦੇ ਧਰਮ ਸੁਪਤਨੀ ਬੀਬੀ ਪਰਮਜੀਤ ਕੌਰ ਖਾਲੜਾ ਵੱਲੋਂ ਇੱਕ ਚਿੱਠੀ ਪੰਥ ਨਾਲ ਜਾਰੀ ਕੀਤੀ ਗਈ, ਜਿਸ ਨੂੰ 2-4 ਦਿਨ ਹੋ ਗਏ ਹਨ ਪਰ ਅਜੇ ਤੱਕ ਇਸ ’ਤੇ ਕੋਈ ਕਾਰਵਾਈ ਨਹੀਂ ਕੀਤੀ ਗਈ, ਜਿਸ ਨੂੰ ਲੈ ਕੇ ਚਿੰਤਾ ਜ਼ਾਹਿਰ ਕੀਤੀ ਗਈ ਹੈ। ਇਸ ਮੌਕੇ ਗੁਰਚਰਨ ਸਿੰਘ ਗਰੇਵਾਲ ਨੇ ਕਿਹਾ ਕਿ ਸਿੱਖਾਂ ਦੀਆਂ ਭਾਵਨਾਵਾਂ ਨੂੰ ਹਰ ਵਾਰ ਆਹਤ ਕੀਤਾ ਜਾਂਦਾ ਹੈ। ਅਸਲ ਨਸਲਕੁਸ਼ੀ ਕੀ ਸੀ ਇਹ ਫ਼ਿਲਮ ’ਚ ਵਿਖਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ’ਚ ਜੋ-ਜੋ ਹੋਇਆ ਉਸ ਦਾ ਇਤਿਹਾਸ ਦਰਸਾਉਂਦੀ ਫ਼ਿਲਮ ਹੈ ‘ਪੰਜਾਬ 95’, ਜਿਸ ਨੂੰ ਇਸ ਤਰ੍ਹਾਂ ਕੱਟ-ਵੱਢ ਕੇ ਪੇਸ਼ ਨਹੀਂ ਕੀਤਾ ਜਾਣਾ ਚਾਹੀਦਾ।

‘ਪੰਜਾਬ 95’ ’ਚ ਜਿਹੜੇ ਸੀਨ ਦਿਖਾਏ ਗਏ ਹਨ, ਉਹ ਦੇ ਮੁਕਾਬਲੇ ਤਾਂ ਮੈਂ ਕਹਿੰਦਾ ਵੀ ਇਸ ਜ਼ਿੰਦਗੀ ’ਚ ਮੈਂ ਇਨੀ ਵੱਡੀ ਇਸ ਤਰ੍ਹਾਂ ਦਾ ਇਤਿਹਾਸ ਦਰਸਾਉਂਦੀ ਕੋਈ ਫ਼ਿਲਮ ਨਹੀਂ। ਉਹ ਫ਼ਿਲਮ ’ਚ ਕਿਤੇ ਵੀ ਕੋਈ ਮਨੋਰੰਜਨ ਦੀ ਗੱਲ ਨਹੀਂ ਹੈ। ਇਹ ਫ਼ਿਲਮ ਸਿਆਸਤ ਤੋਂ ਪ੍ਰਭਾਵਿਤ ਨਹੀਂ, ਬਲਕਿ ਸੱਚਾਈ ਤੋਂ ਪ੍ਰਭਾਵਿਤ ਹੈ।

ਉਨ੍ਹਾਂ ਕਿਹਾ ਕਿ ਕੁਝ ਦਿਨ ਪਹਿਲਾਂ ਜਸਵੰਤ ਸਿੰਘ ਖਾਲੜਾ ਦੀ ਪਤਨੀ ਪਰਮਜੀਤ ਕੌਰ ਖਾਲੜਾ ਵੱਲੋਂ ਜਾਰੀ ਬਿਆਨ ’ਚ ਸੀ.ਬੀ.ਐੱਫ.ਸੀ. ਨੂੰ ਅਪੀਲ ਕੀਤੀ ਗਈ ਹੈ ਕਿ ਸੈਂਸਰਸ਼ਿਪ ਦੇ ਨਾਂ ’ਤੇ ਫ਼ਿਲਮ ’ਚ ਦਿਖਾਏ ਗਏ ਇਤਿਹਾਸਕ ਤੱਥਾਂ ਨੂੰ ਨਾ ਬਦਲਿਆ ਜਾਵੇ। ਅਸੀਂ ਨਿਰਮਾਤਾਵਾਂ ਨੂੰ ਵੀ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਸੱਚਾਈ ਅਤੇ ਫ਼ਿਲਮ ਦੀ ਕਹਾਣੀ ਨਾਲ ਖੜ੍ਹੇ ਹੋਣ ਦੀ ਅਪੀਲ ਕਰਦੇ ਹਾਂ।

# ਬ੍ਰਿਟੇਨ ’ਚ ਭਾਰਤੀ ਪੇਸ਼ੇਵਰਾਂ ਦੀ ਸੰਖਿਆ ਸਭ ਤੋਂ ਵੱਧ: ਰਿਪੋਰਟ

ਲੰਡਨ, (ਪੰਜਾਬ ਮੇਲ)- ਬ੍ਰਿਟੇਨ ’ਚ ਸਭ ਤੋਂ ਵੱਧ ਪੇਸ਼ੇਵਰ ਕਾਮਿਆਂ ਵਾਲਾ ਨਸਲੀ ਸਮੂਹ ਭਾਰਤੀ ਹੈ ਅਤੇ ਜਨਤਕ ਨੀਤੀ ਦੇ ਉਦੇਸ਼ਾਂ ਲਈ ਸਾਰੇ ਨਸਲੀ ਘੱਟ-ਗਿਣਤੀਆਂ ਨੂੰ ਇਕ ਸਮੂਹ ਦੇ ਰੂਪ ਵਿਚ ਮੰਨਣਾ ਹੁਣ ਦੇਸ਼ ਵਿਚ ਅਰਥਹੀਣ ਹੋ ਗਿਆ ਹੈ। ਸੋਮਵਾਰ ਨੂੰ ਇਕ ਨਵੇਂ ਥਿੰਕ-ਟੈਂਕ ਦੇ ਵਿਸ਼ਲੇਸ਼ਣ ’ਚ ਇਹ ਸਿੱਟਾ ਕੱਢਿਆ ਗਿਆ।

ਪਾਲਿਸੀ ਐਕਸਚੇਂਜ ਵੱਲੋਂ ਪ੍ਰਕਾਸ਼ਿਤ ‘ਆਧੁਨਿਕ ਬ੍ਰਿਟੇਨ ਦਾ ਇਕ ਪੋਰਟਰੇਟ : ਨਸਲ ਅਤੇ ਧਰਮ’ ਦੇਸ਼ ਵਿਚ ਵੱਖ-ਵੱਖ ਨਸਲੀ ਸਮੂਹਾਂ ਦੀ ਜਨਸੰਖਿਆ, ਵਿਦਿਅਕ, ਸਿਹਤ ਅਤੇ ਆਰਥਿਕ ਸਥਿਤੀ ਦੀ ਡੂੰਘਾਈ ਨਾਲ ਜਾਂਚ ਨੂੰ ਦਰਸਾਉਂਦਾ ਹੈ। ਰਿਪੋਰਟ ਵਿਚ ਸਰਕਾਰ ਦੀ ਅਗਵਾਈ ਵਾਲੀ ਇਕ ਨਵੀਂ ਰਾਸ਼ਟਰੀ ਏਕੀਕਰਨ ਰਣਨੀਤੀ ਦੀ ਮੰਗ ਕੀਤੀ ਗਈ ਹੈ, ਜਿਸ ਵਿਚ ਯੂ.ਕੇ. ਵਿਚ ਬੱਚਿਆਂ ਨੂੰ ਸਮਾਵੇਸ਼ੀ ਤਰੀਕੇ ਨਾਲ ਆਪਣੀ ਰਾਸ਼ਟਰੀ ਵਿਰਾਸਤ ’ਤੇ ਮਾਣ ਕਰਨਾ ਸਿਖਾਇਆ ਜਾਏ, ਜੋ ਦੇਸ਼ ਦੇ ਇਤਿਹਾਸ ਅਤੇ ਪ੍ਰੰਪਰਾਵਾਂ ਨੂੰ ਦਰਸਾਏ।







# ਰਵਨੀਤ ਬਿੱਟੂ ਦੇ ਸਿਰ ਸਜ ਸਕਦੈ ਪੰਜਾਬ ਭਾਜਪਾ ਦੀ ਪ੍ਰਧਾਨਗੀ ਦਾ ਤਾਜ!



**ਲੁਧਿਆਣਾ, (ਪੰਜਾਬ ਮੇਲ)-** ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਭਾਜਪਾ 'ਚੋਂ ਅਸਤੀਫਾ ਦੇ ਕੇ ਪਾਰਟੀ ਨੂੰ ਸਿਆਸੀ ਤੌਰ 'ਤੇ ਕਿਸੇ ਸਮੇਂ ਵੀ ਭੰਬੂਤਾਰੇ ਦਿਖਾ ਸਕਦੇ ਹਨ। ਭਾਵੇਂ ਅਜੇ ਉਨ੍ਹਾਂ ਬਾਰੇ ਭਾਜਪਾ ਦੀ ਲੀਡਰਸ਼ੀਪ ਕਹਿ ਰਹੀ ਹੈ ਕਿ ਉਹ ਜਲਦੀ ਵਾਪਸ ਆਉਣਗੇ, ਉਨ੍ਹਾਂ ਦੀ ਪਾਰਟੀ ਨਾਲ ਕੋਈ ਨਾਰਾਜ਼ਗੀ ਨਹੀਂ ਹੈ। ਪਰ ਜਾਖੜ ਵੱਲੋਂ ਧਾਰੀ ਚੁੱਪ ਅਤੇ ਉਨ੍ਹਾਂ ਦੀ ਖਾਮੋਸ਼ੀ ਇਹ ਇਸ਼ਾਰਾ ਕਰਦੀ ਹੈ ਕਿ ਜਾਖੜ ਨੇ ਹੁਣ ਭਾਜਪਾ ਨੂੰ ਫਤਿਹ ਬੁਲਾ ਦਿੱਤੀ ਹੈ। ਹੁਣ ਉਸ ਤੋਂ ਬਾਅਦ ਦਿੱਲੀ ਬੈਠੀ ਭਾਜਪਾ ਵੀ ਪੰਜਾਬ 'ਚ ਭਾਜਪਾ ਲਈ ਕਾਫੀ ਚਿੰਤਕ ਦੱਸੀ ਜਾ ਰਹੀ ਹੈ।

ਹੁਣ ਸੂਤਰਾਂ ਨੇ ਇਥੇ ਵੱਡਾ ਇਸ਼ਾਰਾ ਕੀਤਾ ਕਿ ਪੰਜਾਬ ਦੇ ਸਿਆਸੀ ਮਿਜ਼ਾਜ ਨੂੰ ਸਮਝ ਕੇ ਹੁਣ ਸਿੱਖ ਨੇਤਾ ਦੇ ਹੱਥ ਭਾਜਪਾ ਦੀ ਸਰਦਾਰੀ ਦੇਣ ਦੀ ਲਗਭਗ ਤਿਆਰੀ ਕਰ ਚੁੱਕੀ ਹੈ। ਇਸ ਕਾਰਜ ਲਈ ਸਭ ਤੋਂ ਉੱਪਰ ਨਾਂ ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਦਾ ਬੋਲ ਰਿਹਾ ਹੈ।

ਸੂਤਰਾਂ ਨੇ ਇਹ ਵੀ ਇਸ਼ਾਰਾ ਕੀਤਾ ਹੈ ਕਿ ਜਲਦੀ ਭਾਜਪਾ ਬਿੱਟੂ ਦੇ ਮੂੰਹ ਨੂੰ ਭਾਜਪਾ ਦੀ ਪ੍ਰਧਾਨਗੀ ਦਾ ਛੁਹਾਰਾ ਲਗਾਉਣ ਜਾ ਰਹੀ ਹੈ, ਜਦੋਂ ਕਿ ਚਾਰ ਨਾਂ ਹੋਰ ਵੀ ਲਾਈਨ 'ਚ ਲੱਗੇ ਦੱਸੇ ਜਾ ਰਹੇ ਹਨ, ਜਿਨ੍ਹਾਂ 'ਚ ਕੇਵਲ ਸਿੰਘ ਢਿੱਲੋਂ, ਮਨਪ੍ਰੀਤ ਸਿੰਘ ਬਾਦਲ, ਰਾਣਾ ਗੁਰਮੀਤ ਸਿੰਘ ਸੋਢੀ, ਫਤਿਹਜੰਗ ਸਿੰਘ ਬਾਜਵਾ ਦਾ ਨਾਂ ਸ਼ਾਮਲ ਹੈ। ਬਾਕੀ ਹੁਣ ਦੇਖਦੇ ਹਾ ਕਿ ਭਾਜਪਾ ਕਦੋਂ ਹਰੀ ਝੰਡੀ ਦਿੰਦੀ ਹੈ।

## ਮੁਹਾਲੀ ਅਦਾਲਤ ਨੇ ਮਾਲਵਿੰਦਰ ਮਾਲੀ ਦਾ ਜੁਡੀਸ਼ਲ ਰਿਮਾਂਡ 28 ਅਕਤੂਬਰ ਤੱਕ ਵਧਾਇਆ



**ਐੱਸ.ਏ.ਐੱਸ. ਨਗਰ (ਮੁਹਾਲੀ), (ਪੰਜਾਬ ਮੇਲ)-** ਮੁਹਾਲੀ ਅਦਾਲਤ ਨੇ ਮਾਲਵਿੰਦਰ ਸਿੰਘ ਮਾਲੀ ਦਾ 28 ਅਕਤੂਬਰ ਤੱਕ ਜੁਡੀਸ਼ਲ ਰਿਮਾਂਡ ਹੋਰ ਵਧਾ ਦਿੱਤਾ ਹੈ। ਪੰਚਾਇਤ ਚੋਣਾਂ ਕਾਰਨ ਸੁਰੱਖਿਆ ਪ੍ਰਬੰਧਾਂ ਦੇ ਚੱਲਦਿਆਂ ਮਾਲੀ ਦੀ ਫਿਜ਼ੀਕਲ ਪੇਸ਼ੀ ਨਹੀਂ ਹੋ ਸਕੀ। ਉਨ੍ਹਾਂ ਨੇ ਵੀਡੀਓ ਕਾਨਫਰੰਸਿੰਗ ਰਾਹੀਂ ਪੇਸ਼ੀ ਭੁਗਤੀ। ਉਧਰ, ਮਾਲਵਿੰਦਰ ਸਿੰਘ ਮਾਲੀ ਵਿਰੁੱਧ ਦਰਜ ਕੀਤੇ ਝੂਠੇ ਕੇਸ ਨੂੰ ਖ਼ਾਰਜ ਕਰਵਾਉਣ ਅਤੇ ਬੋਲਣ ਦੀ ਸੰਵਿਧਾਨਿਕ ਆਜ਼ਾਦੀ ਦੀ ਰੱਖਿਆ ਲਈ ਸਿਵਲ ਸੁਸਾਇਟੀਜ਼ ਵੱਲੋਂ ਅਗਲਾ ਪ੍ਰੋਗਰਾਮ ਉਲੀਕਣ ਲਈ ਇਨਸਾਫ਼ਪਸੰਦ ਲੋਕਾਂ, ਸਮੂਹ ਕਿਸਾਨ ਯੂਨੀਅਨਾਂ, ਮਜ਼ਦੂਰ ਜਥੇਬੰਦੀਆਂ ਦੀ ਮੀਟਿੰਗ 18 ਅਕਤੂਬਰ ਨੂੰ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਪਲਾਟ ਨੰਬਰ-1, ਸੈਕਟਰ-28, ਚੰਡੀਗੜ੍ਹ ਵਿਚ ਸਵੇਰੇ 11 ਵਜੇ ਸੱਦੀ ਗਈ ਹੈ।

# ਪੁਲਿਸ ਵੱਲੋਂ 18 ਗ਼ੈਰਕਾਨੂੰਨੀ ਟਰੈਵਲ ਏਜੰਸੀਆਂ ਖ਼ਿਲਾਫ਼ ਕੇਸ ਦਰਜ

**ਐੱਸ.ਏ.ਐੱਸ. ਨਗਰ (ਮੁਹਾਲੀ), (ਪੰਜਾਬ ਮੇਲ)-** ਪੰਜਾਬ ਪੁਲਿਸ ਦੇ ਐੱਨ.ਆਰ.ਆਈ. ਮਾਮਲੇ ਵਿੰਗ ਅਤੇ ਸਾਈਬਰ ਕ੍ਰਾਈਮ ਵਿੰਗ ਨੇ ਪ੍ਰੋਟੈਕਟੋਰੇਟ ਆਫ ਇਮੀਗ੍ਰੈਂਟਸ ਚੰਡੀਗੜ੍ਹ ਨਾਲ ਤਾਲਮੇਲ ਕਰਕੇ ਮੁਹਾਲੀ, ਖਰੜ ਸਣੇ ਹੋਰ ਵੱਡੇ ਸ਼ਹਿਰ ਦੀਆਂ ਕਰੀਬ ਡੇਢ ਦਰਜਨ ਟ੍ਰੈਵਲ ਏਜੰਸੀਆਂ ਖ਼ਿਲਾਫ਼ ਕੇਸ ਦਰਜ ਕੀਤੇ ਹਨ। ਇਸ ਤੋਂ ਪਹਿਲਾਂ ਅਗਸਤ ਮਹੀਨੇ ਵਿਚ ਅਜਿਹੀਆਂ 25 ਗ਼ੈਰਕਾਨੂੰਨੀ ਟ੍ਰੈਵਲ ਏਜੰਸੀਆਂ ਖ਼ਿਲਾਫ਼ ਘੱਟੋ-ਘੱਟ 20 ਕੇਸ ਦਰਜ ਕੀਤੇ ਗਏ ਸਨ। ਇਸ ਤਰ੍ਹਾਂ ਹੁਣ ਤੱਕ ਗ਼ੈਰਕਾਨੂੰਨੀ ਟਰੈਵਲ ਏਜੰਸੀਆਂ ਦੀ ਗਿਣਤੀ 43 ਤੱਕ ਪਹੁੰਚ ਗਈ ਹੈ। ਜ਼ਿਕਰਯੋਗ ਹੈ ਕਿ ਪ੍ਰੋਟੈਕਟੋਰੇਟ ਆਫ ਇਮੀਗ੍ਰੈਂਟਸ ਨੇ ਅਜਿਹੀਆਂ ਟਰੈਵਲ ਏਜੰਸੀਆਂ ਵੱਲੋਂ ਵਿਦੇਸ਼ਾਂ ਵਿਚ ਨੌਕਰੀਆਂ ਲਈ ਇੰਸਟਾਗ੍ਰਾਮ ਅਤੇ ਫੇਸਬੁੱਕ 'ਤੇ ਦਿੱਤੇ ਜਾਂਦੇ ਇਸ਼ਤਿਹਾਰਾਂ ਦਾ ਗੰਭੀਰ ਨੋਟਿਸ ਲਿਆ ਹੈ।



ਏ.ਡੀ.ਜੀ.ਪੀ. (ਐੱਨ.ਆਰ.ਆਈ. ਮਾਮਲੇ) ਪ੍ਰਵੀਨ ਕੇ ਸਿਨਹਾ ਨੇ ਦੱਸਿਆ ਕਿ ਇਹ ਟਰੈਵਲ ਏਜੰਸੀਆਂ ਬਿਨਾਂ ਲੋੜੀਂਦੇ ਲਾਇਸੈਂਸ ਅਤੇ ਮਨਜ਼ੂਰੀ ਦੇ ਇੰਸਟਾਗ੍ਰਾਮ ਅਤੇ ਫੇਸਬੁੱਕ 'ਤੇ ਵਿਦੇਸ਼ਾਂ ਵਿਚ ਨੌਕਰੀਆਂ ਬਾਰੇ ਇਸ਼ਤਿਹਾਰ ਦੇ ਰਹੀਆਂ ਸਨ। ਉਨ੍ਹਾਂ ਦੱਸਿਆ ਕਿ ਆਨਲਾਈਨ ਪਲੈਟਫਾਰਮਾਂ ਦੀ ਜਾਂਚ ਕੀਤੀ ਗਈ ਤੇ ਉਨ੍ਹਾਂ ਦੇ ਪ੍ਰਮਾਣ ਪੱਤਰਾਂ ਦੀ ਗੁਪਤ ਤੌਰ 'ਤੇ ਤਸਦੀਕ ਕੀਤੀ ਗਈ।

ਏ.ਡੀ.ਜੀ.ਪੀ. ਨੇ ਦੱਸਿਆ ਕਿ ਸੂਬੇ ਦੇ ਵੱਖ-ਵੱਖ ਐੱਨ.ਆਰ.ਆਈ. ਥਾਣਿਆਂ ਵਿਚ ਇਮੀਗ੍ਰੇਸ਼ਨ ਐਕਟ ਦੀਆਂ ਧਾਰਾਵਾਂ 24/25 ਤਹਿਤ 18 ਨਵੇਂ ਕੇਸ ਦਰਜ ਕੀਤੇ ਗਏ ਹਨ। ਇਨ੍ਹਾਂ ਵਿਚ ਮੁਹਾਲੀ, ਅੰਮ੍ਰਿਤਸਰ, ਲੁਧਿਆਣਾ ਅਤੇ ਪਟਿਆਲਾ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਅਗਸਤ ਅਤੇ ਸਤੰਬਰ ਮਹੀਨਿਆਂ ਵਿਚ ਦਰਜ ਕੀਤੇ ਗਏ ਇਨ੍ਹਾਂ 26 ਮਾਮਲਿਆਂ ਵਿਚ ਕੁੱਲ 34 ਮੁਲਜ਼ਮਾਂ 'ਚੋਂ 25 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ ਅਤੇ ਬਾਕੀ ਮੁਲਜ਼ਮ ਟਰੈਵਲ ਏਜੰਟਾਂ ਨੂੰ ਨੋਟਿਸ ਭੇਜੇ ਜਾ ਰਹੇ ਹਨ। ਏ.ਡੀ.ਜੀ.ਪੀ. ਸਿਨਹਾ ਨੇ ਆਮ ਨਾਗਰਿਕਾਂ ਨੂੰ ਚੌਕਸ ਰਹਿਣ ਅਤੇ ਟਰੈਵਲ ਏਜੰਟਾਂ ਨੂੰ ਦਸਤਾਵੇਜ਼ ਅਤੇ ਪੈਸੇ ਦੇਣ ਤੋਂ ਪਹਿਲਾਂ ਉਨ੍ਹਾਂ ਦੇ ਪ੍ਰਮਾਣ ਪੱਤਰਾਂ ਦੀ ਪੁਸ਼ਟੀ ਕਰਨ ਲਈ ਕਿਹਾ ਹੈ।

ਪੁਲਿਸ ਨੇ ਕਾਰਵਾਈ ਦੌਰਾਨ ਸਾਈ ਏਂਜਲ ਗਰੁੱਪ ਸੈਕਟਰ-78 (ਮੁਹਾਲੀ), ਯੂਨੀਕ ਐਂਟਰਪ੍ਰਾਈਜ਼ਿਜ਼, ਸੰਨੀ ਐਨਕਲੇਵ ਸੈਕਟਰ-123 (ਮੁਹਾਲੀ), ਵਨ ਪੁਆਇੰਟ ਸਰਵਿਸਿਜ਼ ਸੈਕਟਰ-115 (ਖਰੜ), ਭਾਰਤ ਇਮੀਗ੍ਰੇਸ਼ਨ ਅਮਲੋਹ, ਮਾਸਟਰ ਮਾਈਂਡ ਇਮੀਗ੍ਰੇਸ਼ਨ, ਸਟੱਡੀ ਵੀਜ਼ਾ ਕੰਸਲਟੈਂਟ ਸ੍ਰੀ ਆਨੰਦਪੁਰ ਸਾਹਿਬ, ਏ.ਵੀ.ਪੀ. ਇਮੀਗ੍ਰੇਸ਼ਨ ਬਠਿੰਡਾ, ਸਕਾਈ ਬ੍ਰਿਜ ਇਮੀਗ੍ਰੇਸ਼ਨ ਬਠਿੰਡਾ, ਗੇਟਵੇਅ ਇਮੀਗ੍ਰੇਸ਼ਨ ਪਟਿਆਲਾ, ਮਾਸਟਰ ਇਮੀਗ੍ਰੇਸ਼ਨ ਰਾਜਪੁਰਾ, ਹੰਬਲ ਇਮੀਗ੍ਰੇਸ਼ਨ ਅੰਮ੍ਰਿਤਸਰ, ਦਿ ਹੰਬਲ ਇਮੀਗ੍ਰੇਸ਼ਨ ਲੁਧਿਆਣਾ, ਈ.ਵੀ.ਏ.ਏ. ਇਮੀਗ੍ਰੇਸ਼ਨ ਲੁਧਿਆਣਾ, ਕੌਰ ਇਮੀਗ੍ਰੇਸ਼ਨ ਸੈਂਟਰ ਮੋਗਾ, ਸ਼ਿਵ ਕੰਸਲਟੈਂਸੀ ਇਮੀਗ੍ਰੇਸ਼ਨ ਅੰਮ੍ਰਿਤਸਰ, ਆਹੂਜਾ ਇਮੀਗ੍ਰੇਸ਼ਨ ਜੰਡਿਆਲਾ ਰੋਡ ਤਰਨ ਤਾਰਨ, ਜੇ.ਐੱਮ.ਸੀ. ਅੰਮ੍ਰਿਤਸਰ, ਸੈਣੀ ਐਸੋਸੀਏਟਸ (ਗਲਫ ਜੌਬਸ ਐਂਡ ਯੂਰੋਪ ਗਲਫ਼ ਵੀਜ਼ਾ) ਖੰਨਾ ਕੰਪਲੈਕਸ ਰੂਪਨਗਰ ਖ਼ਿਲਾਫ਼ ਕੇਸ ਦਰਜ ਕੀਤੇ ਹਨ।


**ਮੈਟਰੀਮੋਨੀਅਲ**

ਅਮਰੀਕਾ 'ਚ ਵੈਲ ਸੈਟਲਡ, ਗੁਰਸਿੱਖ ਪਰਿਵਾਰ ਨੂੰ ਆਪਣੇ ਪ੍ਰੋਫੈਸ਼ਨਲੀ ਕੁਆਲੀਫਾਈਡ ਅੰਮ੍ਰਿਤਧਾਰੀ, 1987 ਬੌਰਨ, ਕੱਦ 5'-11", ਅਮਰੀਕਾ ਤੋਂ ਮਾਸਟਰਜ਼ ਡਿਗਰੀ ਹੋਲਡਰ, ਸਾਫਟਵੇਅਰ ਇੰਜੀਨੀਅਰਿੰਗ ਪ੍ਰੋਡਕਟ ਮੈਨੇਜਰ ਦੀ ਵਧੀਆ ਜੌਬ ਕਰਦੇ, ਸਾਨ-ਫਰਾਂਸਿਸਕੋ, ਬੇ ਏਰੀਆ, ਕੈਲੀਫੋਰਨੀਆ (ਅਮਰੀਕਾ) 'ਚ ਆਪਣੇ ਘਰ ਦੇ ਮਾਲਕ, ਵਿਆਹ ਤੋਂ ਸਿਰਫ 4 ਮਹੀਨੇ ਵਿਚ ਇਨੋਸੈਂਟਲੀ ਡਾਇਵੋਰਸਡ (ਕੋਈ ਬੱਚਾ ਨਹੀਂ), ਲੜਕੇ ਲਈ ਗੁਰਸਿੱਖ, ਅੰਮ੍ਰਿਤਧਾਰੀ, ਪੜ੍ਹੀ-ਲਿਖੀ, ਸੋਹਣੀ, ਵੈਸ਼ਨੂੰ, ਪਰਿਵਾਰਕ ਲੜਕੀ ਦੀ ਲੋੜ ਹੈ। ਅਮਰੀਕਾ/ਕੈਨੇਡਾ ਦੀ ਲੜਕੀ ਨੂੰ ਪਹਿਲ ਦਿੱਤੀ ਜਾਵੇਗੀ। ਹੋਰ ਵਧੇਰੇ ਜਾਣਕਾਰੀ ਲਈ 1-510-281-7065 ਜਾਂ ਫਿਰ ਵਟਸਅਪ : +91-98993-79442 'ਤੇ ਫੋਨ ਕਰ ਸਕਦੇ ਹੋ ਜਾਂ ਫਿਰ ਆਪਣੇ ਵੇਰਵੇ ਈਮੇਲ: CJSINGH55@gmail.com 'ਤੇ ਭੇਜ ਸਕਦੇ ਹੋ।

**ਮੈਟਰੀਮੋਨੀਅਲ**

ਅਮਰੀਕਾ ਦੇ ਵਰਕ ਪਰਮਿਟ ਹੋਲਡਰ, ਸੁਨਿਆਰ ਲੜਕੀ, ਉਮਰ 29 ਸਾਲ, ਕੱਦ 5'-1", ਬੈਚਲਰਸ ਆਫ ਡੈਂਟਲ ਸਰਜਰੀ (ਬੀ.ਡੀ.ਐੱਸ.) ਡੈਂਟਿਸਟ ਲਈ ਲੜਕੇ ਦੀ ਲੋੜ ਹੈ। ਸਿਰਫ ਅਮਰੀਕਨ ਫੈਮਿਲੀ ਹੀ ਸੰਪਰਕ ਕਰਨ।
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ : 98761-42597

**ਮੈਟਰੀਮੋਨੀਅਲ**

ਅਮਰੀਕਾ ਦੇ ਵਰਕ ਪਰਮਿਟ ਹੋਲਡਰ, ਸੁਨਿਆਰ ਲੜਕਾ, ਉਮਰ 28 ਸਾਲ, ਗ੍ਰੈਜੂਏਟ ਲੜਕੇ ਲਈ ਅਮਰੀਕੀ ਨਾਗਰਿਕਤਾ ਪ੍ਰਾਪਤ ਲੜਕੀ ਦੀ ਲੋੜ ਹੈ। ਸਿਰਫ ਅਮਰੀਕਨ ਫੈਮਿਲੀ ਹੀ ਸੰਪਰਕ ਕਰਨ।
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ : 98761-42597

**ਪੰਜਾਬ ਮੇਲ 'ਚ ਮੁਫਤ ਮੈਟਰੀਮੋਨੀਅਲ ਇਸ਼ਤਿਹਾਰ ਲਗਾਉਣ ਲਈ 916-320-9444 'ਤੇ ਸੰਪਰਕ ਕਰੋ।**

**ਮੈਟਰੀਮੋਨੀਅਲ**

ਜੱਟ ਸਿੱਖ, 42 ਸਾਲ, 5'-4", ਵਧੀਆ ਨੌਕਰੀ, ਅਮਰੀਕਨ ਸਿਟੀਜ਼ਨ, ਤਲਾਕਸ਼ੁਦਾ ਲੜਕੀ ਲਈ ਅਮਰੀਕਾ ਵਿਚ ਰਹਿੰਦੇ ਵਧੀਆ ਸਥਾਪਿਤ ਜੱਟ ਸਿੱਖ ਪਰਿਵਾਰ ਦੇ ਬਿਨਾਂ ਬੱਚੇ ਤੋਂ ਜੀਵਨ ਸਾਥੀ ਦੀ ਲੋੜ ਹੈ। ਚਾਹਵਾਨ ਵਟਸਐਪ 540-479-0603 'ਤੇ ਸੰਪਰਕ ਕਰ ਸਕਦੇ ਹਨ।

**MATRIMONIAL**

ਖੱਤਰੀ ਰਾਮਗੜ੍ਹੀਆ ਸਿੱਖ ਲੜਕਾ 26, ਬੀ.ਏ., 6'-2" ਬਰੈਂਪਟਨ ਵਿੱਚ ਕੱਚਾ, ਲਈ ਕੈਨੇਡਾ ਪੀ.ਆਰ. ਢੁੱਕਵੀਂ ਕੰਨਿਆਂ ਲੋੜੀਂਦੀ ਹੈ। ਸੰਪਰਕ : ਸਤਵੀਰ ਸਿੰਘ ਚਾਨੀਆਂ, 92569-73526 (ਇੰਡੀਆ)

**MATRIMONIAL**

Seeking Amritdhari Educated Vegetarian Singhnee From USA/CANADA For Well Settled Amritdhari Singh, 36 Years Old, 5'-11" Height, Working as Software Product Leader, Owns A House in San Francisco Bay Area. Innocent Issueless Divorcee (4 Months Marriage)
Call: +1-510-281-7065, WhatsApp: +91 98993 79442
Email: cjsingh55@gmail.com

**MATRIMONIAL**

Jatt Sikh boy, 6'-00", 32, Registered Nurse, Pure Vegetarian, Work Permit holder, Bay Area resident, looking for a family oriented match. Parents Green Card holders.
Contact: +1-510-453-0085.

**ਕੰਨਿਆ ਦੀ ਲੋੜ**

ਅਮਰੀਕਾ ਦੇ ਗਰੀਨ ਕਾਰਡ ਹੋਲਡਰ, ਟਾਂਕ ਕਸ਼ੱਤਰੀ ਲੜਕਾ, ਉਮਰ 32 ਸਾਲ, ਕੱਦ 6 ਫੁੱਟ, ਸਾਊ, ਨਸ਼ਿਆਂ ਤੋਂ ਰਹਿਤ, ਮਿਹਨਤੀ, ਵਿੱਦਿਆ ਗਰੇਡ 12, ਮਾਲਵੇ ਨਾਲ ਸਬੰਧਿਤ ਲਈ ਕੈਨੇਡਾ ਜਾਂ ਅਮਰੀਕਾ ਵਿਚ ਨਾਗਰਿਕਤਾ ਪ੍ਰਾਪਤ ਯੋਗ ਕੰਨਿਆ ਦੀ ਲੋੜ ਹੈ। ਸਾਰਾ ਪਰਿਵਾਰ ਅਮਰੀਕਾ ਵਿਚ ਸੈਟਲਡ ਹੈ। ਸੰਪਰਕ ਕਰੋ : +1 (206) 353-6341, ਕੈਨੇਡਾ : 416-509-6200

# ਫਾਊਲਰ ਵਿਖੇ 24ਵਾਂ ਉਸਤਾਦ ਲਾਲ ਚੰਦ ਯਮਲਾ ਜੱਟ ਯਾਦਗਾਰੀ ਮੇਲਾ ਲੱਗਿਆ

**ਫਰਿਜ਼ਨੋ, (ਪੰਜਾਬ ਮੇਲ)-** ਪੰਜਾਬੀ ਸੱਭਿਆਚਾਰ ਅਤੇ ਗਾਇਕੀ ਦਾ ਮਾਣ, ਤੂੰਬੀ ਦੇ ਬਾਦਸ਼ਾਹ ਮਰਹੂਮ ਕਲਾਕਾਰ ਉਸਤਾਦ ਲਾਲ ਚੰਦ ਯਮਲਾ ਜੱਟ ਦਾ 24ਵਾਂ ਯਾਦਗਾਰੀ ਮੇਲਾ ਕੈਲੀਫੋਰਨੀਆ ਦੇ ਸ਼ਹਿਰ ਫਾਊਲਰ ਵਿਖੇ ਲਾਇਆ ਗਿਆ, ਜਿਸ ਦੀ ਸ਼ੁਰੂਆਤ ਸਭ ਨੂੰ ਜੀ ਆਇਆਂ ਕਹਿੰਦੇ ਹੋਏ ਜਸਵੰਤ ਸਿੰਘ ਮਹਿੰਮੀ ਨੇ ਕੀਤੀ। ਇਸ ਉਪਰੰਤ ਉਸਤਾਦ ਲਾਲ ਚੰਦ ਯਮਲਾ ਜੱਟ ਦੀ ਤਸਵੀਰ ਉੱਪਰ ਸ਼ਰਧਾ ਦੇ ਫੁੱਲ ਭੇਟ ਕਰਦੇ ਹੋਏ ਹਾਰ ਪਾਉਣ ਦੀ ਰਸਮ ਕੀਤੀ ਗਈ।

ਇਸ ਸਮੇਂ ਵਿਸ਼ੇਸ਼ ਤੌਰ ’ਤੇ ਕੈਨੇਡਾ ਤੋਂ ਆਪਣੀ ਗਾਇਕੀ ਨੂੰ ਉਸਤਾਦ ਲਾਲ ਚੰਦ ਯਮਲਾ ਜੱਟ ਦੀਆਂ ਲੀਹਾਂ ’ਤੇ ਤੋਰਦੇ ਹੋਏ ਨੌਜਵਾਨ ਗਾਇਕ ਪਵਨਜੋਤ ਯਮਲਾ ਖੁੱਲ੍ਹੇ ਅਖਾੜੇ ਰਾਹੀਂ ਆਪਣੀ ਹਾਜ਼ਰੀ ਭਰੀ। ਉਸਤਾਦ ਲਾਲ ਚੰਦ ਯਮਲਾ ਜੱਟ ਕਮੇਟੀ ਵੱਲੋਂ ਪਵਨਜੋਤ ਯਮਲੇ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਸਮੇਂ ਹੋਰ ਬੁਲਾਰਿਆਂ ਵਿਚ ਪਾਲ ਸਹੋਤਾ, ਚਰਨਜੀਤ ਸਿੰਘ ਸਹੋਤਾ, ਨਾਜ਼ਰ ਸਿੰਘ ਕੂਨਰ, ਚਰਨਜੀਤ ਸਿੰਘ ਬਾਠ ਅਤੇ ਰਾਜਿੰਦਰ ਬਰਾੜ ਆਦਿਕ ਬਹੁਤ ਸਾਰੇ ਬੁਲਾਰਿਆਂ ਨੇ ਵਿਚਾਰਾ ਦੀ ਸਾਂਝ ਪਾਈ।

ਇਸ ਬਾਅਦ ਚੱਲੇ ਗਾਇਕੀ ਦੇ ਖੁੱਲ੍ਹੇ ਅਖਾੜੇ ਵਿਚ ਯਮਲਾ ਜੱਟ ਦੇ ਲਾਡਲੇ ਸ਼ਾਗਿਰਦ ਅਤੇ ਮੇਲਾ ਕਮੇਟੀ ਦੇ ਪ੍ਰੈਜ਼ੀਡੈਂਟ ਰਾਜਿੰਦਰ ਬਰਾੜ, ਉਰਫ ਰਾਜ ਬਰਾੜ ਯਮਲਾ ਨੇ ਸਭ ਨੂੰ ਜੀ ਆਇਆਂ ਕਹਿਣ ਉਪਰੰਤ ਆਪਣੀ ਗਾਇਕੀ ਰਾਹੀਂ ਖੂਬ ਰੰਗ ਬੰਨ੍ਹੇ। ਯਮਲਾ ਜੀ ਨੂੰ ਆਪਣਾ ਆਦਰਸ਼ ਮੰਨਣ ਵਾਲੇ ਗਾਇਕ ਪਵਨਜੋਤ ਯਮਲਾ ਨੇ ਆਪਣੀ ਤੂੰਬੀ ਵਾਲੀ ਗਾਇਕੀ ਵਾਲੇ ਅੰਦਾਜ਼ ਰਾਹੀਂ ਉਸਤਾਦ ਲਾਲ ਚੰਦ ਯਮਲਾ ਜੱਟ ਨੂੰ ਸਭ ਦੇ ਦਿਲਾਂ ਵਿਚ ਜ਼ਿੰਦਾ ਕਰ ਦਿੱਤਾ। ਇਉਂ ਜਾਪ ਰਿਹਾ ਸੀ ਕਿ ਉਹੀ ਆਵਾਜ਼ ਅਤੇ ਉਹੀ ਸਾਜ਼ ਵੱਜ ਰਹੇ ਜੋਣ। ਇਸੇ ਤਰ੍ਹਾਂ ਸਥਾਨਕ ਕੈਲੀਫੋਰਨੀਆ ਦੇ ਦਿਲਦਾਰ ਬ੍ਰਦਰਜ਼ ਗਰੁੱਪ ਦੇ ਗਾਇਕ ਅਵਤਾਰ ਗਰੇਵਾਲ, ਰਾਣੀ ਗਿੱਲ ਅਤੇ ਕਾਤਾਂ ਸਹੋਤਾ ਨੇ ਆਪਣੇ ਭੰਗੜੇ ਵਾਲੇ ਗੀਤਾਂ ਰਾਹੀ ਖੂਬ ਰੌਣਕਾਂ ਲਾਈਆਂ। ਹੋਰ ਪ੍ਰਮੁੱਖ ਗਾਇਕਾਂ ਹਰਬੰਸ ਸਿੰਘ, ਕਮਲਜੀਤ ਬੈਨੀਪਾਲ, ਮਹਿੰਦਰ ਸਿੰਘ ਰਾਜਪੂਤ, ਹਰਜੀਤ ਸਿੰਘ ਆਦਿਕ ਨੇ ਯਮਲਾ ਜੀ ਦੇ ਅਤੇ ਆਪਣੇ ਗੀਤਾਂ ਰਾਹੀਂ ਹਾਜ਼ਰੀ ਭਰਦੇ ਹੋਏ ਹਾਜ਼ਰੀਨ ਦਾ ਭਰਪੂਰ ਮਨੋਰੰਜਨ ਕੀਤਾ।

ਜਦਕਿ ਸਰੋਤਿਆਂ ਦੀ ਮੰਗ ਨੂੰ ਮੁੱਖ ਰੱਖਦੇ ਦੋਗਾਣਾ ਗਾਇਕ ਜੋੜੀਆਂ ਵਿਚ ਬੁਲੰਦ ਆਵਾਜ਼ ਅਤੇ ਸੁਰੀਲੇ ਗਾਇਕ ਪੱਪੀ ਭਦੌੜ ਅਤੇ ਦਿਲਪ੍ਰੀਤ ਕੌਰ ਦਿਲ ਦੀ ਜੋੜੀ ਨੇ ਪੰਜਾਬੀ ਸੱਭਿਆਚਾਰ ਦੇ ਦੋਗਾਣਾ ਰੰਗ ਨੂੰ ਪੇਸ਼ ਕਰਦੇ ਹੋਏ ਆਪਣੀ ਨੋਕ-ਝੋਕ ਨਾਲ ਸਭ ਦਾ ਦਿਲ ਜਿੱਤਿਆ।

ਸਥਾਨਕ ਕਾਂਗਰਸਮੈਨ ਮਿਸਟਰ ਜਿਮ ਕੋਸਟਾ, ਨਿੱਕ ਸਹੋਤਾ, ਲੂਈਸ ਅਤੇ ਹੋਰ ਬਹੁਤ ਸਾਰੇ ਵੋਟਾਂ ਦੇ ਉਮੀਦਵਾਰਾਂ ਨੇ ਵੀ ਹਾਜ਼ਰੀ ਭਰਦੇ ਹੋਏ ਸਹਿਯੋਗ ਦੇਣ ਦੀ ਵਚਨਬੱਧਤਾ ਪ੍ਰਗਟਾਈ।

ਪ੍ਰੋਗਰਾਮ ਦੌਰਾਨ ਸਟੇਜ ਸੰਚਾਲਨ ਜਸਵੰਤ ਸਿੰਘ ਮਹਿੰਮੀ, ਕੁਲਵੰਤ ਉੱਭੀ ਧਾਲੀਆਂ ਅਤੇ ਜਗਤਾਰ ਗਿੱਲ ਨੇ ਯਮਲਾ ਜੀ ਦੇ ਜ਼ਿੰਦਗੀ ਦੇ ਪੱਖ ਸਾਂਝੇ ਕਰਦੇ ਹੋਏ ਬਾਖੂਬੀ ਸ਼ਾਇਰਾਨਾ ਅੰਦਾਜ਼ ਵਿਚ ਕੀਤਾ। ਹਾਜ਼ਰੀਨ ਲਈ ਚਾਹ-ਪਕੌੜੇ ਆਦਿਕ ਦੇ ਲੰਗਰ ਖੁੱਲ੍ਹੇ ਚੱਲੇ। ਸਮੁੱਚੇ ਪ੍ਰੋਗਰਾਮ ਦੌਰਾਨ ਸੰਗੀਤ ਨਰਿੰਦਰ ਬੱਗਾ, ਅਮਰੀਕ ਮੀਕਾ ਅਤੇ ਸੰਨੀ ਐਂਡ ਪਾਰਟੀ ਵੱਲੋਂ ਦਿੱਤਾ ਗਿਆ।

ਇਸ ਯਾਦਗਾਰੀ ਮੇਲੇ ਵਿਚ ਹਾਜ਼ਰ ਸਮੂਹ ਕਲਾਕਾਰਾਂ ਅਤੇ ਪ੍ਰਮੁੱਖ ਸ਼ਖਸੀਅਤਾਂ ਦਾ ਪ੍ਰਬੰਧਕਾਂ ਵੱਲੋਂ ਸਨਮਾਨ ਕੀਤਾ ਗਿਆ। ਅੰਤ ਵਿਚ ਮੇਲੇ ਦੇ ਮੁੱਖ ਪ੍ਰਬੰਧਕ ਰਾਜਿੰਦਰ ਸਿੰਘ ਬਰਾੜ ਉਰਫ ਰਾਜ ਬਰਾੜ ਯਮਲੇ ਨੇ ਸਭ ਹਾਜ਼ਰੀਨ ਦਾ ਸਹਿਯੋਗ ਲਈ ਧੰਨਵਾਦ ਕੀਤਾ। ਉਸਤਾਦ ਲਾਲ ਚੰਦ ਯਮਲਾ ਜੱਟ ਦੀ ਗਾਇਕੀ ਅਤੇ ਗੀਤਕਾਰੀ ਨੂੰ ਸਿੱਜਦਾ ਕਰਦੇ ਹੋਏ, ਅੰਤ ਆਪਣੀਆਂ ਅਮਿੱਟ ਪੈੜਾਂ ਛੱਡਦਾ ਹੋਇਆ ਮੇਲਾ ਯਾਦਗਾਰੀ ਹੋ ਨਿਬੜਿਆ।



ਮੇਲੇ ਦੇ ਯਾਦਗਾਰੀ ਪਲ।

# ਸ਼੍ਰੋਮਣੀ ਅਕਾਲੀ ਦਲ ਵੱਲੋਂ ਵਿਰਸਾ ਸਿੰਘ ਵਲਟੋਹਾ ਦਾ ਅਸਤੀਫ਼ਾ ਮਨਜ਼ੂਰ



**ਚੰਡੀਗੜ੍ਹ, (ਪੰਜਾਬ ਮੇਲ)-** ਸ਼੍ਰੋਮਣੀ ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਵੱਲੋਂ ਵਿਰਸਾ ਸਿੰਘ ਵਲਟੋਹਾ ਦਾ ਅਸਤੀਫ਼ਾ ਮਨਜ਼ੂਰ ਕਰ ਲਿਆ ਗਿਆ ਹੈ। ਬੀਤੇ ਦਿਨੀਂ ਪੰਜ ਸਿੰਘ ਸਾਹਿਬਾਨਾਂ ਵੱਲੋਂ ਬਲਵਿੰਦਰ ਸਿੰਘ ਭੂੰਦੜ ਨੂੰ ਹੁਕਮ ਦਿੱਤੇ ਗਏ ਸੀ ਕਿ ਉਹ ਵਿਰਸਾ ਸਿੰਘ ਵਲਟੋਹਾ ਨੂੰ 24 ਘੰਟਿਆਂ ਦੇ ਅੰਦਰ-ਅੰਦਰ ਪਾਰਟੀ ਵਿਚੋਂ ਕੱਢ ਦੇਣ ਅਤੇ 10 ਸਾਲ ਤੱਕ ਉਸ ਨੂੰ ਪਾਰਟੀ ਵਿਚ ਮੁੜ ਸ਼ਾਮਲ ਨਾ ਕੀਤਾ ਜਾਵੇ। ਇਸ ਮਗਰੋਂ ਵਲਟੋਹਾ ਵੱਲੋਂ ਆਪ ਹੀ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਅਤੇ ਸਾਰੇ ਅਹੁਦਿਆਂ ਤੋਂ ਅਸਤੀਫ਼ਾ ਦੇ ਦਿੱਤਾ ਗਿਆ ਸੀ।

ਸ਼੍ਰੋਮਣੀ ਅਕਾਲੀ ਦਲ ਵੱਲੋਂ ਵਲਟੋਹਾ ਦਾ ਅਸਤੀਫ਼ਾ ਵੀ ਜਨਤਕ ਕੀਤਾ ਗਿਆ ਹੈ। ਇਸ ਵਿਚ ਵਿਰਸਾ ਸਿੰਘ ਵਲਟੋਹਾ ਨੇ ਪਾਰਟੀ ਪ੍ਰਧਾਨ ਤੇ ਕਾਰਜਕਾਰੀ ਪ੍ਰਧਾਨ ਨੂੰ ਲਿਖਿਆ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੇਸ਼ੀ ਮਗਰੋਂ ਪੰਜ ਸਿੰਘ ਸਾਹਿਬਾਨ ਵੱਲੋਂ ਜਾਰੀ ਆਦੇਸ਼ ਸਬੰਧੀ ਉਹ ਖ਼ੁਦ ਹੀ ਗੁਰੂ ਦਾ ਇਕ ਨਿਮਾਣਾ ਸਿੱਖ ਹੋਣ ਦੇ ਨਾਤੇ ਸਿਰ ਝੁਕਾ ਕੇ ਪ੍ਰਵਾਨ ਕਰਦਾ ਹੋਇਆ ਸ਼੍ਰੋਮਣੀ ਅਕਾਲੀ ਦਲ ਦੀ ਮੁੱਢਲੀ ਮੈਂਬਰਸ਼ਿਪ ਤੇ ਸਾਰੇ ਅਹੁਦਿਆਂ ਤੋਂ ਅਸਤੀਫ਼ਾ ਦਿੰਦੇ ਹਨ। ਉਨ੍ਹਾਂ ਪਾਰਟੀ ਦੇ ਕਾਰਜਕਾਰੀ ਪ੍ਰਧਾਨ ਨੂੰ ਅਪੀਲ ਕੀਤੀ ਸੀ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵ-ਉੱਚਤਾ ਨੂੰ ਮੱਦੇਨਜ਼ਰ ਰੱਖਦਿਆਂ ਉਨ੍ਹਾਂ ਨੂੰ ਸ਼੍ਰੋਮਣੀ ਅਕਾਲੀ ਦਲ ਦੀ ਮੁੱਢਲੀ ਮੈਂਬਰਸ਼ਿਪ ਤੋਂ ਖਾਰਜ ਕੀਤਾ ਜਾਵੇ, ਤਾਂ ਜੋ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮ ਦੀ ਪਾਲਣਾ ਹੋ ਸਕੇ।

ਅਕਾਲੀ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਸੋਸ਼ਲ ਮੀਡੀਆ ਰਾਹੀਂ ਦੱਸਿਆ ਕਿ ਸ਼੍ਰੋਮਣੀ ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਨੇ ਵਿਰਸਾ ਸਿੰਘ ਵਲਟੋਹਾ ਦਾ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਅਤੇ ਸਾਰੇ ਅਹੁਦਿਆਂ ਤੋਂ ਅਸਤੀਫ਼ਾ ਮਨਜ਼ੂਰ ਕਰ ਲਿਆ ਹੈ। ਇਸ ਦੇ ਨਾਲ ਹੀ ਉਨ੍ਹਾਂ ਨੇ ਵਿਰਸਾ ਸਿੰਘ ਵਲਟੋਹਾ ਦੇ ਅਸਤੀਫ਼ੇ ਦੀ ਕਾਪੀ ਵੀ ਸਾਂਝੀ ਕੀਤੀ ਹੈ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ :
www.punjabmailusa.com




# ਨਰਿੰਦਰ ਮੋਦੀ ਅਤੇ ਜਸਟਿਨ ਟਰੂਡੋ ਵਿਚਾਲੇ ਨਹੀਂ ਹੋਈ ਕੋਈ ਠੋਸ ਗੱਲਬਾਤ

**ਭਾਰਤ ਨੇ ਟਰੂਡੋ ਦੀਆਂ ਟਿੱਪਣੀਆਂ ਨੂੰ ਕੀਤਾ ਖਾਰਿਜ; ਸਬੰਧਾਂ 'ਚ ਤਣਾਅ ਜਾਰੀ**



**ਨਵੀਂ ਦਿੱਲੀ, (ਪੰਜਾਬ ਮੇਲ)-** ਭਾਰਤ ਨੇ ਲਾਓਸ 'ਚ 19ਵੇਂ ਪੂਰਬੀ ਏਸ਼ੀਆ ਸਿਖਰ ਸੰਮੇਲਨ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਗੱਲਬਾਤ ਨੂੰ ਲੈ ਕੇ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਕੀਤੀਆਂ ਗਈਆਂ ਟਿੱਪਣੀਆਂ ਨੂੰ ਖਾਰਿਜ ਕਰ ਦਿੱਤਾ ਹੈ। ਸੂਤਰਾਂ ਨੇ ਇੱਥੇ ਸਪੱਸ਼ਟ ਕੀਤਾ ਕਿ ਮੋਦੀ ਅਤੇ ਟਰੂਡੋ ਵਿਚਾਲੇ ਕੋਈ ਠੋਸ ਗੱਲਬਾਤ ਨਹੀਂ ਹੋਈ। ਸੂਤਰਾਂ ਨੇ ਕਿਹਾ ਕਿ ਭਾਰਤ ਨੂੰ ਉਮੀਦ ਹੈ ਕਿ ਕੈਨੇਡਾ ਦੀ ਧਰਤੀ 'ਤੇ ਭਾਰਤ ਵਿਰੋਧੀ ਖਾਲਿਸਤਾਨੀ ਗਤੀਵਿਧੀਆਂ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ ਅਤੇ ਕੈਨੇਡਾ ਦੀ ਧਰਤੀ ਤੋਂ ਭਾਰਤ ਵਿਰੁੱਧ ਹਿੰਸਾ, ਕੱਟੜਵਾਦ ਅਤੇ ਅੱਤਵਾਦ ਦੀ ਵਕਾਲਤ ਕਰਨ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ, ਜੋ ਕਿ ਅਜੇ ਤੱਕ ਨਹੀਂ ਹੋ ਸਕਿਆ ਹੈ।

ਸੂਤਰਾਂ ਨੇ ਕਿਹਾ ਕਿ ਸੰਗਠਿਤ ਅਪਰਾਧ, ਡਰੱਗ ਸਿੰਡੀਕੇਟ ਅਤੇ ਮਨੁੱਖੀ ਸਮੱਗਲਿੰਗ ਨਾਲ ਅਜਿਹੀਆਂ ਤਾਕਤਾਂ ਦਾ ਵਧ ਰਿਹਾ ਗੱਠਜੋੜ ਵੀ ਕੈਨੇਡਾ ਲਈ ਵੀ ਚਿੰਤਾ ਦਾ ਵਿਸ਼ਾ ਹੋਣਾ ਚਾਹੀਦਾ ਹੈ। ਭਾਰਤ ਕੈਨੇਡਾ ਨਾਲ ਸਬੰਧਾਂ ਨੂੰ ਮਹੱਤਵ ਦਿੰਦਾ ਹੈ ਪਰ ਇਨ੍ਹਾਂ ਨੂੰ ਉਦੋਂ ਤੱਕ ਸੁਧਾਰਿਆ ਨਹੀਂ ਜਾ ਸਕਦਾ, ਜਦੋਂ ਤੱਕ ਕੈਨੇਡਾ ਸਰਕਾਰ ਭਾਰਤ ਵਿਰੋਧੀ ਗਤੀਵਿਧੀਆਂ ਨੂੰ ਸਰਗਰਮੀ ਨਾਲ ਅੰਜਾਮ ਦੇਣ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਨਹੀਂ ਕਰਦੀ।

# ਸਪੇਸ ਐਕਸ ਦਾ ਕਰੂ-9 ਮਿਸ਼ਨ ਸੁਨੀਤਾ ਵਿਲੀਅਮ ਅਤੇ ਬੁੱਚ ਨੂੰ ਵਾਪਸ ਲਿਆਉਣ ਲਈ ਰਵਾਨਾ



**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਪੁਲਾੜ ਯਾਤਰੀ ਸੁਨੀਤਾ ਵਿਲੀਅਮ ਅਤੇ ਬੁੱਚ ਵਿਲਮ ਕਈ ਮਹੀਨਿਆਂ ਤੋਂ ਪੁਲਾੜ ਵਿੱਚ ਫਸੇ ਹੋਏ ਹਨ। ਸਪੇਸ ਐਕਸ ਦਾ ਕਰੂ-9 ਮਿਸ਼ਨ ਵੀ ਦੋਵਾਂ ਨੂੰ ਵਾਪਸ ਲੈਣ ਲਈ ਰਵਾਨਾ ਹੋ ਗਿਆ ਹੈ, ਜਿਸ ਦੀ ਮਦਦ ਨਾਲ ਇਹ ਦੋਵੇਂ ਅਗਲੇ ਸਾਲ ਫਰਵਰੀ 'ਚ ਧਰਤੀ 'ਤੇ ਵਾਪਸ ਆਉਣਗੇ।

ਸ਼ੁਰੂਆਤ 'ਚ ਦੋਵੇਂ ਪੁਲਾੜ ਯਾਤਰੀਆਂ ਨੇ ਇੱਕ ਹਫਤੇ ਲਈ ਹੀ ਅੰਤਰਰਾਸ਼ਟਰੀ ਪੁਲਾੜ ਕੇਂਦਰ ਜਾਣਾ ਸੀ, ਪਰ ਬਾਅਦ 'ਚ ਪਲਾਟ 'ਚ ਖਰਾਬੀ ਕਾਰਨ ਉਨ੍ਹਾਂ ਦੇ ਉੱਥੇ ਰੁਕਣ ਦਾ ਸਮਾਂ ਵੱਧ ਗਿਆ। ਇਸ ਦੌਰਾਨ ਇੰਟਰਨੈਸ਼ਨਲ ਸਪੇਸ ਸੈਂਟਰ 'ਚ ਵੱਡੀ ਸਮੱਸਿਆ ਖੜ੍ਹੀ ਹੋ ਗਈ। ਦਰਅਸਲ ਸਪੇਸ ਸੈਂਟਰ ਦੇ ਰੂਸੀ ਹਿੱਸੇ ਵਿਚ 2019 ਤੋਂ ਹਵਾ ਲੀਕ ਹੋ ਰਹੀ ਸੀ, ਜੋ ਬਾਅਦ ਵਿਚ ਵੱਧ ਗਈ।

ਸੁਨੀਤਾ ਦੇ ਪਲਾਟ ਸਟੇਸ਼ਨ ਦੇ ਰੁੱਕਣ ਕਾਰਨ ਲੋਕਾਂ ਦੀਆਂ ਚਿੰਤਾਵਾਂ ਵਧ ਗਈਆਂ ਹਨ। ਰਾਹਤ ਦੀ ਗੱਲ ਇਹ ਹੈ ਕਿ ਹਵਾ ਲੀਕ ਹੋਣ ਦੀ ਸਮੱਸਿਆ ਇੰਨੀ ਵੱਡੀ ਨਹੀਂ ਹੈ ਕਿ ਇਸ ਨਾਲ ਦੋਵਾਂ ਪਲਾਟ ਯਾਤਰੀਆਂ ਨੂੰ ਕੋਈ ਵੱਡੀ ਸਮੱਸਿਆ ਹੋ ਸਕਦੀ ਹੈ। ਜਿਸ ਥਾਂ ਤੋਂ ਹਵਾ ਲੀਕ ਹੋ ਰਹੀ ਹੈ, ਉਸ ਥਾਂ ਨੂੰ ਬੰਦ ਕਰ ਦਿੱਤਾ ਗਿਆ ਹੈ। ਪੁਲਾੜ ਸਟੇਸ਼ਨ 'ਤੇ ਹੋ ਰਹੇ ਇਸ ਲੀਕੇਜ ਕਾਰਨ ਹਰ ਰੋਜ਼ ਕਰੀਬ 1.7 ਕਿਲੋ ਹਵਾ ਦਾ ਨੁਕਸਾਨ ਹੋ ਰਿਹਾ ਹੈ, ਜਿਸ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਨਾਸਾ ਨੇ ਇਸ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

# ਅਮਰੀਕਾ ਦੇ ਸਹਿਯੋਗੀਆਂ ਨੇ ਉਸਦੇ ਦੁਸ਼ਮਣਾਂ ਨਾਲੋਂ ਵੱਧ ਉਸ ਦਾ ਫਾਇਦਾ ਚੁੱਕਿਆ: ਟਰੰਪ

**ਵਾਸ਼ਿੰਗਟਨ, (ਪੰਜਾਬ ਮੇਲ)-** ਸਾਬਕਾ ਅਮਰੀਕੀ ਰਾਸ਼ਟਰਪਤੀ ਅਤੇ ਰਿਪਬਲਿਕਨ ਪਾਰਟੀ ਦੇ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਡੋਨਾਲਡ ਟਰੰਪ ਨੇ ਵੱਡਾ ਬਿਆਨ ਦਿੰਦੇ ਹੋਏ ਕਿਹਾ ਕਿ ਅਮਰੀਕਾ ਦੇ ਸਹਿਯੋਗੀਆਂ ਨੇ ਉਸਦੇ ਦੁਸ਼ਮਣਾਂ ਨਾਲੋਂ ਵੱਧ ਉਸ ਦਾ ਫਾਇਦਾ ਚੁੱਕਿਆ ਹੈ। ਟਰੰਪ ਨੇ ਸ਼ਿਕਾਗੋ ਦੇ 'ਇਕਨਾਮਿਕ ਕਲੱਬ' 'ਚ ਇਕ ਸਵਾਲ ਦੇ ਜਵਾਬ 'ਚ ਕਿਹਾ, "ਸਾਡੇ ਸਹਿਯੋਗੀਆਂ ਨੇ ਸਾਡੇ ਦੁਸ਼ਮਣਾਂ ਨਾਲੋਂ ਜ਼ਿਆਦਾ ਫਾਇਦਾ ਚੁੱਕਿਆ ਹੈ। ਸਾਡਾ ਸਹਿਯੋਗੀ ਯੂਰਪੀਅਨ ਯੂਨੀਅਨ (ਈ.ਯੂ.) ਹੈ। ਯੂਰਪੀ ਸੰਘ ਨਾਲ ਸਾਡਾ ਵਪਾਰ ਘਾਟਾ 30 ਕਰੋੜ ਅਮਰੀਕੀ ਡਾਲਰ ਹੈ।"

ਉਨ੍ਹਾਂ ਕਿਹਾ, "ਸਾਡੇ ਕੋਲ ਅਜਿਹੇ ਵਪਾਰਕ ਸਮਝੌਤੇ ਹਨ, ਜੋ ਬੇਹੱਦ ਖ਼ਰਾਬ ਹਨ। ਮੈਂ ਪੁੱਛਦਾ ਹਾਂ ਕਿ ਅਜਿਹਾ ਕਰਨ ਵਾਲੇ ਲੋਕ ਕੌਣ ਹਨ? ਉਹ ਜਾਂ ਤਾਂ ਬਹੁਤ ਮੂਰਖ ਹਨ ਜਾਂ ਉਨ੍ਹਾਂ ਨੂੰ ਪੈਸੇ ਮਿਲ ਰਹੇ ਹਨ। ਮੈਂ ਚੀਨ 'ਤੇ 27.5 ਫੀਸਦੀ ਟੈਕਸ ਲਗਾਇਆ। ਨਹੀਂ ਤਾਂ ਸਾਡੇ ਕੋਲ ਚੀਨੀ ਕਾਰਾਂ ਦਾ ਹੜ੍ਹ ਆ ਜਾਵੇਗਾ। ਸਾਡੀਆਂ ਸਾਰੀਆਂ ਫੈਕਟਰੀਆਂ ਬੰਦ ਹੋ ਜਾਣਗੀਆਂ। ਆਟੋ ਉਦਯੋਗ ਵਿਚ ਸਾਡੇ ਕੋਲ ਬਿਲਕੁਲ ਵੀ ਨੌਕਰੀਆਂ ਨਹੀਂ ਹੋਣਗੀਆਂ। ਇਹ ਬਿਜਲੀ 'ਤੇ ਵੀ ਲਾਗੂ ਹੁੰਦਾ ਹੈ, ਜੋ ਕਿ ਘਾਤਕ ਹੈ, ਜਿਸ ਬਾਰੇ ਮੈਂ ਜ਼ਿਕਰ ਕੀਤਾ ਹੈ। ਮੈਂ ਦੱਖਣੀ ਕੋਰੀਆ 'ਤੇ ਟੈਕਸ ਲਗਾਇਆ, ਕਿਉਂਕਿ ਉਹ ਟਰੱਕ ਭੇਜ ਰਹੇ ਸਨ। ਮੈਂ ਕਾਫ਼ੀ ਹੱਦ ਤੱਕ ਟੈਕਸ ਲਗਾਇਆ ਹੈ।"

ਟਰੰਪ ਨੇ ਕਿਹਾ, "ਕੀ ਤੁਸੀਂ ਜਾਣਦੇ ਹੋ ਕਿ ਸਾਡੀਆਂ ਕਾਰ ਕੰਪਨੀਆਂ ਆਪਣਾ ਲਗਭਗ ਸਾਰਾ ਪੈਸਾ ਛੋਟੇ ਟਰੱਕਾਂ ਅਤੇ ਐੱਸ.ਯੂ.ਵੀਜ਼ ਤੋਂ ਕਮਾਉਂਦੀਆਂ ਹਨ? ਜੇ ਮੈਂ ਉਨ੍ਹਾਂ ਟੈਕਸਾਂ ਨੂੰ ਵਾਪਸ ਲੈ ਲਵਾਂ, ਤਾਂ ਤੁਸੀਂ ਡੁੱਬ ਜਾਵੋਗੇ। ਹਰ ਕਾਰ ਕੰਪਨੀ ਦਾ ਕਾਰੋਬਾਰ ਬੰਦ ਹੋ ਜਾਵੇਗਾ।" ਰੂਸ 'ਤੇ ਪੁੱਛੇ ਗਏ ਸਵਾਲਾਂ ਦੇ ਜਵਾਬ ਦਿੰਦੇ ਹੋਏ, ਉਨ੍ਹਾਂ ਨੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨਾਲ ਆਪਣੇ ਸਬੰਧਾਂ ਦਾ ਬਚਾਅ ਕੀਤਾ। ਟੈਕਸ ਦੇ ਮੁੱਦੇ 'ਤੇ ਉਨ੍ਹਾਂ ਨੇ ਦੁਹਰਾਇਆ ਕਿ ਭਾਰਤ ਇਕ ਕਠੋਰ ਦੇਸ਼ ਹੈ। ਟਰੰਪ ਨੇ ਕਿਹਾ, "ਭਾਰਤ ਬਹੁਤ ਕਠੋਰ ਦੇਸ਼ ਹੈ। ਇਹ ਸਿਰਫ਼ ਚੀਨ ਦੀ ਗੱਲ ਨਹੀਂ ਹੈ। ਮੈਂ ਕਹਾਂਗਾ ਕਿ ਚੀਨ ਸ਼ਾਇਦ ਸਭ ਤੋਂ ਕਠੋਰ ਹੈ। ਤੁਸੀਂ ਜਾਣਦੇ ਹੋ ਕਿ ਸਭ ਤੋਂ ਕਠੋਰ ਕੀ ਹੈ? ਯੂਰਪੀਅਨ ਯੂਨੀਅਨ, ਸਾਡੇ ਖ਼ੂਬਸੂਰਤ ਯੂਰਪੀਅਨ ਦੇਸ਼, ਜੋ ਸ਼ਾਨਦਾਰ ਹਨ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :**
**www.punjabmailusa.com**



# ਪੰਜਾਬ ਰਾਜ ਚੋਣ ਕਮਿਸ਼ਨ ਵੱਲੋਂ ਗਿੱਦੜਬਾਹਾ ਦੇ 20 ਪਿੰਡਾਂ ਦੀ ਚੋਣ ਰੱਦ

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਰਾਜ ਚੋਣ ਕਮਿਸ਼ਨ ਨੇ ਸਖ਼ਤ ਫ਼ੈਸਲਾ ਕਰਦਿਆਂ ਬਲਾਕ ਗਿੱਦੜਬਾਹਾ ਦੇ ਕਰੀਬ 20 ਪਿੰਡਾਂ ਦੀਆਂ ਪੰਚਾਇਤੀ ਚੋਣਾਂ ਨੂੰ ਰੱਦ ਕਰ ਦਿੱਤਾ ਹੈ। ਚੋਣ ਕਮਿਸ਼ਨ ਦੇ ਇਸ ਫ਼ੈਸਲੇ ਨੇ ਵਿਰੋਧੀ ਧਿਰਾਂ ਵੱਲੋਂ ਲਾਏ ਜਾ ਰਹੇ ਧੱਕੇਸ਼ਾਹੀ ਦੇ ਦੋਸ਼ਾਂ 'ਤੇ ਇੱਕ ਤਰੀਕੇ ਨਾਲ ਮੋਹਰ ਲਾ ਦਿੱਤੀ ਹੈ। ਹੁਣ ਕਮਿਸ਼ਨ ਨਵੇਂ ਸਿਰਿਓਂ ਇਨ੍ਹਾਂ ਦੀ ਚੋਣ ਕਰਾਏਗਾ। ਚੋਣ ਕਮਿਸ਼ਨ ਨੇ ਸੱਤ ਸੀਨੀਅਰ ਅਫ਼ਸਰਾਂ ਨੂੰ ਤਲਬ ਵੀ ਕੀਤਾ, ਜਿਨ੍ਹਾਂ ਕਿਸੇ ਗੜਬੜ ਤੋਂ ਇਨਕਾਰ ਕੀਤਾ ਹੈ।

ਵਿਰੋਧੀ ਧਿਰਾਂ ਨੇ ਇਸ ਫ਼ੈਸਲੇ ਨੂੰ ਵੱਡੀ ਜਿੱਤ ਦੱਸਿਆ ਹੈ, ਜਿਨ੍ਹਾਂ ਮੁਕਤਸਰ ਜ਼ਿਲ੍ਹੇ ਵਿਚ ਪ੍ਰਦਰਸ਼ਨ ਵੀ ਕੀਤੇ ਸਨ, ਜਿਨ੍ਹਾਂ ਪਿੰਡਾਂ 'ਚ ਚੋਣ ਰੱਦ ਕੀਤੀ ਗਈ ਹੈ, ਉਨ੍ਹਾਂ ਵਿਚ ਆਸਾ ਬੁੱਟਰ, ਡੱਡੂ ਮਹੱਲਾ ਮੱਲਣ, ਖਿੜਕੀਆਂ ਵਾਲਾ, ਵਾੜਾ ਕਿਸ਼ਨਪੁਰਾ, ਲੋਹਾਰਾ, ਬੁੱਟਰ ਸਰੀਹ, ਕੋਠੇ ਹਜ਼ੂਰੇ ਵਾਲਾ, ਕੋਠੇ ਢਾਬਾ, ਕੋਠੇ ਕੇਸਰ ਸਿੰਘ ਵਾੜਾ, ਭਾਰੂ, ਦੌਲਾ, ਕੋਠੇ ਹਿੰਮਤਪੁਰਾ, ਭੂੰਦੜ, ਲੁੰਡੇਵਾਲਾ, ਸਮਾਘ, ਮਨੀਆਂ ਵਾਲਾ, ਸੇਖਾ, ਖੂੰਨਣ ਖੁਰਦ, ਮਧੀਰ ਅਤੇ ਬੁੱਟਰ ਬਖੂਆਂ ਸ਼ਾਮਲ ਹਨ।

ਇਨ੍ਹਾਂ ਪਿੰਡਾਂ 'ਚ ਸਰਪੰਚੀ ਦੀ ਚੋਣ ਲੜਨ ਵਾਲੇ ਦੋ ਦਰਜਨ ਉਮੀਦਵਾਰਾਂ ਨੇ ਚੋਣ ਕਮਿਸ਼ਨ ਕੋਲ ਪਹੁੰਚ ਕੀਤੀ ਸੀ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਕਰੀਬ 250 ਪੰਚਾਇਤਾਂ ਦੀ ਚੋਣ 'ਤੇ ਪਹਿਲਾਂ ਹੀ ਰੋਕ ਲਗਾਈ ਹੋਈ ਹੈ। ਹਾਈ ਕੋਰਟ ਦੀ ਸਖ਼ਤੀ ਮਗਰੋਂ ਚੋਣ ਕਮਿਸ਼ਨ ਨੇ ਵੀ ਸਖ਼ਤ ਫ਼ੈਸਲੇ ਲੈਣ ਵੱਲ ਰੁਖ਼ ਕੀਤਾ ਹੈ। ਇਨ੍ਹਾਂ ਪੰਚਾਇਤਾਂ ਦੇ ਸਰਪੰਚ ਬਗ਼ੈਰ ਮੁਕਾਬਲਾ ਚੁਣੇ ਗਏ ਸਨ। ਸਿਆਸੀ ਧਿਰਾਂ ਨੇ ਇਲਜ਼ਾਮ ਲਾਏ ਸਨ ਕਿ ਨਾਮਜ਼ਦਗੀ ਪ੍ਰਕਿਰਿਆ 'ਚ ਵੱਡੇ ਪੱਧਰ 'ਤੇ

**■ ਨਵੇਂ ਸਿਰੇ ਤੋਂ ਜਾਰੀ ਹੋਵੇਗਾ ਸ਼ਡਿਊਲ**




ਬੇਨਿਯਮੀਆਂ ਹੋਈਆਂ ਹਨ।

ਉਮੀਦਵਾਰਾਂ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਨਾਮਜ਼ਦਗੀ ਪੱਤਰ ਪੜਤਾਲ ਦੌਰਾਨ ਸਹੀ ਸਨ ਅਤੇ ਚੋਣ ਨਿਸ਼ਾਨ ਵੀ ਅਲਾਟ ਕਰ ਦਿੱਤੇ ਗਏ ਸਨ ਪ੍ਰੰਤੂ ਉਸ ਮਗਰੋਂ ਰਿਟਰਨਿੰਗ ਅਫ਼ਸਰਾਂ ਨੇ ਸੋਧੀਆਂ ਚੋਣ ਸੂਚੀਆਂ ਜਾਰੀ ਕਰਕੇ ਕਾਗ਼ਜ਼ ਰੱਦ ਕਰ ਦਿੱਤੇ। ਚੋਣ ਕਮਿਸ਼ਨ ਅੱਗੇ ਮੁਕਤਸਰ ਦੇ ਵਧੀਕ ਡਿਪਟੀ ਕਮਿਸ਼ਨਰ ਸੁਰਿੰਦਰ ਸਿੰਘ, ਐੱਸ.ਡੀ.ਐੱਮ. ਗਿੱਦੜਬਾਹਾ ਜਸਪਾਲ ਸਿੰਘ ਬਰਾੜ, ਰਨਕਿਤ ਕੁਮਾਰ ਐਕਸੀਅਨ, ਪਰਪੂਰਨ ਸਿੰਘ, ਸੁਖਜੀਤ ਸਿੰਘ ਐਕਸੀਅਨ, ਦੇਵਿੰਦਰ ਸਿੰਘ ਅਤੇ ਅਰਸ਼ਦੀਪ ਸਿੰਘ ਨੇ ਆਪਣੇ ਪੱਖ ਰੱਖਿਆ। ਚੋਣ ਕਮਿਸ਼ਨ ਨੇ ਇਨ੍ਹਾਂ ਪੰਚਾਇਤਾਂ ਦੇ ਨਾਮਜ਼ਦਗੀ ਪੱਤਰਾਂ, ਪੜਤਾਲ ਅਤੇ ਵਾਪਸ ਲੈਣ ਦੀ ਪ੍ਰਕਿਰਿਆ ਦੀ ਜਾਂਚ ਕੀਤੀ। ਉਮੀਦਵਾਰਾਂ ਨੇ ਹਲਫ਼ੀਆ ਬਿਆਨ ਦੇ ਕੇ ਕਿਹਾ ਕਿ ਉਨ੍ਹਾਂ ਨੇ ਆਪਣੇ ਨਾਮਜ਼ਦਗੀ ਪੱਤਰ ਵਾਪਸ ਨਹੀਂ ਲਏ। ਲੁੰਡੇਵਾਲਾ ਦੀ ਸਰਪੰਚੀ ਦੇ ਉਮੀਦਵਾਰ ਮਨਵੀਰ ਸਿੰਘ ਨੇ ਕਮਿਸ਼ਨ ਨੂੰ ਦੱਸਿਆ ਕਿ ਉਸ ਨੇ ਨਾਮਜ਼ਦਗੀ ਪੱਤਰ ਵਾਪਸ ਨਹੀਂ ਲਏ ਅਤੇ ਵਾਪਸੀ ਫਾਰਮ 'ਤੇ ਦਸਤਖ਼ਤ ਕਰਨ ਤੋਂ ਵੀ ਇਨਕਾਰ ਕਰ ਦਿੱਤਾ ਸੀ। ਇਸੇ ਤਰ੍ਹਾਂ ਬਾਕੀ ਉਮੀਦਵਾਰਾਂ ਨੂੰ ਵੀ ਆਪਣੇ ਕਾਗ਼ਜ਼ ਵਾਪਸ ਲੈਣ ਬਾਰੇ ਕੁਝ ਵੀ ਪਤਾ ਨਹੀਂ ਸੀ। ਉਨ੍ਹਾਂ ਦੇ ਪਿੰਡਾਂ ਦੇ ਬਗ਼ੈਰ ਮੁਕਾਬਲਾ ਸਰਪੰਚ ਚੁਣੇ ਜਾਣ ਦੀ ਸੂਚੀ ਜਾਰੀ ਹੋਈ, ਤਾਂ ਉਸ ਵਕਤ ਇਸ ਗੜਬੜ ਦਾ ਪਤਾ ਲੱਗਿਆ। ਰਿਟਰਨਿੰਗ ਅਫ਼ਸਰਾਂ ਨੇ ਸਮੁੱਚੀ ਪ੍ਰਕਿਰਿਆ ਦੀ ਵੀਡੀਓਗਰਾਫ਼ੀ ਵੀ ਨਹੀਂ ਕਰਵਾਈ। ਚੋਣ ਕਮਿਸ਼ਨ ਨੇ ਦੇਖਿਆ ਕਿ ਇਨ੍ਹਾਂ ਉਮੀਦਵਾਰਾਂ ਵੱਲੋਂ ਨਾਮਜ਼ਦਗੀ ਪੱਤਰ ਦਾਖ਼ਲ ਕਰਨ ਵੇਲੇ ਕੀਤੇ ਦਸਤਖ਼ਤ ਕਾਗ਼ਜ਼ ਵਾਪਸੀ ਵਾਲੇ ਦਸਤਖ਼ਤਾਂ ਨਾਲ ਮੇਲ ਨਹੀਂ ਖਾਂਦੇ। ਕਮਿਸ਼ਨ ਨੇ ਕਿਹਾ ਕਿ ਕੁਝ ਉਮੀਦਵਾਰਾਂ ਨੂੰ ਨਾਜਾਇਜ਼ ਫ਼ਾਇਦਾ ਦੇਣ ਲਈ ਅਜਿਹਾ ਕੀਤਾ ਗਿਆ ਹੈ ਅਤੇ ਫ਼ਰਜ਼ੀ ਕਾਗ਼ਜ਼ ਵਾਪਸੀ ਦਿਖਾਈ ਗਈ। ਚੋਣ ਕਮਿਸ਼ਨ ਹੁਣ ਇਨ੍ਹਾਂ ਪੰਚਾਇਤਾਂ ਦੀ ਚੋਣ ਕਰਾਉਣ ਲਈ ਨਵਾਂ ਸ਼ਡਿਊਲ ਜਾਰੀ ਕਰੇਗਾ। ਨਵੇਂ ਨਾਮਜ਼ਦਗੀ ਪੱਤਰਾਂ ਮੌਕੇ ਇਨ੍ਹਾਂ ਉਮੀਦਵਾਰਾਂ ਨੂੰ ਨਾਮਜ਼ਦਗੀ ਫ਼ੀਸ ਤੋਂ ਛੋਟ ਦਿੱਤੀ ਗਈ ਹੈ। ਆਮ ਆਦਮੀ ਪਾਰਟੀ ਦੇ ਬੁਲਾਰੇ ਨੀਲ ਗਰਗ ਨੇ ਕਿਹਾ ਕਿ ਚੋਣ ਕਮਿਸ਼ਨ ਦੇ ਇਸ ਫ਼ੈਸਲੇ ਨੇ ਵਿਰੋਧੀ ਧਿਰਾਂ ਦੇ ਉਨ੍ਹਾਂ ਦੋਸ਼ਾਂ ਨੂੰ ਖ਼ਾਰਜ ਕਰ ਦਿੱਤਾ ਹੈ, ਜਿਨ੍ਹਾਂ ਤਹਿਤ ਵਿਰੋਧੀ ਧਿਰਾਂ ਕਮਿਸ਼ਨ 'ਤੇ ਸਰਕਾਰ ਦੇ ਦਬਾਅ ਦੀ ਗੱਲ ਕਰ ਰਹੀਆਂ ਸਨ। ਗਿੱਦੜਬਾਹਾ ਦੀ ਜ਼ਿਮਨੀ ਚੋਣ ਤੋਂ ਪਹਿਲਾਂ ਇਸ ਫ਼ੈਸਲੇ ਨੇ ਮੌਜੂਦਾ ਸੱਤਾਧਾਰੀ ਧਿਰ ਲਈ ਰਾਹ ਔਖੇ ਕਰ ਦਿੱਤੇ ਹਨ। ਡਿੰਪੀ ਢਿੱਲੋਂ ਦੇ 'ਆਪ' ਵਿਚ ਸ਼ਮੂਲੀਅਤ ਮਗਰੋਂ ਗਿੱਦੜਬਾਹਾ ਹਲਕੇ ਵਿਚ ਮਾਹੌਲ ਹਾਕਮ ਧਿਰ ਦੇ ਪੱਖ ਵਿਚ ਬਣ ਗਿਆ ਸੀ ਪ੍ਰੰਤੂ ਹੁਣ ਪੰਚਾਇਤੀ ਚੋਣਾਂ ਵਿਚ ਪਏ ਰੌਲੇ-ਰੱਪੇ ਦਾ ਅਸਰ ਵੀ ਜ਼ਿਮਨੀ ਚੋਣ 'ਤੇ ਪੈ ਸਕਦਾ ਹੈ।

## ਕੈਨੇਡਾ 'ਚ ਪੰਜਾਬੀ ਇਮੀਗ੍ਰੇਸ਼ਨ ਸਲਾਹਕਾਰ ਜਾਅਲਸਾਜ਼ੀ ਦੇ ਦੋਸ਼ ਹੇਠ ਦੋ ਸਾਲ ਲਈ ਨਜ਼ਰਬੰਦ

**ਵਿਨੀਪੈਗ, (ਪੰਜਾਬ ਮੇਲ)-** ਵਿਨੀਪੈਗ ਦੀ ਅਦਾਲਤ ਨੇ 45 ਸਾਲਾ ਇਮੀਗ੍ਰੇਸ਼ਨ ਸਲਾਹਕਾਰ ਬਲਕਰਨ ਸਿੰਘ ਨੂੰ ਇਮੀਗ੍ਰੇਸ਼ਨ ਅਤੇ ਰਫਿਊਜ਼ੀ ਪ੍ਰੋਟੈਕਸ਼ਨ ਐਕਟ ਦੀ ਉਲੰਘਣਾ ਕਰਨ ਦੇ ਮਾਮਲੇ 'ਚ ਦੋਸ਼ੀ ਕਰਾਰ ਦਿੱਤਾ ਹੈ। ਅਦਾਲਤ ਵਿਚ ਦੱਸਿਆ ਗਿਆ ਕਿ ਬਲਕਰਨ ਸਿੰਘ ਨੇ ਵਿਦੇਸ਼ੀ ਧਾਰਮਿਕ ਮਿਸ਼ਨਰੀਆਂ ਨੂੰ ਐੱਲ.ਐੱਮ.ਆਈ. ਤੋਂ ਛੋਟ ਦੇਣ ਵਾਲੇ ਸੰਘੀ ਸਰਕਾਰ ਦੇ ਪ੍ਰਬੰਧ ਦਾ ਨਾਜਾਇਜ਼ ਫ਼ਾਇਦਾ ਚੁੱਕਿਆ। ਇਸ ਇਮੀਗ੍ਰੇਸ਼ਨ ਸਲਾਹਕਾਰ ਨੂੰ ਕਾਗ਼ਜ਼ਾਂ ਵਿਚ ਐਲਾਨੇ ਧਾਰਮਿਕ ਸਥਾਨ ਦੇ ਨਾਮ ਹੇਠ ਨੌਕਰੀਆਂ ਲਈ ਜਾਅਲਸਾਜ਼ੀ ਕਰਨ ਦੇ ਦੋਸ਼ ਹੇਠ ਦੋ ਸਾਲ ਦੀ ਘਰ ਵਿਚ ਨਜ਼ਰਬੰਦੀ ਅਤੇ 50,000 ਡਾਲਰ ਜੁਰਮਾਨੇ ਦੀ ਸਜ਼ਾ ਸੁਣਾਈ ਹੈ।

ਸਰਕਾਰੀ ਵਕੀਲ ਨੇ ਸੂਬਾਈ ਅਦਾਲਤ ਨੂੰ ਦੱਸਿਆ ਕਿ ਇਮੀਗ੍ਰੇਸ਼ਨ ਸਲਾਹਕਾਰ ਬਲਕਰਨ ਸਿੰਘ ਨੇ ਦਸੰਬਰ 2020 ਵਿਚ ਪਾਈਨ ਰਿੱਜ ਵਿਚ ਰਿਹਾਇਸ਼ੀ ਜਾਇਦਾਦ ਖ਼ਰੀਦੀ ਸੀ ਅਤੇ ਇਸ ਨੂੰ ਗੁਰਦੁਆਰੇ ਵਜੋਂ ਰਜਿਸਟਰਡ ਕਰਵਾਇਆ ਸੀ ਪਰ ਇਸ ਜਾਇਦਾਦ ਨੂੰ ਰਿਹਾਇਸ਼ੀ ਜਾਇਦਾਦ ਵਜੋਂ ਵਰਤਿਆ ਤੇ ਫਰਜ਼ੀ ਐੱਲ.ਐੱਮ.ਆਈ. ਰਾਹੀਂ ਘੁਟਾਲਾ ਕੀਤਾ ਸੀ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

## ਗਲੋਬਲ ਹੰਗਰ ਇੰਡੈਕਸ 2024 ਦੀ ਰਿਪੋਰਟ 'ਚ ਭਾਰਤ 127 ਦੇਸ਼ਾਂ ਵਿਚੋਂ 105ਵੇਂ ਸਥਾਨ 'ਤੇ



**ਲੰਡਨ, (ਪੰਜਾਬ ਮੇਲ)-** ਗਲੋਬਲ ਹੰਗਰ ਇੰਡੈਕਸ (ਜੀ.ਐੱਚ.ਆਈ.) 2024 ਦੀ ਰਿਪੋਰਟ ਅਨੁਸਾਰ ਭਾਰਤ ਨੇ 127 ਦੇਸ਼ਾਂ ਵਿਚੋਂ 105ਵਾਂ ਰੈਂਕ ਹਾਸਲ ਕੀਤਾ ਹੈ। ਇਸ ਰਿਪੋਰਟ ਅਨੁਸਾਰ ਭਾਰਤ ਉਨ੍ਹਾਂ ਦੇਸ਼ਾਂ ਵਿਚ ਸ਼ਾਮਲ ਹੈ, ਜਿੱਥੇ ਭੁੱਖਮਰੀ ਗੰਭੀਰ ਸਮੱਸਿਆ ਹੈ। ਭਾਰਤ ਨੂੰ ਭੁੱਖਮਰੀ ਦੀ ਗੰਭੀਰ ਸ਼੍ਰੇਣੀ 'ਚ ਰੱਖਿਆ ਗਿਆ ਹੈ। ਇਸ ਰੈਂਕਿੰਗ ਵਿਚ ਸ੍ਰੀਲੰਕਾ, ਨੇਪਾਲ ਤੇ ਬੰਗਲਾਦੇਸ਼ ਨੇ ਵੀ ਭਾਰਤ ਨੂੰ ਪਿੱਛੇ ਛੱਡ ਦਿੱਤਾ ਹੈ। ਭਾਰਤ ਦੀ ਰੈਂਕਿੰਗ ਪਾਕਿਸਤਾਨ ਤੇ ਅਫਗਾਨਿਸਤਾਨ ਨਾਲੋਂ ਬਿਹਤਰ ਹੈ। ਇਹ ਰਿਪੋਰਟ ਕਨਸਰਨ ਵਰਲਡਵਾਈਡ ਅਤੇ ਵੈਲਟਹੰਗਰਹਿਲਫ ਵੱਲੋਂ ਪ੍ਰਕਾਸ਼ਤ ਕੀਤੀ ਗਈ ਹੈ, ਜਿਸ ਵਿਚ ਕਿਹਾ ਗਿਆ ਹੈ ਕਿ ਦੁਨੀਆਂ ਦੇ ਜ਼ਿਆਦਾਤਰ ਗਰੀਬ ਦੇਸ਼ਾਂ ਵਿਚ ਭੁੱਖਮਰੀ ਦਾ ਪੱਧਰ ਕਈ ਦਹਾਕਿਆਂ ਤੱਕ ਉੱਚਾ ਹੀ ਰਹੇਗਾ। ਇਸ ਰਿਪੋਰਟ ਵਿਚ ਭਾਰਤ ਉਨ੍ਹਾਂ 42 ਦੇਸ਼ਾਂ ਵਿਚ ਸ਼ਾਮਲ ਹੈ, ਜੋ ਭੁੱਖਮਰੀ ਦੀ 'ਗੰਭੀਰ' ਸ਼੍ਰੇਣੀ ਵਿਚ ਆਉਂਦੇ ਹਨ। ਇਸ ਰਿਪੋਰਟ ਵਿਚ ਭਾਰਤ ਦੇ

**■ ਭੁੱਖਮਰੀ ਦੇ ਮਾਮਲੇ 'ਚ ਸ੍ਰੀਲੰਕਾ, ਨੇਪਾਲ ਤੇ ਬੰਗਲਾਦੇਸ਼ ਦੀ ਸਥਿਤੀ ਭਾਰਤ ਨਾਲੋਂ ਬਿਹਤਰ**

27.3 ਅੰਕ ਹਨ। ਇਹ ਗਲੋਬਲ ਹੰਗਰ ਇੰਡੈਕਸ ਰਿਪੋਰਟ ਚਾਰ ਪੈਮਾਨਿਆਂ 'ਤੇ ਆਧਾਰਿਤ ਹੈ, ਜਿਸ ਦੀ 13.7 ਫੀਸਦੀ ਆਬਾਦੀ ਕੁਪੋਸ਼ਣ ਦਾ ਸ਼ਿਕਾਰ ਹੈ, ਪੰਜ ਸਾਲ ਤੋਂ ਘੱਟ ਉਮਰ ਦੇ 35.5 ਫੀਸਦੀ ਬੱਚੇ ਅਵਿਕਸਤ ਹਨ, ਜਿਨ੍ਹਾਂ ਵਿਚੋਂ 18.7 ਫੀਸਦੀ ਕਮਜ਼ੋਰ ਹਨ ਅਤੇ 2.9 ਫੀਸਦੀ ਬੱਚੇ ਪੈਦਾਇਸ਼ ਦੇ ਪੰਜ ਸਾਲ ਦੇ ਅੰਦਰ ਮਰ ਜਾਂਦੇ ਹਨ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਦੁਨੀਆਂ ਭਰ ਨੂੰ ਸਾਲ 2030 ਤੱਕ ਭੁੱਖਮਰੀ ਤੋਂ ਮੁਕਤ ਕਰਨ ਦੇ ਸੰਯੁਕਤ ਰਾਸ਼ਟਰ ਦੇ ਟੀਚੇ ਨੂੰ ਹਾਸਲ ਕਰਨ ਦੀ ਸੰਭਾਵਨਾ ਬਹੁਤ ਘੱਟ ਹੈ।

ਦੱਸਣਾ ਬਣਦਾ ਹੈ ਕਿ ਭਾਰਤ ਨੇ ਸਾਲ 2000 ਤੋਂ ਬਾਅਦ ਬੱਚਿਆਂ ਦੀ ਮੌਤ ਦਰ ਨੂੰ ਕਾਫੀ ਹੱਦ ਤਕ ਕਾਬੂ ਵਿਚ ਕਰ ਲਿਆ ਹੈ ਪਰ ਹਾਲੇ ਵੀ ਭੁੱਖਮਰੀ ਦੀ ਸਥਿਤੀ ਚਿੰਤਾਜਨਕ ਬਣੀ ਹੋਈ ਹੈ।

# ਟੋਰਾਂਟੋ ਤੋਂ ਪੰਜਾਬ ਦਾ ਹਵਾਈ ਸਫ਼ਰ ਹੋਵੇਗਾ ਸੁਖਾਲਾ

**ਅੰਮ੍ਰਿਤਸਰ, (ਪੰਜਾਬ ਮੇਲ)-** ਕਤਰ ਏਅਰਵੇਜ਼ ਦੀ ਟੋਰਾਂਟੋ ਤੋਂ ਦੋਹਾ ਵਾਸਤੇ 11 ਦਸੰਬਰ ਤੋਂ ਸ਼ੁਰੂ ਹੋਣ ਵਾਲੀ ਸਿੱਧੀ ਉਡਾਣ ਨਾਲ ਟੋਰਾਂਟੋ ਤੋਂ ਪੰਜਾਬ ਦਾ ਹਵਾਈ ਸਫਰ ਸੁਖਾਲਾ ਹੋ ਜਾਵੇਗਾ। ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ ਜਥੇਬੰਦੀ ਦੇ ਉੱਤਰੀ ਅਮਰੀਕਾ ਵਿਚ ਕਨਵੀਨਰ ਅਨੰਤਦੀਪ ਸਿੰਘ ਢਿੱਲੋਂ ਅਤੇ ਗਲੋਬਲ ਕਨਵੀਨਰ ਸਮੀਪ ਸਿੰਘ ਗੁਮਟਾਲਾ ਨੇ ਦੱਸਿਆ ਹੈ ਕਿ ਕਤਰ ਏਅਰਵੇਜ਼ ਦੀ ਇਹ ਨਵੀਂ ਉਡਾਣ ਟੋਰਾਂਟੋ ਨੂੰ ਦੋਹਾ ਰਾਹੀਂ ਅੰਮ੍ਰਿਤਸਰ ਨਾਲ ਸਿੱਧਾ ਜੋੜੇਗੀ।

**■ 11 ਦਸੰਬਰ ਤੋਂ ਟੋਰਾਂਟੋ ਤੋਂ ਦੋਹਾ ਵਾਸਤੇ ਸ਼ੁਰੂ ਹੋਵੇਗੀ ਸਿੱਧੀ ਉਡਾਣ**



ਅੰਮ੍ਰਿਤਸਰ ਤੋਂ ਕਤਰ ਏਅਰਵੇਜ਼ ਦੀ ਉਡਾਣ ਰੋਜ਼ਾਨਾ ਸਵੇਰੇ 4:10 ਵਜੇ ਰਵਾਨਾ ਹੋ ਕੇ ਸਵੇਰੇ 6:05 ਵਜੇ ਦੋਹਾ ਪਹੁੰਚੇਗੀ। ਦੋਹਾ ਪਹੁੰਚ ਕੇ 3 ਘੰਟੇ 45 ਮਿੰਟ ਬਾਅਦ ਅਗਲੀ ਉਡਾਣ ਆਰੰਭ ਹੋਵੇਗੀ। ਉਨ੍ਹਾਂ ਦੱਸਿਆ ਕਿ ਯਾਤਰੀ ਹਫਤੇ 'ਚ ਤਿੰਨ ਦਿਨ ਬੁੱਧਵਾਰ, ਸ਼ੁੱਕਰਵਾਰ ਅਤੇ ਐਤਵਾਰ ਸਵੇਰੇ 9:50 ਵਜੇ ਦੋਹਾ ਤੋਂ ਉਡਾਣ ਲੈ ਕੇ ਉਸੇ ਦਿਨ ਬਾਅਦ ਦੁਪਹਿਰ ਨੂੰ 3:55 ਵਜੇ ਟੋਰਾਂਟੋ ਪੁੱਜਣਗੇ। ਟੋਰਾਂਟੋ ਤੋਂ ਇਹ ਉਡਾਣ ਉਸੇ ਦਿਨ ਸ਼ਾਮ ਨੂੰ 8 ਵਜੇ ਰਵਾਨਾ ਹੋ ਕੇ ਅਗਲੇ ਦਿਨ ਸ਼ਾਮ ਨੂੰ 4:30 ਵਜੇ ਦੋਹਾ ਪਹੁੰਚੇਗੀ। ਅੰਮ੍ਰਿਤਸਰ-ਟੋਰਾਂਟੋ ਯਾਤਰਾ 20 ਘੰਟਿਆਂ 'ਚ ਪੂਰੀ ਹੋ ਜਾਵੇਗੀ।

# ਵਾਇਨਾਡ ਤੋਂ ਜ਼ਿਮਨੀ ਚੋਣ ਲੜੇਗੀ ਪ੍ਰਿਯੰਕਾ ਗਾਂਧੀ

**ਨਵੀਂ ਦਿੱਲੀ, (ਪੰਜਾਬ ਮੇਲ)-** ਦੋ ਰਾਜਾਂ ਵਿਚ ਵਿਧਾਨ ਸਭਾ ਚੋਣਾਂ ਦੇ ਐਲਾਨ ਦੇ ਨਾਲ ਹੀ ਚੋਣ ਕਮਿਸ਼ਨ ਨੇ ਕੇਰਲ ਵਿਚ ਵਾਇਨਾਡ ਲੋਕ ਸਭਾ ਸੀਟ ਲਈ ਉਪ ਚੋਣਾਂ ਕਰਵਾਉਣ ਦਾ ਵੀ ਐਲਾਨ ਕੀਤਾ ਹੈ। 13 ਨਵੰਬਰ ਨੂੰ ਵੋਟਾਂ ਪੈਣਗੀਆਂ। ਨਤੀਜੇ 23 ਨਵੰਬਰ ਨੂੰ ਐਲਾਨੇ ਜਾਣਗੇ। ਰਾਹੁਲ ਗਾਂਧੀ ਕੇਰਲ ਦੀ ਵਾਇਨਾਡ ਸੀਟ ਤੋਂ ਕਾਂਗਰਸ ਦੇ ਸੰਸਦ ਮੈਂਬਰ ਸਨ। ਹਾਲਾਂਕਿ ਇਸ ਵਾਰ ਉਨ੍ਹਾਂ ਨੇ ਇਹ ਸੀਟ ਖਾਲੀ ਕਰ ਦਿੱਤੀ ਹੈ।

ਕਾਂਗਰਸ ਦੀ ਜਨਰਲ ਸਕੱਤਰ ਪ੍ਰਿਯੰਕਾ ਗਾਂਧੀ ਵਾਡਰਾ ਵਾਇਨਾਡ ਤੋਂ ਲੋਕ ਸਭਾ ਦੀ ਜ਼ਿਮਨੀ ਚੋਣ ਲੜੇਗੀ। ਪ੍ਰਿਯੰਕਾ ਨੇ ਹਾਲੀਆ ਲੋਕ



ਸਭਾ ਚੋਣਾਂ ਦੌਰਾਨ ਵਾਇਨਾਡ ਤੋਂ ਉਮੀਦਵਾਰ ਰਾਹੁਲ ਗਾਂਧੀ ਲਈ ਚੋਣ ਪ੍ਰਚਾਰ ਵੀ ਕੀਤਾ ਸੀ। ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਜ਼ਿਮਨੀ ਚੋਣ ਲਈ ਪ੍ਰਿਯੰਕਾ ਗਾਂਧੀ ਦੀ ਉਮੀਦਵਾਰੀ ਨੂੰ ਪ੍ਰਵਾਨਗੀ ਦੇ ਦਿੱਤੀ ਹੈ।

ਜੇਕਰ ਪ੍ਰਿਅੰਕਾ ਗਾਂਧੀ ਲੋਕ ਸਭਾ ਚੋਣਾਂ ਜਿੱਤ ਜਾਂਦੀ ਹੈ, ਤਾਂ ਉਹ ਮੌਜੂਦਾ ਸੰਸਦ ਵਿਚ ਗਾਂਧੀ ਪਰਿਵਾਰ ਦੀ ਤੀਜੀ ਸੰਸਦ ਮੈਂਬਰ ਹੋਵੇਗੀ। ਭਰਾ ਰਾਹੁਲ ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਹਨ, ਜਦਕਿ ਮਾਂ ਸੋਨੀਆ ਗਾਂਧੀ ਰਾਜ ਸਭਾ ਦੀ ਮੈਂਬਰ ਹੈ।

ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com



# ਦਿੱਲੀ ਵਿਧਾਨ ਸਭਾ ਚੋਣਾਂ ਦੌਰਾਨ ਇਕੱਲੇ ਮੈਦਾਨ 'ਚ ਉਤਰੇਗੀ ਆਮ ਆਦਮੀ ਪਾਰਟੀ

**ਨਵੀਂ ਦਿੱਲੀ, (ਪੰਜਾਬ ਮੇਲ)**- ਆਮ ਆਦਮੀ ਪਾਰਟੀ ਆਉਣ ਵਾਲੀਆਂ ਦਿੱਲੀ ਵਿਧਾਨ ਸਭਾ ਚੋਣਾਂ ਵਿਚ ਇਕੱਲਿਆਂ ਮੈਦਾਨ ਵਿਚ ਉੱਤਰੇਗੀ। ਆਮ ਆਦਮੀ ਪਾਰਟੀ ਦੀ ਬੁਲਾਰਾ ਪ੍ਰਿਯੰਕਾ ਕੱਕੜ ਨੇ ਕਿਹਾ ਕਿ ਦਿੱਲੀ 'ਚ 'ਆਪ' ਇਕੱਲੇ ਹੀ ਚੋਣ ਲੜੇਗੀ, ਅਸੀਂ ਇਕੱਲੇ ਹੀ ਜ਼ਿਆਦਾ ਆਤਮਵਿਸ਼ਵਾਸ ਵਾਲੀ ਕਾਂਗਰਸ ਅਤੇ ਹੰਕਾਰੀ ਭਾਜਪਾ ਨਾਲ ਲੜਨ ਦੇ ਸਮਰੱਥ ਹਾਂ। ਉਸਨੇ ਕਾਂਗਰਸ 'ਤੇ ਦੋਸ਼ ਲਗਾਇਆ ਕਿ ਉਹ ਹਰਿਆਣਾ 'ਚ ਗੱਠਜੋੜ ਦੇ ਭਾਈਵਾਲਾਂ ਨੂੰ ਗੰਭੀਰਤਾ ਨਾਲ ਨਹੀਂ ਲੈ ਰਹੀ ਸੀ, ਅਖੀਰ ਇਸ ਦੇ ਜ਼ਿਆਦਾ ਆਤਮਵਿਸ਼ਵਾਸ ਕਾਰਨ ਹਾਰ ਦਾ ਸਾਹਮਣਾ ਕਰਨਾ ਪਿਆ। ਉਨ੍ਹਾਂ ਕਿਹਾ ਕਿ ਪਿਛਲੇ 10 ਸਾਲਾਂ ਤੋਂ ਦਿੱਲੀ ਵਿਧਾਨ ਸਭਾ ਵਿਚ ਕਾਂਗਰਸ ਕੋਲ ਜ਼ੀਰੋ ਸੀਟਾਂ ਹਨ, ਫਿਰ ਵੀ 'ਆਪ' ਨੇ ਲੋਕ ਸਭਾ ਚੋਣਾਂ ਵਿਚ ਕਾਂਗਰਸ ਨੂੰ ਤਿੰਨ ਸੀਟਾਂ ਦਿੱਤੀਆਂ ਪਰ ਉਨ੍ਹਾਂ ਨੇ ਹਰਿਆਣਾ 'ਚ ਸਹਿਯੋਗੀਆਂ ਨੂੰ ਨਾਲ ਲੈ ਕੇ ਜਾਣਾ ਜ਼ਰੂਰੀ ਨਹੀਂ ਸਮਝਿਆ।

ਜ਼ਿਕਰਯੋਗ ਹੈ ਕਿ 'ਆਪ' ਅਤੇ ਕਾਂਗਰਸ ਸੀਟਾਂ ਦੀ ਵੰਡ ਨੂੰ ਲੈ ਕੇ ਮਤਭੇਦਾਂ ਕਾਰਨ ਚੋਣਾਂ ਤੋਂ ਪਹਿਲਾਂ ਗੱਠਜੋੜ ਬਣਾਉਣ 'ਚ ਅਸਫ਼ਲ ਰਹੇ। ਬੀਤੇ ਦਿਨੀਂ ਆਏ ਚੋਣ ਨਤੀਜਿਆਂ ਵਿਚ 'ਆਪ' ਨੇ ਹਰਿਆਣਾ ਵਿਚ ਲੜੀਆਂ ਸਾਰੀਆਂ ਸੀਟਾਂ ਗੁਆ ਦਿੱਤੀਆਂ, ਕਾਂਗਰਸ ਬਹੁਮਤ ਦੇ ਅੰਕੜੇ ਤੋਂ ਬਹੁਤ ਘੱਟ ਗਈ, ਜਿਸ ਨਾਲ ਸੱਤਾਧਾਰੀ ਭਾਜਪਾ ਲਈ ਲਗਾਤਾਰ ਤੀਜੀ ਵਾਰ ਵਾਪਸੀ ਦਾ ਰਾਹ ਬਣ ਗਿਆ।

## ਹਾਈ ਕੋਰਟ ਨੇ ਬੀਬੀ ਰਜਿੰਦਰ ਕੌਰ ਭੱਠਲ ਦੀ ਸੁਰੱਖਿਆ ਘਟਾਈ



**ਚੰਡੀਗੜ੍ਹ, (ਪੰਜਾਬ ਮੇਲ)**-ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਦੀ ਸਾਬਕਾ ਮੁੱਖ ਮੰਤਰੀ ਬੀਬੀ ਰਜਿੰਦਰ ਕੌਰ ਭੱਠਲ ਦੀ ਸੁਰੱਖਿਆ ਨੂੰ 'ਜ਼ੈੱਡ' ਸ਼੍ਰੇਣੀ ਤੋਂ ਘਟਾ ਕੇ 'ਵਾਈ' ਸ਼੍ਰੇਣੀ ਕਰਨ ਦੇ ਪੰਜਾਬ ਪੁਲਿਸ ਦੇ ਫ਼ੈਸਲੇ ਨੂੰ ਬਰਕਰਾਰ ਰੱਖਣ ਦੇ ਹੁਕਮ ਦਿੱਤੇ ਹਨ। ਹਾਈ ਕੋਰਟ ਨੇ ਕਿਹਾ ਕਿ ਪਟੀਸ਼ਨਕਰਤਾ ਨਾਲ ਪਹਿਲਾਂ ਹੀ 12 ਸੁਰੱਖਿਆ ਕਰਮਚਾਰੀ ਤਾਇਨਾਤ ਕੀਤੇ ਗਏ ਹਨ ਤੇ ਅਦਾਲਤ ਨੂੰ ਅਜਿਹੀ ਕੋਈ ਗੰਭੀਰ ਸਥਿਤੀ ਨਹੀਂ ਮਿਲੀ, ਜਿਸ ਦੇ ਆਧਾਰ 'ਤੇ ਇਹ ਸਿੱਟਾ ਕੱਢਿਆ ਜਾ ਸਕੇ ਕਿ ਪਟੀਸ਼ਨਕਰਤਾ ਲਈ 'ਜ਼ੈੱਡ' ਸੁਰੱਖਿਆ ਜ਼ਰੂਰੀ ਹੈ। ਹਾਈ ਕੋਰਟ ਨੇ ਅੱਗੇ ਕਿਹਾ ਕਿ ਭੱਠਲ ਲਈ ਸੂਬੇ ਵੱਲੋਂ ਦਿੱਤੀ ਗਈ ਸੁਰੱਖਿਆ ਖ਼ਤਰੇ ਦੀ ਸੂਚਨਾ ਦੇ ਆਧਾਰ 'ਤੇ ਆਧਾਰਿਤ ਹੁੰਦੀ ਹੈ, ਇਸ ਲਈ ਫ਼ੈਸਲੇ 'ਚ ਕੋਈ ਮਨਮਾਨੀ ਨਹੀਂ ਕੀਤੀ ਗਈ ਹੈ। ਹਾਈ ਕੋਰਟ ਨੇ ਪਟੀਸ਼ਨ ਖ਼ਾਰਜ ਕਰਦਿਆਂ ਕਿਹਾ ਕਿ ਇਨ੍ਹਾਂ ਸਥਿਤੀਆਂ 'ਚ ਪਟੀਸ਼ਨਕਰਤਾ ਦੀ ਸੁਰੱਖਿਆ 'ਵਾਈ' ਸ਼੍ਰੇਣੀ ਤੋਂ ਵਧਾ ਕੇ 'ਜ਼ੈੱਡ' ਸ਼੍ਰੇਣੀ ਕਰਨ ਲਈ ਕੋਈ ਹੋਰ ਨਿਰਦੇਸ਼ ਜਾਰੀ ਕਰਨ ਦੀ ਜ਼ਰੂਰਤ ਵੀ ਨਹੀਂ ਹੈ।

## ਰਾਹੁਲ ਦੀ ਨਾਗਰਿਕਤਾ : ਸਵਾਮੀ ਨੂੰ ਦਸਤਾਵੇਜ਼ ਜਮ੍ਹਾਂ ਕਰਨ ਲਈ ਮਿਲਿਆ ਸਮਾਂ

**ਨਵੀਂ ਦਿੱਲੀ, (ਪੰਜਾਬ ਮੇਲ)**-ਦਿੱਲੀ ਹਾਈ ਕੋਰਟ ਨੇ ਕਾਂਗਰਸ ਆਗੂ ਰਾਹੁਲ ਗਾਂਧੀ ਦੀ ਨਾਗਰਿਕਤਾ ਦੇ ਮੁੱਦੇ 'ਤੇ ਅਲਾਹਾਬਾਦ ਹਾਈ ਕੋਰਟ 'ਚ ਬਕਾਇਆ ਪਈ ਪਟੀਸ਼ਨ ਦੀ ਕਾਪੀ ਜਮ੍ਹਾ ਕਰਵਾਉਣ ਲਈ ਭਾਜਪਾ ਆਗੂ ਸੁਬਰਾਮਣੀਅਨ ਸਵਾਮੀ ਨੂੰ ਹੋਰ ਸਮਾਂ ਦੇ ਦਿੱਤਾ ਹੈ। ਸਵਾਮੀ ਨੇ ਅਦਾਲਤ ਨੂੰ ਦੱਸਿਆ ਕਿ ਉਨ੍ਹਾਂ ਪਟੀਸ਼ਨ ਦੀ ਕਾਪੀ ਹਾਸਲ ਕਰ ਲਈ ਹੈ ਅਤੇ ਇਸ 'ਚ ਕੀਤੀ ਗਈ ਅਪੀਲ ਵੱਖ ਹੈ। ਚੀਫ਼ ਜਸਟਿਸ ਮਨਮੋਹਨ ਅਤੇ ਜਸਟਿਸ ਤੁਸ਼ਾਰ ਰਾਓ ਗੇਡੇਲਾ 'ਤੇ ਆਧਾਰਿਤ ਬੈਂਚ ਨੇ ਪਟੀਸ਼ਨਰ ਨੂੰ ਇਲੈਕਟ੍ਰਾਨਿਕ ਰੂਪ 'ਚ ਦਸਤਾਵੇਜ਼ ਦਾਖ਼ਲ ਕਰਨ ਲਈ ਆਖਦਿਆਂ ਅਰਜ਼ੀ 'ਤੇ ਸੁਣਵਾਈ 6 ਨਵੰਬਰ ਲਈ ਨਿਰਧਾਰਿਤ ਕਰ ਦਿੱਤੀ। ਸਵਾਮੀ ਵੱਲੋਂ ਦਿੱਲੀ ਹਾਈ ਕੋਰਟ 'ਚ ਦਾਖ਼ਲ ਅਰਜ਼ੀ 'ਚ ਕਿਹਾ ਗਿਆ ਹੈ ਕਿ ਕਾਂਗਰਸ ਆਗੂ ਰਾਹੁਲ ਗਾਂਧੀ ਨੇ ਭਾਰਤੀ ਨਾਗਰਿਕ ਰਹਿੰਦਿਆਂ ਸੰਵਿਧਾਨ ਦੀ ਧਾਰਾ 9 ਦੀ ਉਲੰਘਣਾ ਕੀਤੀ ਹੈ।

## ਆਮਦਨ ਤੋਂ ਵੱਧ ਜਾਇਦਾਦ ਮਾਮਲਾ: ਹਾਈ ਕੋਰਟ ਵੱਲੋਂ ਭਰਤ ਇੰਦਰ ਚਾਹਲ ਨੂੰ ਅਗਾਊਂ ਜ਼ਮਾਨਤ ਤੋਂ ਇਨਕਾਰ



**ਚੰਡੀਗੜ੍ਹ, (ਪੰਜਾਬ ਮੇਲ)**- ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਆਮਦਨ ਤੋਂ ਵੱਧ ਜਾਇਦਾਦ ਮਾਮਲੇ 'ਚ ਮੁਲਜ਼ਮ ਸਾਬਕਾ ਮੀਡੀਆ ਸਲਾਹਕਾਰ ਭਰਤ ਇੰਦਰ ਸਿੰਘ ਚਾਹਲ ਦੀ ਅਗਾਊਂ ਜ਼ਮਾਨਤ ਅਰਜ਼ੀ ਖਾਰਜ ਕਰ ਦਿੱਤੀ। ਜਸਟਿਸ ਮਹਾਬੀਰ ਸਿੰਘ ਸਿੰਧੂ ਦੇ ਬੈਂਚ ਨੇ ਚਾਹਲ ਵੱਲੋਂ ਜ਼ਮਾਨਤ ਦੀ ਅਰਜ਼ੀ 'ਚ ਦਿੱਤੀ ਵਡੇਰੀ ਉਮਰ ਹੋਣ ਦੀ ਦਲੀਲ ਨੂੰ ਦਰਕਿਨਾਰ ਕਰ ਦਿੱਤਾ ਅਤੇ ਆਖਿਆ ਕਿ ਕਥਿਤ ਅਸਾਸਿਆਂ ਦੇ ਸਰੋਤਾਂ ਦਾ ਪਤਾ ਕਰਨ ਅਤੇ ਨਿਰਪੱਖ ਜਾਂਚ ਲਈ ਚਾਹਲ ਨੂੰ ਹਿਰਾਸਤ 'ਚ ਲੈ ਕੇ ਪੁੱਛ ਪੜਤਾਲ ਕਰਨ ਦੀ ਲੋੜ ਹੈ। ਚਾਹਲ ਨੇ 1 ਅਪ੍ਰੈਲ 2017 ਤੋਂ 31 ਅਗਸਤ 2021 ਤੱਕ ਪੰਜਾਬ ਦੇ ਤਤਕਾਲੀ ਮੁੱਖ ਮੰਤਰੀ ਦੇ ਮੀਡੀਆ ਸਲਾਹਕਾਰ ਵਜੋਂ ਕੰਮ ਕੀਤਾ ਸੀ। ਚਾਹਲ ਵੱਲੋਂ ਅਹੁਦਾ ਛੱਡਣ ਦੇ ਦੋ ਸਾਲ ਬਾਅਦ 2 ਅਗਸਤ 2023 ਨੂੰ ਉਸ ਖ਼ਿਲਾਫ਼ ਭ੍ਰਿਸ਼ਟਾਚਾਰ ਰੋਕ ਕਾਨੂੰਨ ਤਹਿਤ ਕੇਸ ਦਰਜ ਕੀਤਾ ਗਿਆ ਸੀ।

# ਟਰੰਪ ਵੱਲੋਂ ਰਾਸ਼ਟਰਪਤੀ ਚੁਣੇ ਜਾਣ 'ਤੇ ਬਿਜਲੀ ਦੀਆਂ ਦਰਾਂ ਘਟਾਉਣ ਦਾ ਵਾਅਦਾ

■ ਕੇਜਰੀਵਾਲ ਨੇ ਦਿੱਤਾ ਰਿਐਕਸ਼ਨ, ਕਿਹਾ; 'ਮੁਫ਼ਤ ਰਿਓੜੀ' ਅਮਰੀਕਾ ਪਹੁੰਚੀ



**ਨਵੀਂ ਦਿੱਲੀ, (ਪੰਜਾਬ ਮੇਲ)**- ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਅਮਰੀਕਾ ਦੇ ਰਾਸ਼ਟਰਪਤੀ ਦੀ ਚੋਣ 'ਚ ਰਿਪਬਲਿਕਨ ਪਾਰਟੀ ਦੇ ਉਮੀਦਵਾਰ ਡੋਨਾਲਡ ਟਰੰਪ ਵੱਲੋਂ ਬਿਜਲੀ ਦਰਾਂ ਨੂੰ ਅੱਧਾ ਕਰਨ ਦੇ ਕੀਤੇ ਵਾਅਦੇ ਦਾ ਹਵਾਲਾ ਦਿੰਦੇ ਹੋਏ ਆਪਣੇ ਸਿਆਸੀ ਵਿਰੋਧੀਆਂ 'ਤੇ ਨਿਸ਼ਾਨਾ ਵਿੰਨ੍ਹਿਆ ਤੇ ਕਿਹਾ ਕਿ 'ਮੁਫਤ ਰਿਓੜੀ' ਹੁਣ ਅਮਰੀਕਾ ਤਕ ਪਹੁੰਚ ਚੁੱਕੀ ਹੈ। 'ਡੈਟ੍ਰਾਇਟ ਇਕਨਾਮਿਕ ਕਲੱਬ' ਨੂੰ ਸੰਬੋਧਨ ਕਰਦੇ ਹੋਏ ਟਰੰਪ ਨੇ ਵਾਅਦਾ ਕੀਤਾ ਸੀ ਕਿ ਜੇ ਉਹ ਰਾਸ਼ਟਰਪਤੀ ਚੁਣੇ ਜਾਂਦੇ ਹਨ, ਤਾਂ ਬਿਜਲੀ ਦੀਆਂ ਦਰਾਂ ਨੂੰ ਘੱਟ ਕਰਨਗੇ ਅਤੇ ਊਰਜਾ ਕੁਸ਼ਲਤਾ ਵਧਾਉਣ ਲਈ ਵਾਤਾਵਰਣ ਕਲੀਅਰੈਂਸ ਨੂੰ ਤੇਜ਼ ਕਰਨਗੇ।

ਸਾਬਕਾ ਅਮਰੀਕੀ ਰਾਸ਼ਟਰਪਤੀ ਨੇ 'ਐਕਸ' 'ਤੇ ਇਕ ਪੋਸਟ 'ਚ ਕਿਹਾ ਕਿ ਮੈਂ 12 ਮਹੀਨਿਆਂ ਅੰਦਰ ਊਰਜਾ ਅਤੇ ਬਿਜਲੀ ਦੀ ਕੀਮਤ ਅੱਧੀ ਕਰ ਦਿਆਂਗਾ। ਅਸੀਂ ਗੰਭੀਰਤਾ ਨਾਲ ਵਾਤਾਵਰਣ ਕਲੀਅਰੈਂਸ ਨੂੰ ਤੇਜ਼ ਕਰਾਂਗੇ ਤੇ ਆਪਣੀ ਪਾਵਰ ਸਮਰੱਥਾ ਨੂੰ ਤੇਜ਼ੀ ਨਾਲ ਦੁੱਗਣਾ ਕਰਾਂਗੇ। ਇਸ ਨਾਲ ਮਹਿੰਗਾਈ ਘਟੇਗੀ ਤੇ ਅਮਰੀਕਾ ਅਤੇ ਮਿਸ਼ੀਗਨ ਫੈਕਟਰੀਆਂ ਲਾਉਣ ਲਈ ਧਰਤੀ 'ਤੇ ਸਭ ਤੋਂ ਵਧੀਆ ਥਾਂ ਬਣ ਜਾਣਗੇ। ਸੋਸ਼ਲ ਮੀਡੀਆ ਪਲੇਟਫਾਰਮ 'ਤੇ ਇਸ ਨੂੰ ਰੀ-ਪੋਸਟ ਕਰਦੇ ਹੋਏ ਆਮ ਆਦਮੀ ਪਾਰਟੀ ਦੇ ਮੁਖੀ ਕੇਜਰੀਵਾਲ ਨੇ ਸ਼ੁੱਕਰਵਾਰ ਕਿਹਾ ਕਿ ਟਰੰਪ ਨੇ ਐਲਾਨ ਕੀਤਾ ਹੈ ਕਿ ਉਹ ਬਿਜਲੀ ਦੀਆਂ ਦਰਾਂ ਅੱਧੀਆਂ ਕਰ ਦੇਣਗੇ। ਇਸ ਦਾ ਮਤਲਬ ਇਹ ਹੈ ਕਿ 'ਮੁਫ਼ਤ ਰਿਓੜੀ' ਅਮਰੀਕਾ ਵੀ ਪਹੁੰਚ ਗਈ ਹੈ। ਦਿੱਲੀ 'ਚ ਸਬਸਿਡੀ ਵਾਲੀ ਬਿਜਲੀ ਤੇ ਪਾਣੀ ਦੀ ਸਪਲਾਈ ਨੂੰ ਲੈ ਕੇ ਕੇਜਰੀਵਾਲ 'ਤੇ ਅਕਸਰ ਆਪਣੇ ਸਿਆਸੀ ਵਿਰੋਧੀਆਂ ਵੱਲੋਂ ਹਮਲਾ ਕੀਤਾ ਜਾਂਦਾ ਹੈ ਤੇ ਉਨ੍ਹਾਂ 'ਤੇ ਸਰਕਾਰ ਦੇ ਖਜ਼ਾਨੇ 'ਤੇ ਬੇਲੋੜਾ ਦਬਾਅ ਪਾਉਣ ਲਈ 'ਮੁਫ਼ਤ ਦੀਆਂ ਰਿਓੜੀਆਂ' ਦੀ ਵਰਤੋਂ ਕਰਨ ਦਾ ਦੋਸ਼ ਲਾਇਆ ਜਾਂਦਾ ਹੈ।

ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com


ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ

e-Baba Entertainment App ਨੂੰ Download ਕਰੋ।




ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।

# ਵੋਟਿੰਗ ਦੌਰਾਨ ਲੜਾਈ-ਝਗੜਾ ਹੋਣ ਮਗਰੋਂ ਚੱਲੀ ਗੋਲੀ; ਚੋਣਾਂ ਹੋਈਆਂ ਰੱਦ

ਮੋਗਾ, (ਪੰਜਾਬ ਮੇਲ)- ਇਕ ਪਾਸੇ ਜਿੱਥੇ ਪੂਰੇ ਪੰਜਾਬ 'ਚ ਚੋਣਾਂ ਦੀ ਗਿਣਤੀ ਮੁਕੰਮਲ ਹੋਣ ਮਗਰੋਂ ਜਿੱਤੇ ਹੋਏ ਉਮੀਦਵਾਰਾਂ ਦੇ ਘਰ ਖੁਸ਼ੀ ਦੀ ਲਹਿਰ ਦੌੜ ਗਈ ਹੈ, ਉੱਥੇ ਹੀ ਪੰਜਾਬ ਦੇ ਕਈ ਪਿੰਡ ਅਜਿਹੇ ਵੀ ਹਨ, ਜਿੱਥੇ ਵੋਟਿੰਗ ਦੌਰਾਨ ਹਾਲਾਤ ਖ਼ਰਾਬ ਹੋਣ ਕਾਰਨ ਚੋਣਾਂ ਨੂੰ ਰੱਦ ਕਰ ਦਿੱਤਾ ਗਿਆ ਹੈ।

ਅਜਿਹਾ ਹੀ ਮਾਮਲਾ ਮੋਗਾ ਜ਼ਿਲ੍ਹੇ ਦੇ ਬਾਘਾਪੁਰਾਣਾ ਨੇੜਲੇ ਪਿੰਡ ਕੋਟਲਾ ਮਿਹਰ ਸਿੰਘ ਵਾਲਾ ਤੋਂ ਸਾਹਮਣੇ ਆ ਰਿਹਾ ਹੈ, ਜਿੱਥੇ ਵੋਟਿੰਗ ਦੌਰਾਨ ਪਿੰਡ 'ਚ ਲੜਾਈ ਝਗੜਾ ਤੇ ਫਾਇਰਿੰਗ ਹੋਣ ਮਗਰੋਂ ਮਾਹੌਲ ਖ਼ਰਾਬ ਹੋ ਗਿਆ ਸੀ ਤੇ ਹੁਣ ਉੱਥੇ ਚੋਣਾਂ ਨੂੰ ਰੱਦ ਕਰ ਦਿੱਤਾ ਗਿਆ ਹੈ। ਹਾਲਾਂਕਿ ਹਾਲੇ ਨਵੀਆਂ ਤਰੀਕਾਂ ਬਾਰੇ ਕੋਈ ਜਾਣਕਾਰੀ ਨਹੀਂ ਆਈ ਹੈ, ਪਰ ਹੁਣ ਇੱਥੇ ਮੁੜ ਚੋਣਾਂ ਕਦੋਂ ਕਰਵਾਈਆਂ ਜਾਣਗੀਆਂ, ਇਸ ਬਾਰੇ ਜਲਦੀ ਹੀ ਐਲਾਨ ਕੀਤਾ ਜਾਵੇਗਾ।

ਜ਼ਿਕਰਯੋਗ ਹੈ ਕਿ ਮੋਗਾ ਦੇ ਕੋਟਲਾ ਮਿਹਰ ਸਿੰਘ ਵਾਲਾ ਵਿਖੇ ਵੋਟਿੰਗ ਦੌਰਾਨ ਲੜਾਈ ਝਗੜੇ ਮਗਰੋਂ ਗੋਲੀ ਚੱਲ ਗਈ ਸੀ, ਜਿਸ ਤੋਂ ਬਾਅਦ ਗੋਲੀ ਦੀ ਆਵਾਜ਼ ਸੁਣ ਕੇ ਲੋਕਾਂ 'ਚ ਦਹਿਸ਼ਤ ਦਾ ਮਾਹੌਲ ਪੈਦਾ ਹੋ ਗਿਆ ਤੇ ਉਹ ਆਪਣੀ ਜਾਨ ਬਚਾਉਂਦੇ ਹੋਏ ਇੱਧਰ-ਉੱਧਰ ਭੱਜਣ ਲੱਗੇ। ਇਸ ਮਗਰੋਂ ਬਚ-ਬਚਾਅ ਲਈ ਪੁਲਿਸ ਨੂੰ ਸੱਦਣਾ ਪਿਆ ਸੀ।

# ਹੁਸ਼ਿਆਰਪੁਰ ਦੇ ਪਿੰਡ 'ਚ ਪ੍ਰਵਾਸੀ ਮਜ਼ਦੂਰ ਬਣੀ ਸਰਪੰਚ

ਹੁਸ਼ਿਆਰਪੁਰ, (ਪੰਜਾਬ ਮੇਲ)- ਪੰਚਾਇਤੀ ਚੋਣਾਂ ਦਰਮਿਆਨ ਹੁਸ਼ਿਆਰਪੁਰ ਦੇ ਪਿੰਡ ਡਗਾਣਾ ਖ਼ੁਰਦ ਵਿਖੇ ਸਰਪੰਚੀ ਦੀ ਉਮੀਦਵਾਰ ਪ੍ਰਵਾਸੀ ਮਜ਼ਦੂਰ ਨੇ ਜਿੱਤ ਹਾਸਲ ਕਰ ਕੇ ਪਿੰਡ ਦੀ ਸਰਪੰਚੀ 'ਤੇ ਕਬਜ਼ਾ ਕਰ ਲਿਆ ਹੈ।

ਪਿੰਡ ਦੀਆਂ ਕੁੱਲ 107 ਵੋਟਾਂ 'ਚੋਂ 47 ਵੋਟਾਂ ਲੈ ਕੇ ਰਾਮ ਬਾਈ ਨੇ ਸਰਪੰਚੀ ਦੀਆਂ ਚੋਣਾਂ 'ਚ ਜਿੱਤ ਹਾਸਲ ਕਰ ਲਈ ਹੈ, ਜਦਕਿ ਉਸ ਦੀ ਮੁਕਾਬਲੇਬਾਜ਼ ਸੀਮਾ ਨੂੰ ਸਿਰਫ਼ 17 ਵੋਟਾਂ ਹਾਸਲ ਹੋਈਆਂ। ਇਸ ਜਿੱਤ ਮਗਰੋਂ ਉਨ੍ਹਾਂ ਦੇ ਸਮਰਥਕਾਂ 'ਚ ਖ਼ੁਸ਼ੀ ਦੀ ਲਹਿਰ ਦੌੜ ਗਈ ਹੈ ਤੇ ਉਹ ਇਕ ਦੂਜੇ ਨੂੰ ਲੱਡੂ ਖੁਆ ਕੇ ਮੂੰਹ ਮਿੱਠਾ ਕਰਵਾ ਰਹੇ ਹਨ।



ਜਿੱਤ ਹਾਸਲ ਕਰਨ ਤੋਂ ਬਾਅਦ ਰਾਮ ਬਾਈ ਨੇ ਕਿਹਾ ਕਿ ਪਿੰਡ ਵਾਸੀਆਂ ਵੱਲੋਂ ਸੌਂਪੀ ਗਈ ਇਸ ਜ਼ਿੰਮੇਵਾਰੀ ਨੂੰ ਉਹ ਪੂਰੀ ਤਨਦੇਹੀ ਨਾਲ ਨਿਭਾਉਣਗੇ। ਉਨ੍ਹਾਂ ਕਿਹਾ ਕਿ ਉਹ ਇਸ ਤੋਂ ਪਹਿਲਾਂ ਵੀ ਇਕ ਵਾਰ ਸਰਪੰਚ ਰਹਿ ਚੁੱਕੇ ਹਨ ਤੇ ਪਿੰਡ ਵਾਸੀਆਂ ਵੱਲੋਂ ਉਨ੍ਹਾਂ ਨੂੰ ਦੁਬਾਰਾ ਸਰਪੰਚ ਚੁਣੇ ਜਾਣ 'ਤੇ ਉਹ ਲੋਕਾਂ ਦਾ ਧੰਨਵਾਦ ਕਰਦੇ ਹਨ।

# ਸਰਪੰਚੀ 'ਚ ਖੜ੍ਹੀ ਪ੍ਰਵਾਸੀ ਪਰਿਵਾਰ ਦੀ ਨੂੰਹ ਨੇ ਦਿੱਤੀ ਸਖ਼ਤ ਟੱਕਰ

ਮੋਗਾ, (ਪੰਜਾਬ ਮੇਲ)- ਮੋਗਾ ਜ਼ਿਲ੍ਹਾ ਦੇ ਪਿੰਡ ਰੋਡੇ ਖ਼ੁਰਦ ਦੀਆਂ ਪੰਚਾਇਤੀ ਚੋਣਾਂ ਨੂੰ ਲੈ ਕੇ ਪਿੰਡ ਦੇ ਨਾਲ-ਨਾਲ ਪੂਰੇ ਪੰਜਾਬ ਦੇ ਲੋਕਾਂ ਦੀਆਂ ਨਜ਼ਰਾਂ ਟਿਕੀਆਂ ਸਨ। ਇਸ ਦੀ ਵਜ੍ਹਾ ਸੀ ਕਿ ਇੱਥੇ ਇਕ ਪਾਸੇ ਪਿੰਡ ਵਾਸੀ ਅਤੇ ਦੂਜੇ ਪਾਸੇ ਪ੍ਰਵਾਸੀ ਪਰਿਵਾਰ ਵਿਚ ਮੁਕਾਬਲਾ ਸੀ। ਇਸ ਵੋਟਿੰਗ 'ਚ ਫੱਸਵਾਂ ਮੁਕਾਬਲਾ ਵੇਖਣ ਨੂੰ ਮਿਲਿਆ ਤੇ ਅਖ਼ੀਰ ਵਿਚ ਪਿੰਡ ਦੀ ਰਹਿਣ ਵਾਲੀ ਔਰਤ ਨੇ ਪ੍ਰਵਾਸੀ ਪਰਿਵਾਰ ਦੀ ਨੂੰਹ ਨੂੰ 13 ਵੋਟਾਂ ਨਾਲ ਹਰਾ ਕੇ ਜਿੱਤ ਹਾਸਲ ਕੀਤੀ। ਇਸ ਨਾਲ ਪਿੰਡ ਵਿਚ ਖ਼ੁਸ਼ੀ ਦਾ ਮਾਹੌਲ ਹੈ।

ਰੋਡੇ ਖ਼ੁਰਦ ਵਿਖੇ ਦੋ ਸਰਪੰਚੀ ਦੇ ਉਮੀਦਵਾਰ ਸਨ। ਇਕ ਪਿੰਡ ਦੇ ਚਰਨਜੀਤ ਕੌਰ ਪਤਨੀ ਲਖਵੀਰ ਸਿੰਘ ਅਤੇ ਦੂਜੇ ਪਾਸੇ ਪ੍ਰਵਾਸੀ ਪਰਿਵਾਰ ਬ੍ਰਿਜ ਲਾਲ ਦੀ ਨੂੰਹ ਸੁਨੀਤਾ ਰਾਣੀ। ਪਿੰਡ ਦੀਆਂ 266 ਵੋਟਾਂ ਹਨ, ਜਿਨ੍ਹਾਂ ਵਿਚੋਂ 196 ਲੋਕਾਂ ਨੇ ਵੋਟ ਦੇ ਹੱਕ ਦੀ ਵਰਤੋਂ ਕੀਤੀ। ਇਨ੍ਹਾਂ ਵਿਚੋਂ 5 ਵੋਟਾਂ ਰੱਦ ਹੋ ਗਈਆਂ। ਸੁਨੀਤਾ ਰਾਣੀ ਨੂੰ 89 ਵੋਟਾਂ ਪਈਆਂ, ਜਦਕਿ ਅਤੇ ਚਰਨਜੀਤ ਕੌਰ ਨੂੰ 102 ਵੋਟਾਂ ਪੋਲ ਹੋਈਆਂ। ਚਰਨਜੀਤ ਕੌਰ ਨੇ ਸੁਨੀਤਾ ਰਾਣੀ ਤੋਂ 13 ਵੋਟਾਂ ਨਾਲ ਜਿੱਤ ਪ੍ਰਾਪਤ ਕੀਤੀ। ਇਸ ਤੋਂ ਬਾਅਦ ਪਿੰਡ ਵਿਚ ਖ਼ੁਸ਼ੀ ਦਾ ਮਾਹੌਲ ਦੇਖਣ ਨੂੰ ਮਿਲਿਆ।

ਰੋਜ਼ਾਨਾ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਈਟ 'ਤੇ ਕਲਿੱਕ ਕਰੋ :
www.punjabmailusa.com

# ਪੰਚਾਇਤੀ ਚੋਣਾਂ: ਮਰੇ ਵਿਅਕਤੀ ਨੂੰ ਉਮੀਦਵਾਰ ਬਣਾਉਣ ਕਾਰਨ ਚੋਣ ਰੱਦ

**ਚੋਣ ਨਿਸ਼ਾਨ ਬਦਲਣ ਕਾਰਨ ਮਾਨਸਾ ਖ਼ੁਰਦ ਦੀ ਸਰਪੰਚੀ ਦੀ ਵੀ ਚੋਣ ਨਾ ਹੋਈ**

ਮਾਨਸਾ, (ਪੰਜਾਬ ਮੇਲ)- ਪਿੰਡ ਮਾਨਸਾ ਖੁਰਦ ਵਿਚ ਸਰਪੰਚ ਦੀ ਚੋਣ ਲੜ ਰਹੇ ਦੋ ਉਮੀਦਵਾਰਾਂ ਦੇ ਚੋਣ ਨਿਸ਼ਾਨ ਅਦਲਾ-ਬਦਲੀ ਹੋਣ ਕਾਰਨ ਚੋਣ ਨੂੰ ਰੱਦ ਕਰ ਦਿੱਤਾ ਗਿਆ। ਇਸ ਤੋਂ ਇਲਾਵਾ ਪੰਚ ਲਈ ਹੋ ਰਹੀਆਂ ਚੋਣਾਂ ਵਿਚ ਇੱਕ ਉਮੀਦਵਾਰ ਦੇ ਨਾਂ ਲਿਖਣ ਦੀ ਥਾਂ ਕਈ ਸਾਲ ਪਹਿਲਾਂ ਮਰੇ ਉਸ ਦੇ ਪਿਤਾ ਦਾ ਨਾਮ ਬੈਲਟ ਪੇਪਰ 'ਤੇ ਛਪਣ ਕਾਰਨ ਚੋਣ ਰੱਦ ਕਰ ਦਿੱਤੀ ਗਈ। ਇਸ ਤੋਂ ਬਾਅਦ ਪਿੰਡ ਦੇ ਲੋਕਾਂ ਨੇ ਵੋਟਾਂ ਨਾ ਪੈਣ ਕਾਰਨ ਜ਼ਿਲ੍ਹਾ ਪ੍ਰਸ਼ਾਸਨ ਖ਼ਿਲਾਫ਼ ਨਾਅਰੇਬਾਜ਼ੀ ਕੀਤੀ। ਜ਼ਿਕਰਯੋਗ ਹੈ ਕਿ ਇਥੋਂ ਤਿੰਨ ਔਰਤ ਉਮੀਦਵਾਰਾਂ ਵਿਚੋਂ ਇੱਕ ਆਮ ਆਦਮੀ ਪਾਰਟੀ ਦੇ ਸੂਬਾਈ ਕਾਰਜਕਾਰੀ ਪ੍ਰਧਾਨ ਅਤੇ ਬੁਢਲਾਡਾ ਤੋਂ ਵਿਧਾਇਕ ਪ੍ਰਿੰਸੀਪਲ ਬੁੱਧਰਾਮ ਦੀ ਰਿਸ਼ਤੇਦਾਰ ਅਮਰਜੀਤ ਕੌਰ ਨਾਲ ਸਬੰਧਤ ਹੈ। ਉਮੀਦਵਾਰ ਅਮਨਦੀਪ ਕੌਰ ਪਤਨੀ ਅਵਤਾਰ ਸਿੰਘ ਦਾ ਚੋਣ ਨਿਸ਼ਾਨ ਟਰੈਕਟਰ ਹੈ, ਜਦੋਂ ਕਿ ਅਮਰਜੀਤ ਕੌਰ ਪਤਨੀ ਅਵਤਾਰ ਸਿੰਘ ਦਾ ਚੋਣ ਨਿਸ਼ਾਨ ਰੁੱਖ ਹੈ। ਇਨ੍ਹਾਂ ਦੋਨੋਂ ਉਮੀਦਵਾਰਾਂ ਦੇ ਬੈਲਟ ਪੇਪਰਾਂ ਵਿੱਚ ਚੋਣ ਨਿਸ਼ਾਨ ਅਦਲ-ਬਦਲ ਗਏ। ਇਸ ਤਰ੍ਹਾਂ ਪੰਚ ਦੀ ਚੋਣ ਵਾਸਤੇ ਨਵਜੋਤ ਸਿੰਘ ਪੁੱਤਰ ਹਰਚਰਨ ਸਿੰਘ ਉਮੀਦਵਾਰ ਵਜੋਂ ਮੈਦਾਨ ਵਿੱਚ ਸਨ ਪਰ ਬੈਲਟ ਪੇਪਰ ਵਿਚ ਉਸ ਦੇ ਕਈ ਸਾਲ ਪਹਿਲਾਂ ਮਰੇ ਪਿਤਾ ਹਰਚਰਨ ਸਿੰਘ ਨੂੰ ਉਮੀਦਵਾਰ ਦਿਖਾਇਆ ਗਿਆ ਹੈ, ਜਿਸ ਕਰਕੇ ਪੰਚ ਦੀਆਂ ਚੋਣਾਂ ਵੀ ਰੱਦ ਕਰਨੀਆਂ ਪਈਆਂ।



ਪਿੰਡ ਮਾਨਸਾ ਖੁਰਦ 'ਚ ਧਰਨਾ ਦਿੰਦੇ ਹੋਏ ਪਿੰਡ ਵਾਸੀ।

# ਪੰਜਾਬ ਵਿਧਾਨ ਸਭਾ ਚੋਣਾਂ ਲੜਨ ਵਾਲੇ 5 ਉਮੀਦਵਾਰ ਅਯੋਗ ਕਰਾਰ

**3 ਸਾਲ ਤੱਕ ਨਹੀਂ ਲੜ ਸਕਣਗੇ ਚੋਣ**

ਚੰਡੀਗੜ੍ਹ, (ਪੰਜਾਬ ਮੇਲ)- ਭਾਰਤੀ ਚੋਣ ਕਮਿਸ਼ਨ ਵਲੋਂ ਵੱਖ-ਵੱਖ ਹੁਕਮਾਂ ਤਹਿਤ ਪੰਜਾਬ ਵਿਧਾਨ ਸਭਾ 2022 ਦੀਆਂ ਚੋਣਾਂ ਲੜਨ ਵਾਲੇ 5 ਉਮੀਦਵਾਰਾਂ ਨੂੰ ਅਯੋਗ ਐਲਾਨਿਆ ਗਿਆ ਹੈ। ਇਸ ਸਬੰਧ 'ਚ ਜਾਣਕਾਰੀ ਦਿੰਦੇ ਹੋਏ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਦੱਸਿਆ ਕਿ ਇਨ੍ਹਾਂ ਉਮੀਦਵਾਰਾਂ ਨੇ ਸਮਾਂ ਹੱਦ ਅੰਦਰ ਆਪਣੇ ਚੋਣ ਖ਼ਰਚੇ ਦਾ ਵੇਰਵਾ ਕਮਿਸ਼ਨ ਕੋਲ ਜਮ੍ਹਾਂ ਨਹੀਂ ਕਰਵਾਇਆ, ਜਿਸ ਕਾਰਨ ਅਗਲੇ 3 ਸਾਲਾਂ ਤੱਕ ਇਨ੍ਹਾਂ ਉਮੀਦਵਾਰਾਂ ਨੂੰ ਚੋਣ ਲੜਨ ਲਈ ਅਯੋਗ ਕਰਾਰ ਦਿੱਤਾ ਗਿਆ ਹੈ।

ਉਨ੍ਹਾਂ ਨੇ ਦੱਸਿਆ ਕਿ ਇਨ੍ਹਾਂ 5 ਉਮੀਦਵਾਰਾਂ 'ਚੋਂ 3 ਸੰਗਰੂਰ ਜ਼ਿਲ੍ਹੇ ਦੇ ਹਨ ਅਤੇ 1-1 ਉਮੀਦਵਾਰ ਮਾਨਸਾ ਅਤੇ ਫ਼ਰੀਦਕੋਟ ਜ਼ਿਲ੍ਹੇ ਨਾਲ ਸਬੰਧਿਤ ਹੈ। ਭਾਰਤੀ ਚੋਣ ਕਮਿਸ਼ਨ ਵਲੋਂ ਜਾਰੀ ਕੀਤੇ ਗਏ ਹੁਕਮਾਂ ਤਹਿਤ ਸੰਗਰੂਰ ਜ਼ਿਲ੍ਹੇ ਦੀ ਧੂਰੀ ਵਿਧਾਨ ਸਭਾ ਸੀਟ ਤੋਂ ਚੋਣ ਲੜਨ ਵਾਲੇ ਸ਼ਕਤੀ ਕੁਮਾਰ ਗੁਪਤਾ, ਜਸਵਿੰਦਰ ਸਿੰਘ ਅਤੇ ਸੁਨਾਮ ਵਿਧਾਨ ਸਭਾ ਤੋਂ ਚੋਣ ਲੜਨ ਵਾਲੇ ਸਨਮੁਖ ਸਿੰਘ ਨੂੰ ਅਯੋਗ ਕਰਾਰ ਦਿੱਤਾ ਗਿਆ ਹੈ।

ਇਸੇ ਤਰ੍ਹਾਂ ਫ਼ਰੀਦਕੋਟ ਵਿਧਾਨ ਸਭਾ ਸੀਟ ਤੋਂ ਚੋਣ ਲੜਨ ਵਾਲੇ ਗੁਰਚਰਨ ਸਿੰਘ ਸੰਘਾ ਨੂੰ ਵੀ ਅਯੋਗ ਕਰਾਰ ਦਿੱਤਾ ਗਿਆ ਹੈ। ਸਿਬਿਨ ਸੀ ਨੇ ਕਿਹਾ ਕਿ ਵਿਧਾਨ ਸਭਾ ਚੋਣ ਲੜਨ ਵਾਲੇ ਮਾਨਸਾ ਜ਼ਿਲ੍ਹੇ ਦੇ ਵਾਸੀ ਹਰਭਗਵਾਨ ਸ਼ਰਮਾ ਭਿਖੀ ਨੂੰ ਵੀ ਭਾਰਤੀ ਚੋਣ ਕਮਿਸ਼ਨ ਨੇ ਅਗਲੇ 3 ਸਾਲ ਤੱਕ ਚੋਣ ਲੜਨ ਲਈ ਅਯੋਗ ਕਰਾਰ ਦਿੱਤਾ ਹੈ।

## ਮਹਾਰਾਸ਼ਟਰ ਚੋਣਾਂ ਲਈ ਕਾਂਗਰਸ ਵੱਲੋਂ ਚੰਨੀ ਸਮੇਤ 11 ਸੀਨੀਅਰ ਆਬਜ਼ਰਵਰ ਨਿਯੁਕਤ

ਨਵੀਂ ਦਿੱਲੀ, (ਪੰਜਾਬ ਮੇਲ)- ਕਾਂਗਰਸ ਨੇ ਮਹਾਰਾਸ਼ਟਰ ਵਿਧਾਨ ਸਭਾ ਚੋਣਾਂ ਲਈ 11 ਸੀਨੀਅਰ ਆਬਜ਼ਰਵਰ ਨਿਯੁਕਤ ਕੀਤੇ ਹਨ, ਜਿਨ੍ਹਾਂ ਵਿਚ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਰਾਜਸਥਾਨ ਦੇ ਸਾਬਕਾ ਮੁੱਖ ਮੰਤਰੀ ਅਸ਼ੋਕ ਗਹਿਲੋਤ, ਛੱਤੀਸਗੜ੍ਹ ਦੇ ਸਾਬਕਾ ਮੁੱਖ ਮੰਤਰੀ ਭੁਪੇਸ਼ ਬਘੇਲ ਅਤੇ ਪਾਰਟੀ ਜਨਰਲ ਸਕੱਤਰ ਸਚਿਨ ਪਾਇਲਟ ਸ਼ਾਮਲ ਹਨ। ਕਾਂਗਰਸ ਨੇ ਝਾਰਖੰਡ ਵਿਧਾਨ ਸਭਾ ਚੋਣਾਂ ਲਈ ਤਾਰਿਕ ਅਨਵਰ, ਅਧੀਰ ਰੰਜਨ ਚੌਧਰੀ ਤੇ ਭੱਟੀ ਵਿਕਰਮਾਰਕਾ ਮੱਲੂ ਨੂੰ ਸੀਨੀਅਰ ਆਬਜ਼ਰਵਰ ਨਿਯੁਕਤ ਕੀਤਾ ਹੈ।

# ਪਹਿਲਾਂ 2 ਵੋਟਾਂ ਤੋਂ ਜਿੱਤਿਆ ਉਮੀਦਵਾਰ, ਫ਼ਿਰ ਅਧਿਕਾਰੀਆਂ ਨੇ ਉਹੀ 2 ਵੋਟਾਂ ਕਰ'ਤੀਆਂ ਰੱਦ!

ਖਰੜ, (ਪੰਜਾਬ ਮੇਲ)- ਪਿੰਡ ਬੱਤਾਂ ਵਿਖੇ ਉਸ ਸਮੇਂ ਦਹਿਸ਼ਤ ਦਾ ਮਾਹੌਲ ਪੈਦਾ ਹੋ ਗਿਆ, ਜਦੋਂ ਪਿੰਡ 'ਚ ਪੰਚਾਇਤੀ ਚੋਣਾਂ ਨੂੰ ਲੈ ਕੇ ਸਰਪੰਚੀ ਦੇ ਉਮੀਦਵਾਰਾਂ ਦਾ ਮੁਕਾਬਲਾ ਬਰਾਬਰ ਕਰਾਰ ਦੇਣ ਤੋਂ ਬਾਅਦ ਪਿੰਡ ਵਾਸੀਆਂ ਵੱਲੋਂ ਸਾਰੇ ਪੋਲਿੰਗ ਸਟਾਫ਼ ਨੂੰ ਸਕੂਲ ਅੰਦਰ ਹੀ ਡੱਕ ਕੇ ਰੋਸ ਪ੍ਰਦਰਸ਼ਨ ਕੀਤਾ ਗਿਆ।

ਪਿੰਡ ਵਾਸੀਆਂ ਨੇ ਦੋਸ਼ ਲਾਏ ਕਿ ਪਹਿਲਾਂ ਸਰਪੰਚੀ ਦੇ ਉਮੀਦਵਾਰ ਬਲਵਿੰਦਰ ਸਿੰਘ ਨੂੰ 2 ਵੋਟਾਂ ਤੋਂ ਜੇਤੂ ਕਰਾਰ ਦੇ ਦਿੱਤਾ ਗਿਆ ਸੀ, ਜਦਕਿ ਦੂਜੀ ਪਾਰਟੀ ਤੋਂ ਉਮੀਦਵਾਰ ਗੁਰਪ੍ਰੀਤ ਸਿੰਘ ਲਾਲਾ ਨੂੰ ਹਰਾ ਦਿੱਤਾ ਗਿਆ ਸੀ। ਫਿਰ 2 ਘੰਟੇ ਬਾਅਦ ਦੁਬਾਰਾ ਗਿਣਤੀ ਕੀਤੀ ਗਈ, ਜਿਸ ਤੋਂ ਬਾਅਦ ਦੋ ਵੋਟਾਂ ਨੂੰ ਰੱਦ ਕਰ ਦਿੱਤਾ ਗਿਆ, ਜਿਸ ਤੋਂ ਬਾਅਦ ਸਰਪੰਚੀ ਦੇ ਦੋਵਾਂ ਉਮੀਦਵਾਰਾਂ ਨੂੰ ਬਰਾਬਰ ਕਰਾਰ ਦਿੱਤਾ ਗਿਆ।

ਇਸ ਮਗਰੋਂ ਪ੍ਰਸ਼ਾਸਨਿਕ ਅਧਿਕਾਰੀਆਂ ਵੱਲੋਂ ਦੋਵਾਂ ਉਮੀਦਵਾਰਾਂ ਦੀ ਟਾਸ ਪਾ ਕੇ ਚੋਣ ਕਰਨ ਲਈ ਕਿਹਾ ਗਿਆ, ਜਿਸ ਤੋਂ ਬਾਅਦ ਉਮੀਦਵਾਰ ਬਲਵਿੰਦਰ ਸਿੰਘ ਦੇ ਸਮਰਥਕਾਂ ਵੱਲੋਂ ਪ੍ਰਸ਼ਾਸਨ ਖ਼ਿਲਾਫ਼ ਨਾਅਰੇਬਾਜ਼ੀ ਕੀਤੀ ਗਈ ਤੇ ਡਿਊਟੀ ਤੋਂ ਬਾਅਦ ਵਾਪਸ ਜਾ ਰਹੇ ਮਹਿਲਾ ਪੋਲਿੰਗ ਸਟਾਫ ਦੀ ਬੱਸ ਨੂੰ ਪਿੰਡ ਵਿਚ ਹੀ ਡੱਕ ਲਿਆ ਗਿਆ।

ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸਰਪੰਚੀ ਦੇ ਉਮੀਦਵਾਰ ਬਲਵਿੰਦਰ ਸਿੰਘ ਨੇ ਕਿਹਾ ਕਿ ਉਸ ਨੂੰ ਪਹਿਲਾ 2 ਵੋਟਾਂ 'ਤੇ ਜੇਤੂ ਕਰਾਰ ਦਿੱਤਾ ਗਿਆ ਸੀ, ਜਿਸ ਤੋਂ 2 ਘੰਟੇ ਬਾਅਦ ਉਸ ਦੀਆਂ 2 ਵੋਟਾਂ ਰੱਦ ਕਰਕੇ ਬਰਾਬਰ ਕਰ ਦਿੱਤਾ ਗਿਆ। ਇਸ ਮੌਕੇ ਐੱਸ.ਐੱਚ.ਓ. ਘੜੂੰਆਂ ਤੇ ਐੱਸ.ਐੱਚ.ਓ. ਥਾਣਾ ਸਦਰ ਖਰੜ ਤੇ ਹੋਰ ਅਧਿਕਾਰੀ ਤੇ ਮੁਲਾਜ਼ਮ ਮੌਕੇ 'ਤੇ ਪਹੁੰਚੇ। ਇਸ ਮੌਕੇ ਬਲਵਿੰਦਰ ਸਿੰਘ ਦੇ ਸਮਰਥਕਾਂ ਨੇ ਕਿਹਾ ਕਿ ਜੇਕਰ ਸਮੱਸਿਆ ਦਾ ਹੱਲ ਨਾ ਹੋਇਆ, ਤਾਂ ਉਹ ਹਾਈਵੇਅ ਬੰਦ ਕਰਕੇ ਰੋਸ ਪ੍ਰਦਰਸ਼ਨ ਕਰਨਗੇ।

ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਐੱਸ.ਡੀ.ਐੱਮ. ਖਰੜ ਗੁਰਮਿੰਦਰ ਸਿੰਘ ਨੇ ਉਮੀਦਵਾਰ ਵੱਲੋਂ ਲੱਗੇ ਦੋਸ਼ਾਂ ਨੂੰ ਨਕਾਰਦੇ ਹੋਏ ਕਿਹਾ ਕਿ ਦੋਵਾਂ ਉਮੀਦਵਾਰਾਂ ਨੂੰ ਵੋਟਾਂ ਬਰਾਬਰ ਪਈਆਂ ਸਨ। ਉਨ੍ਹਾਂ ਦੱਸਿਆ ਕਿ ਇਸ ਦਾ ਹੱਲ ਹੁਣ ਟਾਸ ਹੀ ਹੈ। ਉਨ੍ਹਾਂ ਕਿਹਾ ਕਿ ਟਾਸ ਪਾਈ ਜਾਵੇਗੀ, ਜਿਸ ਤੋਂ ਬਾਅਦ ਹੀ ਸਰਪੰਚੀ ਦੀ ਉਮੀਦਵਾਰ ਐਲਾਨਿਆ ਜਾਵੇਗਾ।

# ਜ਼ਿਮਨੀ ਚੋਣਾਂ ਸਿਰ 'ਤੇ; ਪੰਜਾਬ ਦੇ ਪ੍ਰਧਾਨ ਬਾਰੇ ਸ਼ਸ਼ੋਪੰਜ 'ਚ ਭਾਜਪਾ!

ਚੰਡੀਗੜ੍ਹ (ਪੰਜਾਬ ਮੇਲ)- ਪੰਜਾਬ ਭਾਜਪਾ ਪ੍ਰਧਾਨ ਸੁਨੀਲ ਜਾਖੜ ਵੱਲੋਂ ਪ੍ਰਧਾਨਗੀ ਛੱਡਣ ਦੀ ਗੱਲ ਕਹਿਣ ਮਗਰੋਂ 2 ਮਹੀਨੇ ਬੀਤਣ ਤੋਂ ਬਾਅਦ ਵੀ ਪਾਰਟੀ ਦੀ ਕੌਮੀ ਲੀਡਰਸ਼ਿਪ ਇਸ ਬਾਰੇ ਕੋਈ ਫ਼ੈਸਲਾ ਨਹੀਂ ਲੈ ਸਕੀ। ਹਾਲਾਂਕਿ ਜਾਖੜ ਕੈਂਪ ਦਾ ਦਾਅਵਾ ਸੀ ਕਿ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਉਨ੍ਹਾਂ ਨੂੰ ਹਰਿਆਣਾ ਚੋਣਾਂ ਤੱਕ ਰੁਕਣ ਲਈ ਕਿਹਾ ਸੀ ਪਰ ਇਨ੍ਹਾਂ ਚੋਣਾਂ ਨੂੰ ਵੀ ਹਫ਼ਤੇ ਤੋਂ ਜ਼ਿਆਦਾ ਸਮਾਂ ਬੀਤ ਚੁੱਕਿਆ ਹੈ। ਭਾਜਪਾ ਦੀ ਕੌਮੀ ਲੀਡਰਸ਼ਿਪ ਹਾਲੇ ਵੀ ਨਾ ਤਾਂ ਜਾਖੜ ਦੀ ਗੱਲ ਮੰਨ ਕੇ ਉਨ੍ਹਾਂ ਨੂੰ ਕਾਰਜਭਾਰ ਤੋਂ ਮੁਕਤ ਕਰਨ ਲਈ ਕਹਿ ਰਹੀ ਹੈ ਤੇ ਨਾ ਹੀ ਕਿਸੇ ਹੋਰ ਨੇਤਾ ਨੂੰ ਪ੍ਰਧਾਨਗੀ ਸੌਂਪ ਰਹੀ ਹੈ। ਇਸ ਨਾਲ ਸੂਬਾਈ ਸੰਗਠਨ ਦਾ ਕੰਮਕਾਜ ਤਾਂ ਪ੍ਰਭਾਵਿਤ ਹੋ ਹੀ ਰਿਹਾ ਹੈ, ਪਾਰਟੀ ਵਰਕਰ ਵੀ ਨਿਰਾਸ਼ ਹਨ। ਕੌਮੀ ਲੀਡਰਸ਼ਿਪ ਦੇ ਇਸ ਰਵੱਈਏ ਨਾਲ ਪੰਜਾਬ 'ਚ ਪਾਰਟੀ ਵਰਕਰਾਂ ਦਾ ਮਨੋਬਲ ਵੀ ਡਿੱਗ ਰਿਹਾ ਹੈ। ਹਾਲਾਂਕਿ ਪਾਰਟੀ ਆਗੂ ਨਾਮ ਨਾ ਛਾਪਣ ਦੀ ਸ਼ਰਤ 'ਤੇ ਖੁੱਲ੍ਹ ਕੇ ਇਸ ਮੁੱਦੇ 'ਤੇ ਆਪਣੀ ਗੱਲ ਰੱਖ ਰਹੇ ਹਨ ਪਰ ਅਨੁਸ਼ਾਸਨ ਦੇ ਨਾਂ 'ਤੇ ਕੁੱਝ ਵੀ ਰਿਕਾਰਡ 'ਤੇ ਬੋਲਣ ਲਈ ਤਿਆਰ ਨਹੀਂ। ਕੁੱਝ ਆਗੂਆਂ ਨੇ ਪਿਛਲੇ ਦਿਨੀਂ ਜਨਤਕ ਤੌਰ 'ਤੇ ਜਾਖੜ ਬਾਰੇ ਵਿਚਾਰ ਮੀਡੀਆ 'ਚ ਰੱਖੇ ਤਾਂ ਪਾਰਟੀ ਲੀਡਰਸ਼ਿਪ ਦੀ ਘੁਰਕੀ ਤੋਂ ਬਾਅਦ ਉਹ ਵੀ ਚੁੱਪੀ ਧਾਰ ਗਏ। ਸੂਬੇ ਦੇ ਕੁਝ ਸਾਬਕਾ ਪ੍ਰਧਾਨਾਂ, ਸਾਬਕਾ ਵਿਧਾਇਕਾਂ ਤੇ ਸੂਬਾਈ ਅਹੁਦੇਦਾਰਾਂ ਨੇ ਸਵੀਕਾਰ ਕੀਤਾ ਹੈ ਕਿ ਸ੍ਰੀ ਰਾਮ ਮੰਦਰ ਬਣਨ ਤੋਂ ਬਾਅਦ ਪਾਰਟੀ ਨੇ ਪੰਜਾਬ 'ਚ ਜੋ ਰਫ਼ਤਾਰ ਫੜ੍ਹੀ ਸੀ, ਉਹ ਹੁਣ ਕਮਜ਼ੋਰ ਪੈ ਚੁੱਕੀ ਹੈ। ਪਹਿਲਾਂ ਅੱਧੀ-ਅਧੂਰੀ ਮੈਂਬਰਸ਼ਿਪ ਮੁਹਿੰਮ ਬਿਨਾਂ ਪ੍ਰਧਾਨ ਤੋਂ ਚਲਾਈ ਗਈ ਅਤੇ ਹੁਣ ਪੰਚਾਇਤੀ ਚੋਣਾਂ ਵੀ ਬਿਨਾਂ ਪ੍ਰਧਾਨ ਤੋਂ ਮੁਕੰਮਲ ਹੋ ਗਈਆਂ, ਜਦਕਿ ਇਨ੍ਹਾਂ ਦੋਵੇਂ ਚੋਣਾਂ 'ਚ ਪ੍ਰਧਾਨ ਦੀ ਅਹਿਮ ਭੂਮਿਕਾ ਰਹਿੰਦੀ ਹੈ। ਇਕ ਸਾਬਕਾ ਸੂਬਾ ਪ੍ਰਧਾਨ ਦਾ ਕਹਿਣਾ ਹੈ ਕਿ ਪਾਰਟੀ ਦਾ ਵੱਡਾ ਨੁਕਸਾਨ ਤਾਂ ਹੋ ਹੀ ਚੁੱਕਿਆ ਹੈ, ਹੁਣ ਤਾਂ ਜਾਖੜ ਨੂੰ ਬਾਹਰ ਆ ਜਾਣਾ ਚਾਹੀਦਾ ਹੈ। ਹੁਣ ਗਿੱਦੜਬਾਹਾ, ਡੇਰਾ ਬਾਬਾ ਨਾਨਕ, ਬਰਨਾਲਾ ਅਤੇ ਚੱਬੇਵਾਲ ਲਈ ਵਿਧਾਨ ਸਭਾ ਜ਼ਿਮਨੀ ਚੋਣਾਂ ਦਾ ਐਲਾਨ ਹੋਇਆ ਹੈ। 10 ਦਿਨਾਂ 'ਚ ਨਾਮਜ਼ਦਗੀ ਵੀ ਭਰਨੀ ਹੈ। ਬਿਨਾਂ ਪ੍ਰਧਾਨ ਤੋਂ ਪਹਿਲੀ ਵਾਰ ਹੋਵੇਗਾ, ਜਦੋਂ ਅਸੀਂ ਉਮੀਦਵਾਰ ਚੁਣ ਰਹੇ ਹੋਵਾਂਗੇ। ਪਾਰਟੀ ਪ੍ਰਧਾਨ ਨੂੰ ਸਥਿਤੀ ਸਪੱਸ਼ਟ ਕਰਨੀ ਚਾਹੀਦੀ ਕਿ ਉਨ੍ਹਾਂ ਨੇ ਅਸਤੀਫ਼ਾ ਦਿੱਤਾ ਹੈ ਜਾਂ ਨਹੀਂ।

**ਕਾਰਜਕਾਰੀ ਪ੍ਰਧਾਨ ਲਾਉਣ 'ਤੇ ਕਰ ਰਹੀ ਵਿਚਾਰ**

ਇਸੇ ਦਰਮਿਆਨ ਜਾਖੜ ਦੇ ਇਕ ਕਰੀਬੀ ਨੇ ਦੱਸਿਆ ਕਿ ਉਨ੍ਹਾਂ ਨੇ ਕੋਈ ਲਿਖਤੀ ਅਸਤੀਫ਼ਾ ਪਾਰਟੀ ਲੀਡਰਸ਼ਿਪ ਨੂੰ ਨਹੀਂ ਸੌਂਪਿਆ ਸੀ। ਉਨ੍ਹਾਂ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਤੋਂ ਇਲਾਵਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਪਾਰਟੀ ਦੇ ਕੌਮੀ ਪ੍ਰਧਾਨ ਜੇ.ਪੀ. ਨੱਡਾ ਅੱਗੇ ਮੌਖਿਕ ਰੂਪ 'ਚ ਆਪਣੀ ਗੱਲ ਰੱਖੀ ਸੀ। ਉਨ੍ਹਾਂ ਕਿਹਾ ਸੀ ਕਿ ਜਿਸ ਤਰ੍ਹਾਂ ਨਵਜੋਤ ਸਿੰਘ ਸਿੱਧੂ ਨੂੰ ਕਾਂਗਰਸ ਸਰਕਾਰ 'ਚ ਚਾਹੇ ਮੰਤਰੀ ਬਣਾਇਆ ਗਿਆ ਸੀ ਪਰ ਜਦੋਂ ਉਨ੍ਹਾਂ ਨੂੰ ਪੰਜਾਬ ਕਾਂਗਰਸ ਦਾ ਪ੍ਰਧਾਨ ਬਣਾਇਆ ਗਿਆ, ਤਾਂ ਵਰਕਰਾਂ ਨੇ ਉਨ੍ਹਾਂ ਨੂੰ ਸਵੀਕਾਰ ਨਹੀਂ ਕੀਤਾ। ਉਨ੍ਹਾਂ ਦਾ ਤਰਕ ਸੀ ਕਿ ਚਾਹੇ ਕੋਈ ਵੀ ਪਾਰਟੀ ਹੋਵੇ, ਵਰਕਰ ਹੋਰਨਾਂ ਪਾਰਟੀਆਂ ਤੋਂ ਆਏ ਨੇਤਾ ਨੂੰ ਪ੍ਰਧਾਨ ਸਵੀਕਾਰ ਨਹੀਂ ਕਰਦੇ। ਜਾਖੜ ਨੇ ਪਾਰਟੀ ਲੀਡਰਸ਼ਿਪ ਨੂੰ ਇਹ ਵੀ ਕਿਹਾ ਸੀ ਕਿ ਚਾਹੇ ਜਿਸ ਨੂੰ ਵੀ ਪੰਜਾਬ 'ਚ ਪ੍ਰਧਾਨ ਬਣਾਇਆ ਜਾਵੇ, ਜਦੋਂ ਤੱਕ ਕਿਸਾਨਾਂ ਦੇ ਮਸਲੇ ਹੱਲ ਨਹੀਂ ਹੋਣਗੇ ਅਤੇ ਕਿਸਾਨਾਂ ਨਾਲ ਗੱਲਬਾਤ ਦੌਰਾਨ ਸੂਬਾਈ ਸੰਗਠਨ ਨੂੰ ਸ਼ਾਮਲ ਨਹੀਂ ਕਰਾਂਗੇ, ਉਦੋਂ ਤੱਕ ਕੋਈ ਪ੍ਰਧਾਨ ਪੰਜਾਬ 'ਚ ਪਾਰਟੀ ਨੂੰ ਨਹੀਂ ਚਲਾ ਸਕਦਾ। ਪੰਜਾਬ 'ਚ ਵਰਕਰ ਨੂੰ ਚੱਲਣ ਲਈ ਜਿਸ ਰਸਤੇ ਦੀ ਲੋੜ ਹੈ, ਉਹ ਪਿੰਡਾਂ 'ਚੋਂ ਹੋ ਕੇ ਹੀ ਲੰਘਦਾ ਹੈ।

# ਨਿੱਝਰ ਮਾਮਲੇ ਤੋਂ ਭਾਰਤ-ਕੈਨੇਡਾ ਦੇ ਰਿਸ਼ਤਿਆਂ 'ਚ ਮੁੜ ਤਣਾਅ

- ਭਾਰਤ ਨੇ ਹਾਈ ਕਮਿਸ਼ਨਰ ਤੇ ਹੋਰ ਡਿਪਲੋਮੈਟ ਵਾਪਸ ਸੱਦੇ
- 6 ਕੈਨੇਡੀਅਨ ਡਿਪਲੋਮੈਟਾਂ ਨੂੰ 19 ਤੱਕ ਦੇਸ਼ ਛੱਡਣ ਲਈ ਕਿਹਾ
- ਵਿਦੇਸ਼ ਮੰਤਰਾਲੇ ਨੇ ਕੈਨੇਡੀਅਨ ਡਿਪਲੋਮੈਟ ਨੂੰ ਤਲਬ ਕਰਕੇ ਰੋਸ ਜਤਾਇਆ
- ਕੈਨੇਡਾ ਦੀ ਭਾਰਤੀ ਹਾਈ ਕਮਿਸ਼ਨਰ ਤੇ ਹੋਰ ਡਿਪਲੋਮੈਟਾਂ ਤੋਂ ਪੁੱਛ-ਪੜਤਾਲ ਦੀ ਅਪੀਲ ਰੱਦ
- 'ਪਰਸਨਜ਼ ਆਫ਼ ਇੰਟਰਸਟ' ਦੋਸ਼ਾਂ ਨੂੰ ਟਰੂਡੋ ਸਰਕਾਰ ਦੀ ਵੋਟ ਬੈਂਕ ਸਿਆਸਤ ਦੱਸਿਆ



ਵਿਦੇਸ਼ ਮੰਤਰਾਲੇ ਦੇ ਦਫ਼ਤਰ ਤੋਂ ਬਾਹਰ ਆਉਂਦੇ ਹੋਏ ਕੈਨੇਡਾ ਦੇ ਡਿਪਟੀ ਹਾਈ ਕਮਿਸ਼ਨਰ ਸਟੀਵਰਟ ਵ੍ਹੀਲਰ।

### ਕੈਨੇਡਾ ਵੱਲੋਂ 6 ਭਾਰਤੀ ਡਿਪਲੋਮੈਟ ਬਰਖ਼ਾਸਤ

ਕੈਨੇਡਾ ਨੇ ਛੇ ਭਾਰਤੀ ਡਿਪਲੋਮੈਟਾਂ ਨੂੰ ਮੁਲਕ 'ਚੋਂ ਕੱਢਣ ਦੇ ਹੁਕਮ ਦਿੱਤੇ ਹਨ। ਸਰਕਾਰੀ ਸੂਤਰਾਂ ਨੇ ਕਿਹਾ ਕਿ ਉਹ ਮੁਲਕ 'ਚ ਹਿੰਸਾ ਫੈਲਾਉਣ ਲਈ ਭਾਰਤ ਸਰਕਾਰ ਦਾ ਹਿੱਸਾ ਸਨ। ਰੌਇਲ ਕੈਨੇਡੀਅਨ ਮਾਊਂਟਿਡ ਪੁਲਿਸ ਨੇ ਦੋਸ਼ ਲਾਇਆ ਹੈ ਕਿ ਭਾਰਤੀ ਡਿਪਲੋਮੈਟ ਅਤੇ ਸਫ਼ਾਰਤਖਾਨੇ ਦੇ ਹੋਰ ਅਧਿਕਾਰੀ ਸ਼ੱਕੀ ਗਤੀਵਿਧੀਆਂ 'ਚ ਸ਼ਾਮਲ ਸਨ। ਉਨ੍ਹਾਂ ਕਿਹਾ ਕਿ ਇਹ ਅਧਿਕਾਰੀ ਆਪਣੇ ਅਹੁਦਿਆਂ ਦੀ ਦੁਰਵਰਤੋਂ ਕਰਕੇ ਭਾਰਤ ਸਰਕਾਰ ਨਾਲ ਜਾਣਕਾਰੀ ਸਾਂਝੀ ਕਰਦੇ ਸਨ ਅਤੇ ਦੱਖਣ ਏਸ਼ਿਆਈ ਭਾਈਚਾਰੇ ਖ਼ਿਲਾਫ਼ ਕਾਰਵਾਈਆਂ ਕਰਵਾ ਰਹੇ ਸਨ।

**ਨਵੀਂ ਦਿੱਲੀ, (ਪੰਜਾਬ ਮੇਲ)-** ਭਾਰਤ ਨੇ ਕੈਨੇਡਾ ਵਿਚਲੇ ਆਪਣੇ ਡਿਪਲੋਮੈਟਾਂ ਨੂੰ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਦੀ ਜਾਂਚ ਨਾਲ ਜੋੜਨ ਦੀਆਂ ਕੋਸ਼ਿਸ਼ਾਂ ਕਾਰਨ ਦੋਵਾਂ ਦੇਸ਼ਾਂ ਦੇ ਸਬੰਧ ਹੋਰ ਵਿਗੜ ਗਏ ਹਨ। ਇਸ ਕਾਰਨ ਭਾਰਤ ਨੇ ਆਪਣੇ ਹਾਈ ਕਮਿਸ਼ਨਰ ਤੇ 'ਨਿਸ਼ਾਨੇ' ਉੱਤੇ ਆਏ ਹੋਰਨਾਂ ਡਿਪਲੋਮੈਟਾਂ ਨੂੰ ਕੈਨੇਡਾ ਤੋਂ ਵਾਪਸ ਬੁਲਾਉਣ ਦਾ ਫੈਸਲਾ ਕੀਤਾ ਹੈ। ਭਾਰਤ ਨੇ ਕੈਨੇਡਾ ਦੇ ਛੇ ਡਿਪਲੋਮੈਟਾਂ ਨੂੰ 19 ਅਕਤੂਬਰ ਤੋਂ ਪਹਿਲਾਂ ਰਾਤ 11:59 ਤੱਕ ਦੇਸ਼ ਛੱਡਣ ਲਈ ਕਿਹਾ ਹੈ। ਵਿਦੇਸ਼ ਮੰਤਰਾਲੇ ਨੇ ਕੈਨੇਡਾ ਦੇ ਚਾਰਜ ਡੀ'ਅਫੇਅਰਜ਼ (ਡਿਪਲੋਮੈਟ) ਨੂੰ ਤਲਬ ਕਰਨ ਤੋਂ ਫੌਰੀ ਮਗਰੋਂ ਉਪਰੋਕਤ ਐਲਾਨ ਕਰ ਦਿੱਤਾ। ਟਰੂਡੋ ਸਰਕਾਰ ਨੇ ਐਤਵਾਰ ਨੂੰ ਕੂਟਨੀਤਕ ਚੈਨਲਾਂ ਜ਼ਰੀਏ ਭੇਜੇ ਪੱਤਰ 'ਚ ਨਿੱਝਰ ਮਾਮਲੇ ਦੀ ਜਾਂਚ ਦੇ ਸੰਦਰਭ ਵਿਚ ਕੈਨੇਡਾ ਵਿਚ ਭਾਰਤ ਦੇ ਹਾਈ ਕਮਿਸ਼ਨਰ ਸੰਜੈ ਵਰਮਾ ਤੇ ਹੋਰਨਾਂ ਕੂਟਨੀਤਕਾਂ ਤੋਂ ਪੁੱਛ-ਪੜਤਾਲ ਦੀ ਇਜਾਜ਼ਤ ਮੰਗੀ ਸੀ। ਵਿਦੇਸ਼ ਮੰਤਰਾਲੇ ਨੇ ਟਰੂਡੋ ਸਰਕਾਰ ਦੀ ਇਸ ਬੇਨਤੀ ਨੂੰ ਰੱਦ ਕਰ ਦਿੱਤਾ। ਮੰਤਰਾਲੇ ਨੇ ਕਿਹਾ ਕਿ ਕੈਨੇਡਾ ਸਰਕਾਰ ਵੱਲੋਂ ਲਾਏ ਦੋਸ਼ 'ਹਾਸੋਹੀਣੇ' ਹਨ ਤੇ ਇਸ ਨੂੰ ਹੱਤਕ ਵਜੋਂ ਲਿਆ ਜਾਣਾ ਬਣਦਾ ਹੈ। ਮੰਤਰਾਲੇ ਨੇ ਕਿਹਾ ਕਿ ਕੈਨੇਡਾ ਦੀ ਇਹ ਕਾਰਵਾਈ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਵੋਟ ਬੈਂਕ ਸਿਆਸਤ ਦਾ ਹਿੱਸਾ ਹੈ।

ਐੱਮ.ਈ.ਏ. ਨੇ ਕਿਹਾ ਕਿ ਕੈਨੇਡੀਅਨ ਡਿਪਲੋਮੈਟ ਨੂੰ ਸਕੱਤਰ (ਪੂਰਬੀ) ਨੇ ਸੰਮਨ ਕੀਤਾ ਸੀ। ਮੰਤਰਾਲੇ ਨੇ ਕਿਹਾ ਕਿ ਕੈਨੇਡੀਅਨ ਡਿਪਲੋਮੈਟ ਨੂੰ ਸਾਫ਼ ਕਰ ਦਿੱਤਾ ਹੈ ਕਿ ਭਾਰਤੀ ਹਾਈ ਕਮਿਸ਼ਨਰ ਤੇ ਹੋਰਨਾਂ ਡਿਪਲੋਮੈਟਾਂ ਤੇ ਅਧਿਕਾਰੀਆਂ ਨੂੰ ਕੈਨੇਡਾ ਵਿਚ ਬੇਵਜ੍ਹਾ ਨਿਸ਼ਾਨਾ ਬਣਾਏ ਜਾਣ ਨੂੰ ਕਿਸੇ ਵੀ ਕੀਮਤ 'ਤੇ ਸਵੀਕਾਰ ਨਹੀਂ ਕੀਤਾ ਜਾਵੇਗਾ। ਮੰਤਰਾਲੇ ਨੇ ਬਿਆਨ ਵਿਚ ਕਿਹਾ, "ਕੱਟੜਵਾਦ ਤੇ ਹਿੰਸਾ ਦੇ ਇਸ ਮਾਹੌਲ ਵਿਚ ਟਰੂਡੋ ਸਰਕਾਰ ਦੀਆਂ ਕਾਰਵਾਈਆਂ ਨਾਲ ਭਾਰਤੀ ਕੂਟਨੀਤਕਾਂ ਦੀ ਸੁਰੱਖਿਆ ਖਤਰੇ ਵਿਚ ਪੈ ਸਕਦੀ ਹੈ। ਉਨ੍ਹਾਂ ਦੀ ਸੁਰੱਖਿਆ ਯਕੀਨੀ ਬਣਾਉਣ ਨੂੰ ਲੈ ਕੇ ਸਾਨੂੰ ਮੌਜੂਦਾ ਕੈਨੇਡੀਅਨ ਸਰਕਾਰ ਦੀ ਵਚਨਬੱਧਤਾ 'ਤੇ ਕੋਈ ਯਕੀਨ ਨਹੀਂ ਹੈ। ਲਿਹਾਜ਼ਾ ਭਾਰਤ ਸਰਕਾਰ ਨੇ ਕੈਨੇਡਾ ਵਿਚਲੇ ਆਪਣੇ ਹਾਈ ਕਮਿਸ਼ਨਰ ਤੇ ਨਿਸ਼ਾਨੇ ਉੱਤੇ ਆਏ ਹੋਰਨਾਂ ਡਿਪਲੋਮੈਟਾਂ ਤੇ ਅਧਿਕਾਰੀਆਂ ਨੂੰ ਵਾਪਸ ਬੁਲਾਉਣ ਦਾ ਫੈਸਲਾ ਕੀਤਾ ਹੈ।" ਇਸ ਤੋਂ ਪਹਿਲਾਂ ਵਿਦੇਸ਼ ਮੰਤਰਾਲੇ ਨੇ ਕਿਹਾ ਸੀ ਕਿ ਉਨ੍ਹਾਂ ਨੂੰ ਐਤਵਾਰ ਨੂੰ ਕੈਨੇਡਾ ਵੱਲੋਂ ਕੂਟਨੀਤਕ ਪੱਤਰ ਮਿਲਿਆ ਹੈ। ਇਸ ਪੱਤਰ ਵਿਚ ਕਿਹਾ ਗਿਆ ਹੈ ਕਿ ਭਾਰਤੀ ਹਾਈ ਕਮਿਸ਼ਨਰ ਸੰਜੈ ਵਰਮਾ ਤੇ ਹੋਰ ਕੂਟਨੀਤਕ ਕੈਨੇਡਾ ਵਿਚ ਇਕ ਮੌਜੂਦਾ ਜਾਂਚ ਦੇ ਸੰਦਰਭ ਵਿਚ 'ਪਰਸਨਜ਼ ਆਫ਼ ਇੰਟਰਸਟ' ਹਨ। ਸੂਤਰਾਂ ਮੁਤਾਬਕ 'ਪਰਸਨਜ਼ ਆਫ਼ ਇੰਟਰਸਟ' ਕੈਨੇਡੀਅਨ ਅਥਾਰਿਟੀਜ਼ ਲਈ ਡਿਪਲੋਮੈਟਿਕ ਸ਼ਬਦ ਹੈ, ਜਿਸ ਤਹਿਤ ਉਹ ਭਾਰਤੀ ਡਿਪਲੋਮੈਟਾਂ ਤੋਂ ਪੁੱਛ-ਪੜਤਾਲ ਕਰਨਾ ਚਾਹੁੰਦੇ ਹਨ। ਵਿਦੇਸ਼ ਮੰਤਰਾਲੇ ਨੇ ਕਿਹਾ, 'ਭਾਰਤ ਸਰਕਾਰ ਇਨ੍ਹਾਂ ਬੇਬੁਨਿਆਦ ਦੋਸ਼ਾਂ ਨੂੰ ਪੂਰੀ ਤਰ੍ਹਾਂ ਖਾਰਜ ਅਤੇ ਟਰੂਡੋ ਸਰਕਾਰ ਦਾ ਸਿਆਸੀ ਏਜੰਡਾ ਕਰਾਰ ਦਿੰਦੀ ਹੈ, ਜੋ ਵੋਟ ਬੈਂਕ ਦੀ ਸਿਆਸਤ ਦੁਆਲੇ ਕੇਂਦਰਿਤ ਹੈ।' ਸੰਜੈ ਵਰਮਾ ਭਾਰਤ ਦੇ ਸਭ ਤੋਂ ਸੀਨੀਅਰ ਡਿਪਲੋਮੈਟ ਹਨ, ਜੋ ਇਸ ਵੇਲੇ ਸੇਵਾ ਵਿਚ ਹਨ ਤੇ ਉਨ੍ਹਾਂ ਨੂੰ 36 ਸਾਲਾਂ ਦਾ ਤਜ਼ਰਬਾ ਹੈ। ਉਹ ਇਸ ਤੋਂ ਪਹਿਲਾਂ ਜਾਪਾਨ ਤੇ ਸੂਡਾਨ ਤੋਂ ਇਲਾਵਾ ਇਟਲੀ, ਤੁਰਕੀ, ਵੀਅਤਨਾਮ ਤੇ ਚੀਨ ਵਿਚ ਵੀ ਸੇਵਾਵਾਂ ਨਿਭਾਅ ਚੁੱਕੇ ਹਨ। ਮੰਤਰਾਲੇ ਨੇ ਕਿਹਾ, 'ਕੈਨੇਡਾ ਸਰਕਾਰ ਵੱਲੋਂ ਵਰਮਾ 'ਤੇ ਲਾਏ ਦੋਸ਼ ਹਾਸੋਹੀਣੇ ਹਨ ਤੇ ਇਨ੍ਹਾਂ ਨਾਲ ਹੱਤਕ ਵਜੋਂ ਸਿੱਝਣਾ ਬਣਦਾ ਹੈ।' ਮੰਤਰਾਲੇ ਨੇ ਟਰੂਡੋ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ, 'ਭਾਰਤ ਸਰਕਾਰ ਨੇ ਨਵੀਂ ਦਿੱਲੀ 'ਚ ਕੈਨੇਡੀਅਨ ਹਾਈ ਕਮਿਸ਼ਨ ਦੀਆਂ ਸਰਗਰਮੀਆਂ ਦਾ ਨੋਟਿਸ ਲਿਆ ਹੈ, ਜੋ ਮੌਜੂਦਾ ਟਰੂਡੋ ਸਰਕਾਰ ਦੇ ਸਿਆਸੀ ਏਜੰਡੇ ਦੀ ਹੀ ਪੂਰਤੀ ਕਰਦੀਆਂ ਹਨ।'

ਮੰਤਰਾਲੇ ਨੇ ਕਿਹਾ ਕਿ ਪ੍ਰਧਾਨ ਮੰਤਰੀ ਟਰੂਡੋ ਨੇ ਪਿਛਲੇ ਸਾਲ ਸਤੰਬਰ ਵਿਚ ਕੁਝ ਦੋਸ਼ ਲਾਏ ਸਨ ਪਰ ਭਾਰਤ ਵੱਲੋਂ ਕੀਤੀਆਂ ਬੇਨਤੀਆਂ ਦੇ ਬਾਵਜੂਦ ਕੈਨੇਡੀਅਨ ਸਰਕਾਰ ਨੇ ਸਬੂਤ ਸਾਂਝੇ ਨਹੀਂ ਕੀਤੇ। ਭਾਰਤ ਨੇ ਕਿਹਾ ਕਿ ਜਾਂਚ ਦੇ ਬਹਾਨੇ ਸਿਆਸੀ ਲਾਹੇ ਲਈ ਉਸ ਨੂੰ ਬਦਨਾਮ ਕਰਨ ਦੀ ਸੋਚੀ-ਸਮਝੀ ਰਣਨੀਤੀ ਹੈ।

# ਨਿੱਝਰ ਮਾਮਲੇ 'ਚ ਅਮਿਤ ਸ਼ਾਹ ਦਾ ਨਾਂਅ ਵੀ ਉਛਲਿਆ !

**ਓਟਾਵਾ, (ਪੰਜਾਬ ਮੇਲ)-** ਭਾਰਤ ਅਤੇ ਕੈਨੇਡਾ ਵਿਚਾਲੇ ਤਣਾਅ ਹੁਣ ਨਵੇਂ ਪੱਧਰ 'ਤੇ ਪਹੁੰਚ ਗਿਆ ਹੈ। ਕੈਨੇਡਾ ਨੇ ਭਾਰਤ ਸਰਕਾਰ 'ਤੇ ਖਾਲਿਸਤਾਨ ਪੱਖੀ ਵੱਖਵਾਦੀਆਂ ਨੂੰ ਮਰਵਾਉਣ ਦਾ ਦੋਸ਼ ਲਗਾਇਆ ਹੈ। ਇਸ ਦੇ ਨਾਲ ਹੀ ਕੈਨੇਡੀਅਨ ਵਿਦੇਸ਼ ਮੰਤਰੀ ਮੇਲਾਨੀਆ ਜੋਲੀ ਨੇ ਹਾਈ ਕਮਿਸ਼ਨਰ ਸਮੇਤ 6 ਭਾਰਤੀ ਡਿਪਲੋਮੈਟਾਂ ਨੂੰ ਕੱਢਣ ਬਾਰੇ ਬਿਆਨ ਦਿੱਤਾ ਹੈ। ਕੈਨੇਡਾ ਨੇ ਦਾਅਵਾ ਕੀਤਾ ਹੈ ਕਿ ਇਹ ਸਾਰੇ ਲੋਕ ਕੈਨੇਡੀਅਨ ਨਾਗਰਿਕਾਂ ਦੀ ਟਾਰਗੇਟ ਕਿਲਿੰਗ 'ਚ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਭਾਰਤ ਨੇ ਜਾਂਚ ਵਿਚ ਸਹਿਯੋਗ ਨਹੀਂ ਕੀਤਾ। ਕੈਨੇਡਾ ਦੇ ਇਨ੍ਹਾਂ ਦੋਸ਼ਾਂ ਨੇ ਦੋਹਾਂ ਦੇਸ਼ਾਂ ਦੇ ਰਿਸ਼ਤਿਆਂ ਨੂੰ ਹੋਰ ਤਣਾਅਪੂਰਨ ਕਰ ਦਿੱਤਾ ਹੈ।


ਵਾਸ਼ਿੰਗਟਨ ਪੋਸਟ (ਡਬਲਯੂ.ਪੀ.) ਵਿਚ ਇਸ ਨਾਲ ਸਬੰਧਤ ਇੱਕ ਰਿਪੋਰਟ ਛਪੀ ਹੈ, ਜਿਸ ਵਿਚ ਅਧਿਕਾਰੀਆਂ ਨੇ ਭਾਰਤ ਸਰਕਾਰ ਦੀ ਸ਼ਮੂਲੀਅਤ ਦਾ ਦੋਸ਼ ਲਗਾਇਆ ਹੈ। ਰਿਪੋਰਟ 'ਚ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਨਾਂ ਵੀ ਸ਼ਾਮਲ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਜਦੋਂ ਇਹ ਰਿਪੋਰਟ ਲਿਖੀ ਗਈ ਸੀ, ਤਾਂ ਗ੍ਰਹਿ ਮੰਤਰੀ ਦਾ ਨਾਂ ਨਹੀਂ ਸੀ। ਇਸ ਨੂੰ ਬਾਅਦ ਵਿਚ ਅੱਪਡੇਟ ਕੀਤਾ ਗਿਆ ਹੈ। ਪਿਛਲੇ ਸਾਲ ਵੀ ਕੈਨੇਡਾ ਨੇ ਭਾਰਤ 'ਤੇ ਹਰਦੀਪ ਸਿੰਘ ਨਿੱਝਰ ਦੇ ਕਤਲ 'ਚ ਸ਼ਾਮਲ ਹੋਣ ਦਾ ਦੋਸ਼ ਲਗਾਇਆ ਸੀ। ਪਰ ਇਸ ਵਾਰ ਜਸਟਿਨ ਟਰੂਡੋ ਦੀ ਸਰਕਾਰ 'ਤੇ ਹਰ ਪਾਸਿਓਂ ਹਮਲਾ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਕੈਨੇਡਾ ਦੇ ਮੰਤਰੀ, ਪੁਲਿਸ ਅਤੇ ਟਰੂਡੋ ਖੁਦ ਭਾਰਤ ਵਿਰੋਧੀ ਬਿਆਨ ਦੇ ਰਹੇ ਹਨ।

ਡਬਲਯੂ.ਪੀ. ਨੇ ਆਪਣੀ ਰਿਪੋਰਟ ਵਿਚ ਕਿਹਾ ਕਿ ਕੈਨੇਡੀਅਨ ਅਧਿਕਾਰੀਆਂ ਮੁਤਾਬਕ ਨਿੱਝਰ ਦਾ ਕਤਲ ਕੋਈ ਅਲੱਗ-ਥਲੱਗ ਘਟਨਾ ਨਹੀਂ ਸੀ। ਸਗੋਂ ਇਹ ਸੀਨੀਅਰ ਭਾਰਤੀ ਅਧਿਕਾਰੀਆਂ ਅਤੇ ਦੇਸ਼ ਦੀ ਖੁਫੀਆ ਏਜੰਸੀ ਰਿਸਰਚ ਐਂਡ ਐਨਾਲਿਸਿਸ ਵਿੰਗ (ਰਾਅ) ਦੇ ਵੱਡੇ ਯਤਨਾਂ ਦਾ ਹਿੱਸਾ ਸੀ। ਇੱਕ ਸੀਨੀਅਰ ਕੈਨੇਡੀਅਨ ਅਧਿਕਾਰੀ ਨੇ ਕਿਹਾ, 'ਸਾਨੂੰ ਪਤਾ ਹੈ ਕਿ ਉਹ ਨਿੱਝਰ ਹੱਤਿਆਕਾਂਡ, ਹੋਰ ਹੱਤਿਆਵਾਂ ਅਤੇ ਕੈਨੇਡਾ ਵਿਚ ਹੋ ਰਹੀ ਅਸਲ ਹਿੰਸਾ ਵਿਚ ਸ਼ਾਮਲ ਹਨ।' ਕੈਨੇਡਾ ਮੁਤਾਬਕ ਭਾਰਤੀ ਡਿਪਲੋਮੈਟ ਕਥਿਤ ਤੌਰ 'ਤੇ ਖਾਲਿਸਤਾਨੀ ਵੱਖਵਾਦੀਆਂ ਬਾਰੇ ਖੁਫੀਆ ਜਾਣਕਾਰੀ ਹਾਸਲ ਕਰਦੇ ਸਨ, ਜਿਸ ਦੀ ਵਰਤੋਂ ਰਾਅ ਨੇ ਕੀਤੀ ਸੀ। ਕੈਨੇਡੀਅਨ ਅਧਿਕਾਰੀਆਂ ਦਾ ਦੋਸ਼ ਹੈ ਕਿ ਭਾਰਤ ਨੂੰ ਲਗਭਗ ਉੱਚ ਪੱਧਰ ਤੋਂ ਸੂਚਨਾ ਭੇਜੀ ਜਾ ਰਹੀ ਹੈ। ਉਸਨੇ ਦਾਅਵਾ ਕੀਤਾ ਕਿ ਭਾਰਤੀ ਡਿਪਲੋਮੈਟਾਂ ਵਿਚਕਾਰ ਗੱਲਬਾਤ ਅਤੇ ਸੰਦੇਸ਼ਾਂ ਵਿਚ ਇੱਕ ਸੀਨੀਅਰ ਭਾਰਤੀ ਅਧਿਕਾਰੀ ਅਤੇ ਰਾਅ ਦੇ ਇੱਕ ਅਧਿਕਾਰੀ ਦੇ ਹਵਾਲੇ ਹਨ। ਉਸ ਨੇ ਹੀ ਹਮਲਾ ਕਰਨ ਦੀ ਮਨਜ਼ੂਰੀ ਦਿੱਤੀ ਸੀ। ਡਬਲਊ.ਪੀ. ਨੇ ਰਿਪੋਰਟ ਵਿਚ ਲਿਖਿਆ, "ਕੈਨੇਡੀਅਨ ਅਧਿਕਾਰੀਆਂ ਨੇ ਭਾਰਤ ਵਿਚ ਸੀਨੀਅਰ ਅਧਿਕਾਰੀ ਦੀ ਪਛਾਣ ਅਮਿਤ ਸ਼ਾਹ ਵਜੋਂ ਕੀਤੀ ਹੈ, ਜੋ ਕਿ ਮੋਦੀ ਦੇ ਨਜ਼ਦੀਕੀ ਸਰਕਲ ਦਾ ਮੈਂਬਰ ਹੈ ਅਤੇ ਗ੍ਰਹਿ ਮਾਮਲਿਆਂ ਦੇ ਮੰਤਰੀ ਵਜੋਂ ਕੰਮ ਕਰਦਾ ਹੈ।" ਕੈਨੇਡੀਅਨ ਅਧਿਕਾਰੀਆਂ ਨੇ ਕਥਿਤ ਤੌਰ 'ਤੇ ਸ਼ਨੀਵਾਰ ਨੂੰ ਸਿੰਗਾਪੁਰ ਵਿਚ ਇੱਕ ਗੁਪਤ ਮੀਟਿੰਗ ਵਿਚ ਭਾਰਤ ਦੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਅਜੀਤ ਡੋਭਾਲ ਨੂੰ ਸ਼ਾਹ ਅਤੇ ਹੋਰ ਸਬੂਤਾਂ ਬਾਰੇ ਵਿਸਥਾਰ ਨਾਲ ਵੇਰਵੇ ਦਿੱਤੇ।

# ਪੰਜਾਬੀ ਦੇ 10 ਸਰਵੋਤਮ ਸਾਹਿਤਕ ਪੁਸਤਕ ਪੁਰਸਕਾਰਾਂ ਦਾ ਐਲਾਨ

**ਪਟਿਆਲਾ, (ਪੰਜਾਬ ਮੇਲ)-** ਪੰਜਾਬ ਸਰਕਾਰ ਵੱਲੋਂ ਭਾਸ਼ਾ ਵਿਭਾਗ, ਪੰਜਾਬ ਰਾਹੀਂ ਹਰ ਸਾਲ ਪੰਜਾਬੀ, ਹਿੰਦੀ ਅਤੇ ਉਰਦੂ ਦੀਆਂ ਪੁਸਤਕਾਂ ਨੂੰ ਦਿੱਤੇ ਜਾਣ ਵਾਲੇ ਸਰਵੋਤਮ ਸਾਹਿਤਕ ਪੁਸਤਕ ਪੁਰਸਕਾਰ ਤਹਿਤ ਵਿਭਾਗ ਵੱਲੋਂ ਸਾਲ 2022 ਦੇ ਵੱਖ-ਵੱਖ ਵੰਨਗੀਆਂ ਨਾਲ ਸਬੰਧਤ 10 ਸਰਵੋਤਮ ਸਾਹਿਤਕ ਪੁਸਤਕ ਪੁਰਸਕਾਰਾਂ ਦਾ ਐਲਾਨ ਕਰ ਦਿੱਤਾ ਗਿਆ ਹੈ। ਭਾਸ਼ਾ ਵਿਭਾਗ ਦੇ ਡਾਇਰੈਕਟਰ ਜਸਵੰਤ ਸਿੰਘ ਜ਼ਫ਼ਰ ਨੇ ਦੱਸਿਆ ਕਿ ਗਿਆਨੀ ਗੁਰਮੁੱਖ ਸਿੰਘ ਮੁਸਾਫਿਰ ਪੁਰਸਕਾਰ (ਕਵਿਤਾ) ਵਿਜੇ ਵਿਵੇਕ ਦੀ ਪੁਸਤਕ 'ਛਿਣ ਭੰਗਰ ਵੀ ਕਾਲਾਤੀਤ ਵੀ' ਨੂੰ, ਪ੍ਰਿੰ. ਸੁਜਾਨ ਸਿੰਘ ਪੁਰਸਕਾਰ (ਕਹਾਣੀ) ਅਰਵਿੰਦਰ ਕੌਰ ਧਾਲੀਵਾਲ ਦੀ ਪੁਸਤਕ 'ਝਾਂਜਰਾਂ ਵਾਲੇ ਪੈਰ' ਨੂੰ, ਗੁਰਬਖ਼ਸ਼ ਸਿੰਘ ਪ੍ਰੀਤਲੜੀ ਪੁਰਸਕਾਰ (ਨਿਬੰਧ/ਸਫ਼ਰਨਾਮਾ) ਜਗਤਾਰਜੀਤ ਸਿੰਘ ਦੀ ਪੁਸਤਕ 'ਚਿੱਤਰਕਾਰੀ ਵਿਚ ਗੁਰੂ ਨਾਨਕ' ਨੂੰ, ਭਾਈ ਵੀਰ ਸਿੰਘ ਪੁਰਸਕਾਰ (ਜੀਵਨੀ/ ਟੀਕਾਕਾਰੀ/ ਕੋਸ਼ਕਾਰੀ) ਨਵਦੀਪ ਸਿੰਘ ਗਿੱਲ ਦੀ ਪੁਸਤਕ 'ਉੱਡਣਾ ਬਾਜ਼' ਨੂੰ, ਡਾ. ਅਤਰ ਸਿੰਘ ਪੁਰਸਕਾਰ (ਆਲੋਚਨਾ) ਡਾ. ਮਨਜੀਤ ਕੌਰ ਅਜ਼ਾਦ ਦੀ ਪੁਸਤਕ 'ਵਿਸ਼ਵ ਸੱਭਿਆਚਾਰ ਬਨਾਮ ਸਥਾਨਕ ਸੱਭਿਆਚਾਰ' ਨੂੰ, ਪ੍ਰਿੰਸੀਪਲ ਤੇਜਾ ਸਿੰਘ ਪੁਰਸਕਾਰ (ਸੰਪਾਦਨ) ਡਾ. ਜੇਬੀ ਸੇਖੋਂ ਦੀ ਪੁਸਤਕ 'ਚੌਥਾ ਪਹਿਰ' ਨੂੰ, ਡਾ. ਐੱਮ.ਐੱਸ. ਰੰਧਾਵਾ ਪੁਰਸਕਾਰ (ਗਿਆਨ ਸਾਹਿਤ) ਡਾ. ਵਿਦਵਾਨ ਸਿੰਘ ਸੋਨੀ ਦੀ ਪੁਸਤਕ 'ਦਿਲਚਸਪ ਕਹਾਣੀ ਧਰਤੀ-ਅੰਬਰ ਦੀ' ਨੂੰ, ਸ੍ਰੀ ਗੁਰੂ ਹਰਿਕ੍ਰਿਸ਼ਨ ਪੁਰਸਕਾਰ (ਬਾਲ ਸਾਹਿਤ) ਸੁਦਰਸ਼ਨ ਗਾਸੋ ਦੀ ਪੁਸਤਕ 'ਕਿੰਨਾ ਸੋਹਣਾ ਅੰਬਰ ਲਗਦੈ' ਨੂੰ, ਪ੍ਰੋ. ਗੁਰਦਿਆਲ ਸਿੰਘ ਪੁਰਸਕਾਰ (ਅਨੁਵਾਦ) ਭਜਨਬੀਰ ਸਿੰਘ ਦੀ ਪੁਸਤਕ 'ਮੋਇਆ ਦਾ ਰਾਹ' ਨੂੰ ਅਤੇ ਈਸ਼ਵਰ ਚੰਦਰ ਨੰਦਾ (ਨਾਟਕ/ਇਕਾਂਗੀ) ਕੇਵਲ ਧਾਲੀਵਾਲ ਦੀ ਪੁਸਤਕ 'ਗੜ੍ਹੀ ਚਮਕੌਰ ਦੀ' ਨੂੰ ਦਿੱਤਾ ਜਾਵੇਗਾ।

ਇਸ ਸਬੰਧੀ 210 ਪੁਸਤਕਾਂ ਪ੍ਰਾਪਤ ਹੋਈਆਂ ਸਨ। ਸ੍ਰੀ ਜ਼ਫ਼ਰ ਨੇ ਦੱਸਿਆ ਕਿ ਇਹ ਪੁਰਸਕਾਰ ਪੰਜਾਬੀ ਮਾਹ ਦੇ ਸਮਾਗਮਾਂ ਦੌਰਾਨ ਹੀ ਪ੍ਰਦਾਨ ਕਰ ਦਿੱਤੇ ਜਾਣਗੇ।




ਸਨਮਾਨਿਤ ਕਿਤਾਬਾਂ ਦੇ ਸਰਵਰਕ।

## ਪੰਜਾਬ ਤੇ ਹਰਿਆਣਾ ਦੇ ਮੁੱਖ ਸਕੱਤਰਾਂ ਨੂੰ ਸੁਪਰੀਮ ਕੋਰਟ ਨੇ ਕੀਤਾ ਤਲਬ

**ਨਵੀਂ ਦਿੱਲੀ, (ਪੰਜਾਬ ਮੇਲ)-** ਸੁਪਰੀਮ ਕੋਰਟ ਨੇ ਪਰਾਲੀ ਸਾੜਨ ਦੇ ਮਾਮਲੇ 'ਚ ਦੋਸ਼ੀ ਪਾਏ ਗਏ ਲੋਕਾਂ ਖ਼ਿਲਾਫ਼ ਮੁਕੱਦਮਾ ਨਹੀਂ ਚਲਾਉਣ ਨੂੰ ਲੈ ਕੇ ਪੰਜਾਬ ਅਤੇ ਹਰਿਆਣਾ ਸਰਕਾਰਾਂ ਨੂੰ ਬੁੱਧਵਾਰ ਨੂੰ ਫਟਕਾਰ ਲਗਾਈ ਅਤੇ ਦੋਹਾਂ ਸੂਬਿਆਂ ਦੇ ਮੁੱਖ ਸਕੱਤਰਾਂ ਨੂੰ 23 ਅਕਤੂਬਰ ਨੂੰ ਅਦਾਲਤ 'ਚ ਪੇਸ਼ ਹੋਣ ਲਈ ਕਿਹਾ। ਜੱਜ ਅਭੈ ਐੱਸ. ਓਕਾ ਦੀ ਅਗਵਾਈ ਵਾਲੀ ਬੈਂਚ ਨੇ ਉਲੰਘਣਾ ਕਰਨ ਵਾਲਿਆਂ ਖ਼ਿਲਾਫ਼ ਕਾਰਵਾਈ ਕਰਨ 'ਚ ਅਸਫ਼ਲ ਰਹਿਣ ਲਈ ਹਰਿਆਣਾ ਸਰਕਾਰ ਦੇ ਅਧਿਕਾਰੀਆਂ ਖ਼ਿਲਾਫ਼ ਦੰਡਕਾਰੀ ਕਾਰਵਾਈ ਕਰਨ ਦਾ ਹਵਾ ਗੁਣਵੱਤਾ ਪ੍ਰਬੰਧਨ ਕਮਿਸ਼ਨ (ਸੀ.ਏ.ਕਿਊ.ਐੱਮ.) ਨੂੰ ਨਿਰਦੇਸ਼ ਦਿੱਤਾ। ਸੁਪਰੀਮ ਕੋਰਟ ਨੇ ਸੀ.ਏ.ਕਿਊ.ਐੱਮ. ਦੀ ਤੁਲਨਾ ਬਿਨਾਂ ਦੰਦ ਵਾਲੇ ਟਾਈਗਰ ਨਾਲ ਕੀਤੀ। ਅਦਾਲਤ ਨੇ ਪਰਾਲੀ ਸਾੜਨ ਦੇ ਮਾਮਲੇ 'ਤੇ ਹਰਿਆਣਾ ਸਰਕਾਰ ਦੇ ਰੁਖ 'ਤੇ ਨਾਖੁਸ਼ੀ ਜ਼ਾਹਰ ਕਰਦੇ ਹੋਏ ਕਿਹਾ ਕਿ ਇਹ ਕੋਈ ਰਾਜਨੀਤਕ ਮਾਮਲਾ ਨਹੀਂ ਹੈ, ਜੇਕਰ ਮੁੱਖ ਸਕੱਤਰ ਕਿਸੇ ਦੇ ਇਸ਼ਾਰੇ 'ਤੇ ਕੰਮ ਕਰ ਰਹੇ ਹਨ ਤਾਂ ਉਨ੍ਹਾਂ ਤੋਂ ਸਪੱਸ਼ਟੀਕਰਨ ਮੰਗਿਆ ਜਾਵੇਗਾ। ਇਸ ਮੁੱਦੇ 'ਤੇ ਪੰਜਾਬ ਸਰਕਾਰ ਨੂੰ ਫਟਕਾਰ ਲਗਾਉਂਦੇ ਹੋਏ ਅਦਾਲਤ ਨੇ ਕਿਹਾ ਕਿ ਸੂਬੇ 'ਚ ਪਿਛਲੇ 3 ਸਾਲਾਂ 'ਚ ਪਰਾਲੀ ਸਾੜਨ ਨੂੰ ਲੈ ਕੇ ਇਕ ਵੀ ਮੁਕੱਦਮਾ ਨਹੀਂ ਚਲਾਇਆ ਗਿਆ। ਸੁਪਰੀਮ ਕੋਰਟ ਨੇ ਪੰਜਾਬ ਦੇ ਮੁੱਖ ਸਕੱਤਰ ਨੂੰ 23 ਅਕਤੂਬਰ ਨੂੰ ਉਸ ਦੇ ਸਾਹਮਣੇ ਪੇਸ਼ ਹੋਣ ਅਤੇ ਪਾਲਣਾ ਨਾ ਕਰਨ ਲਈ ਸਪੱਸ਼ਟੀਕਰਨ ਦੇਣ ਦਾ ਨਿਰਦੇਸ਼ ਦਿੱਤਾ।

# ਕੈਨੇਡਾ 'ਚ ਪੜ੍ਹਾਈ ਕਰਨ ਲਈ ਪੰਜਾਬੀਆਂ ਵੱਲੋਂ ਪਿਛਲੇ ਸਾਲ ਦੌਰਾਨ ਖਰਚੇ 229 ਅਰਬ ਤੋਂ ਵੱਧ ਰੁਪਏ

ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਵੱਲੋਂ ਸੁਖਬੀਰ ਅਤੇ ਧਾਮੀ ਖ਼ਿਲਾਫ਼ ਜਥੇਦਾਰ ਨੂੰ ਪੱਤਰ

**ਅੰਮ੍ਰਿਤਸਰ, (ਪੰਜਾਬ ਮੇਲ)-** ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਨਾਲ ਸਬੰਧਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਚਾਰ ਮੈਂਬਰਾਂ ਨੇ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਪੱਤਰ ਦੇ ਕੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਖ਼ਿਲਾਫ਼ ਸ੍ਰੀ ਅਕਾਲ ਤਖ਼ਤ ਦੇ ਹੁਕਮਾਂ ਦੀ ਉਲੰਘਣਾ ਕਰਨ ਦਾ ਦੋਸ਼ ਲਾਇਆ ਹੈ ਅਤੇ ਕਾਰਵਾਈ ਦੀ ਮੰਗ ਕੀਤੀ ਹੈ। ਇਹ ਪੱਤਰ ਸ਼੍ਰੋਮਣੀ ਕਮੇਟੀ ਮੈਂਬਰ ਮਾਸਟਰ ਮਿੱਠੂ ਸਿੰਘ ਕਾਹਨੇਕੇ, ਮਹਿੰਦਰ ਸਿੰਘ ਹੁਸੈਨਪੁਰ, ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ ਅਤੇ ਮਲਕੀਤ ਸਿੰਘ ਸਣੇ ਹੋਰ ਆਗੂਆਂ ਵੱਲੋਂ ਦਿੱਤਾ ਗਿਆ। ਪੱਤਰ ਰਾਹੀਂ ਉਨ੍ਹਾਂ ਦੋਸ਼ ਲਾਇਆ ਕਿ ਅਕਾਲ ਤਖ਼ਤ ਵੱਲੋਂ ਸੁਖਬੀਰ ਬਾਦਲ ਨੂੰ ਤਨਖਾਹੀਆ ਕਰਾਰ ਦਿੱਤਾ ਗਿਆ ਪਰ ਉਹ ਇਸ ਦੇ ਬਾਵਜੂਦ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ, ਪ੍ਰਧਾਨ ਅਤੇ ਹੋਰਨਾਂ ਨਾਲ ਸਿੱਧੇ ਤੌਰ 'ਤੇ ਮੀਟਿੰਗਾਂ ਕਰਕੇ ਤਖ਼ਤ ਦੇ ਸਿਧਾਂਤਾਂ ਨੂੰ ਢਾਹ ਲਾ ਰਿਹਾ।

ਇਹ ਮੀਟਿੰਗ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਤੇ ਹੋਰ ਅਹੁਦੇਦਾਰਾਂ ਨੂੰ ਚੁਣਨ ਲਈ ਕੀਤੀਆਂ ਜਾ ਰਹੀਆਂ ਹਨ।

ਇਸੇ ਤਰ੍ਹਾਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਵੱਲੋਂ ਵੀ ਅਕਾਲ ਤਖ਼ਤ ਤੋਂ ਜਾਰੀ ਹੋਏ ਹੁਕਮਨਾਮੇ ਨੂੰ ਨਹੀਂ ਮੰਨਿਆ ਜਾ ਰਿਹਾ ਅਤੇ ਤਨਖਾਹੀਆ ਕਰਾਰ ਦਿੱਤੇ ਸੁਖਬੀਰ ਨਾਲ ਨਿਰੰਤਰ ਸੰਪਰਕ ਵਿਚ ਹਨ। ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਨੇ ਪੱਤਰ ਵਿਚ ਨੌਂ ਮੁੱਦੇ ਰੱਖੇ ਹਨ।

ਇਸ ਵਿਚ ਬੰਦੀ ਸਿੰਘਾਂ ਦੀ ਰਿਹਾਈ ਅਤੇ ਬਲਵੰਤ ਸਿੰਘ ਰਾਜੋਆਣਾ ਦੇ ਮਾਮਲੇ ਵਿਚ ਕੋਈ ਠੋਸ ਕਾਰਵਾਈ ਨਾ ਕਰਨਾ। 328 ਪਾਵਨ ਸਰੂਪਾਂ ਦੇ ਮਾਮਲੇ ਵਿਚ ਸੀ.ਏ. ਕੋਹਲੀ ਕੋਲੋਂ ਬਣਦੀ ਕਰੋੜਾਂ ਰੁਪਇਆਂ ਦੀ ਰਕਮ ਹੁਣ ਤੱਕ ਨਾ ਵਸੂਲਣਾ, ਡੇਰਾ ਸਿਰਸਾ ਦੇ ਮੁਖੀ ਨੂੰ ਮੁਆਫ਼ੀ ਦੇਣ ਦੇ ਮਾਮਲੇ ਵਿਚ ਦਿੱਤੇ ਇਸ਼ਤਿਆਰਾਂ ਬਾਰੇ, ਹਰਿਮੰਦਰ ਸਾਹਿਬ ਵਿਚ ਹੁੰਦੇ ਗੁਰਬਾਣੀ ਦੇ ਪ੍ਰਸਾਰਨ ਲਈ ਹੁਣ ਤੱਕ ਆਪਣੇ ਚੈਨਲ ਚਲਾਉਣ ਵਿਚ ਅਸਫ਼ਲ ਰਹਿਣ, ਸ਼੍ਰੋਮਣੀ ਕਮੇਟੀ ਨੂੰ ਵੰਡ ਕੇ ਹਰਿਆਣਾ ਕਮੇਟੀ ਬਣਾਉਣ ਦੇ ਮਾਮਲੇ ਵਿਚ ਵੀ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਦੋਵੇਂ ਸਿੱਖ ਕੌਮ ਨੂੰ ਕੋਈ ਠੋਸ ਪ੍ਰੋਗਰਾਮ ਦੇਣ ਵਿਚ ਅਸਫ਼ਲ ਰਹੇ। ਇਸ ਤੋਂ ਇਲਾਵਾ ਕੁਝ ਹੋਰ ਵੀ ਦੋਸ਼ ਲਾਏ ਗਏ ਹਨ।

# ਅਮਰੀਕੀ ਪੰਜਾਬੀ ਕਵੀਆਂ ਵੱਲੋਂ ਧਾਰਮਿਕ ਕਵੀ ਦਰਬਾਰ ਸਜਾਇਆ ਗਿਆ



**ਟਰੇਸੀ, (ਪ੍ਰਮਿੰਦਰ ਸਿੰਘ ਪ੍ਰਵਾਨਾ/ਪੰਜਾਬ ਮੇਲ)-** ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ ਗੁਰਦੁਆਰਾ ਸਾਹਿਬ ਟਰੇਸੀ ਵਿਖੇ ਬੜੀ ਸ਼ਰਧਾ, ਭਾਵਨਾ ਨਾਲ ਸਜਾਇਆ ਗਿਆ। ਇਸ ਮੌਕੇ ਮੰਚ ਸੰਭਾਲਦਿਆਂ 'ਪ੍ਰਵਾਨਾ' ਨੇ ਸਿੱਖਾਂ ਦੇ ਗੌਰਵਮਈ ਵਿਰਸੇ ਅਤੇ ਇਤਿਹਾਸ 'ਤੇ ਚਾਨਣਾ ਪਾਇਆ।

ਉਪਰੰਤ ਧਾਰਮਿਕ ਕਵੀ ਦਰਬਾਰ ਹੋਇਆ, ਜਿਸ ਵਿਚ ਤ੍ਰਲੋਚਨ ਸਿੰਘ ਦੁਪਾਲਪੁਰੀ, ਤਰਸੇਮ ਸਿੰਘ ਸੁਮਨ, ਅਮਰਜੀਤ ਸਿੰਘ ਇਬਰਾਹੀਮਪੁਰੀ, ਪ੍ਰਮਿੰਦਰ ਸਿੰਘ ਪ੍ਰਵਾਨਾ, ਜਸਵੰਤ ਸਿੰਘ, ਜਸਪਾਲ ਸਿੰਘ ਆਦਿ ਕਵੀਆਂ ਨੇ ਗੁਰਮਤਿ ਆਸ਼ੇ ਅਨੁਸਾਰ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਫਤ-ਸਲਾਹ ਵਿਚ ਕਵਿਤਾਵਾਂ ਸੁਣਾਈਆਂ।

ਗੁਰਦੁਆਰਾ ਕਮੇਟੀ ਦੇ ਮੈਂਬਰ ਭਾਈ ਮਹਿੰਦਰ ਸਿੰਘ ਨੇ ਕਵੀਆਂ ਦਾ ਧੰਨਵਾਦ ਕੀਤਾ। ਪ੍ਰਵਾਨਾ ਨੇ ਧੰਨਵਾਦੀ ਸ਼ਬਦਾਂ ਵਿਚ ਕਿਹਾ ਕਿ ਸੁਹਿਰਦ ਸੰਗਤਾਂ ਅਤੇ ਪ੍ਰਬੰਧਕਾਂ ਦੇ ਸਹਿਯੋਗ ਨਾਲ ਹੀ ਅਜਿਹੇ ਪ੍ਰੋਗਰਾਮ ਸਫਲ ਹੁੰਦੇ ਹਨ। ਯਾਦਗਾਰੀ ਤਸਵੀਰਾਂ ਨਾਲ ਪ੍ਰੋਗਰਾਮ ਸੰਪੰਨ ਹੋਇਆ।

## ਕਮਲਾ ਹੈਰਿਸ ਨੇ ਭੇਦਭਾਵ ਵਾਲੀਆਂ ਨੀਤੀਆਂ ਨਾਲ ਨਜਿੱਠਣ ਲਈ ਕਾਨੂੰਨ ਬਣਾਉਣ 'ਤੇ ਦਿੱਤਾ ਜ਼ੋਰ

**ਡੇਟ੍ਰੋਇਟ/ਅਮਰੀਕਾ, ਪੰਜਾਬ ਮੇਲ)-** ਡੈਮੋਕ੍ਰੇਟਿਕ ਪਾਰਟੀ ਦੀ ਰਾਸ਼ਟਰਪਤੀ ਅਹੁਦੇ ਦੀ ਉਮੀਦਵਾਰ ਕਮਲਾ ਹੈਰਿਸ ਨੇ ਭੇਦਭਾਵ ਵਾਲੀਆਂ ਨੀਤੀਆਂ ਨਾਲ ਨਜਿੱਠਣ ਲਈ ਕਾਨੂੰਨ ਬਣਾਉਣ 'ਤੇ ਜ਼ੋਰ ਦਿੰਦੇ ਹੋਏ ਮੰਗਲਵਾਰ ਨੂੰ ਚੇਤਾਵਨੀ ਦਿੱਤੀ ਕਿ ਰਿਪਬਲਿਕਨ ਪਾਰਟੀ ਦੇ ਉਮੀਦਵਾਰ ਡੋਨਾਲਡ ਟਰੰਪ ਸਖਤ ਪੁਲਿਸਿੰਗ ਰਣਨੀਤੀਆਂ ਨੂੰ 'ਸੰਸਥਾਗਤ' ਬਣਾਉਣ ਦੀ ਕੋਸ਼ਿਸ਼ ਕਰਨਗੇ, ਜਿਸ ਦਾ ਦੇਸ਼ ਭਰ ਦੇ ਗੈਰ ਗੋਰੇ ਪੁਰਸ਼ਾਂ 'ਤੇ ਪ੍ਰਭਾਵ ਪਵੇਗਾ।

ਰੇਡੀਓ ਪ੍ਰੋਗਰਾਮ 'ਦਿ ਬ੍ਰੇਕਫਾਸਟ ਕਲੱਬ' ਦੇ ਮੇਜ਼ਬਾਨ ਚਾਰਲਾਮੇਗਨ ਨਾਲ ਗੱਲ ਕਰਦੇ ਹੋਏ, ਹੈਰਿਸ ਨੇ ਕਿਹਾ ਕਿ ਉਹ ਮਾਰਿਜੁਆਨਾ ਨੂੰ ਅਪਰਾਧ ਦੀ ਸ਼੍ਰੇਣੀ ਤੋਂ ਬਾਹਰ ਕਰਨ ਲਈ ਕੰਮ ਕਰਨਗੇ, ਜਿਸ ਨਾਲ ਸਭ ਤੋਂ ਵੱਧ ਗੈਰ ਗੋਰੇ ਲੋਕਾਂ ਦੀਆਂ ਗ੍ਰਿਫਤਾਰੀਆਂ ਹੁੰਦੀਆਂ ਹਨ। ਉਨ੍ਹਾਂ ਨੇ ਇਹ ਵੀ ਮੰਨਿਆ ਕਿ ਗੈਰ ਗੋਰੇ ਲੋਕਾਂ ਨਾਲ ਰੋਜ਼ਾਨਾ ਦੀ ਜ਼ਿੰਦਗੀ ਵਿਚ ਨਸਲੀ ਵਿਤਕਰਾ ਕੀਤਾ ਜਾਂਦਾ ਹੈ। ਅਮਰੀਕੀ ਰਾਸ਼ਟਰਪਤੀ ਚੋਣਾਂ ਨੇੜੇ ਆਉਣ ਦੇ ਨਾਲ ਹੀ ਹੈਰਿਸ ਨੇ ਗੈਰ ਗੋਰੇ ਪੁਰਸ਼ਾਂ ਵਿਚ ਜੋਸ਼ ਭਰਨ ਦਾ ਕੰਮ ਕੀਤਾ, ਜਦੋਂਕਿ ਟਰੰਪ ਨੇ ਜਾਰਜੀਆ ਵਿਚ 'ਫੌਕਸ ਨਿਊਜ਼' ਦੇ ਇਕ ਪ੍ਰੋਗਰਾਮ ਵਿਚ ਔਰਤਾਂ 'ਤੇ ਧਿਆਨ ਕੇਂਦਰਿਤ ਕੀਤਾ। ਇਸ ਸਾਲ ਦੀਆਂ ਰਾਸ਼ਟਰਪਤੀ ਚੋਣਾਂ ਤੋਂ ਸਿਰਫ਼ 21 ਦਿਨ ਪਹਿਲਾਂ, ਹੈਰਿਸ ਅਤੇ ਟਰੰਪ ਉਨ੍ਹਾਂ ਪ੍ਰਮੁੱਖ ਹਲਕਿਆਂ ਵਿਚ ਵੋਟਰਾਂ ਨੂੰ ਉਤਸ਼ਾਹਤ ਕਰਨ ਦੀ ਕੋਸ਼ਿਸ਼ ਕਰ ਰਹੇ ਹਨ, ਜਿੱਥੇ ਮੁਕਾਬਲਾ ਸਖਤ ਲੱਗ ਰਿਹਾ ਹੈ। ਜੇਕਰ ਹੈਰਿਸ ਚੋਣ ਜਿੱਤ ਜਾਂਦੀ ਹੈ, ਤਾਂ ਉਹ ਦੇਸ਼ ਦੀ ਪਹਿਲੀ ਮਹਿਲਾ ਰਾਸ਼ਟਰਪਤੀ ਬਣ ਜਾਵੇਗੀ।

## ਸ਼ੋਕ ਸਮਾਚਾਰ

### ਰੇਡੀਓ ਹੋਸਟ ਹਰਜੀਤ ਸਿੰਘ ਗਿੱਲ ਨੂੰ ਸਦਮਾ; ਪਿਤਾ ਮਾਸਟਰ ਮੋਦਨ ਸਿੰਘ ਗਿੱਲ ਸਦੀਵੀ ਵਿਛੋੜਾ ਦੇ ਗਏ



ਮੋਦਨ ਸਿੰਘ ਗਿੱਲ

**ਸਰੀ, (ਹਰਦਮ ਮਾਨ/ਪੰਜਾਬ ਮੇਲ)-** ਰੇਡੀਓ ਸ਼ੇਰੇ-ਪੰਜਾਬ ਦੇ ਹੋਸਟ ਤੇ ਸਰੀ ਨਿਊਟਨ ਤੋਂ ਫੈਡਰਲ ਕੰਸਰਵੇਟਿਵ ਪਾਰਟੀ ਦੇ ਉਮੀਦਵਾਰ ਹਰਜੀਤ ਸਿੰਘ ਗਿੱਲ ਨੂੰ ਉਦੋਂ ਗਹਿਰਾ ਸਦਮਾ ਪੁੱਜਾ, ਜਦੋਂ ਉਨ੍ਹਾਂ ਦੇ ਸਤਿਕਾਰਯੋਗ ਪਿਤਾ ਮੋਦਨ ਸਿੰਘ ਗਿੱਲ ਸਦੀਵੀ ਵਿਛੋੜਾ ਦੇ ਗਏ। ਉਹ ਲਗਭਗ 87 ਸਾਲ ਦੇ ਸਨ। ਉਨ੍ਹਾਂ 44 ਸਾਲ ਦੇ ਕਰੀਬ ਅਧਿਆਪਨ ਸੇਵਾਵਾਂ ਨਿਭਾਈਆਂ ਅਤੇ ਸੇਵਾ ਮੁਕਤੀ ਉਪਰੰਤ 2002 ਤੋਂ ਆਪਣੇ ਸਪੁੱਤਰਾਂ ਕੋਲ ਕੈਨੇਡਾ ਵਿਖੇ ਰਹਿ ਰਹੇ ਸਨ। ਪਿਛਲੇ ਦਿਨੀਂ ਪੰਜਾਬ ਗਏ ਸਨ, ਜਿੱਥੇ ਉਨ੍ਹਾਂ ਦਾ ਸੰਖੇਪ ਬੀਮਾਰੀ ਉਪਰੰਤ ਦੇਹਾਂਤ ਹੋ ਗਿਆ। ਉਨ੍ਹਾਂ ਆਤਮਿਕ ਸ਼ਾਂਤੀ ਨਮਿਤ ਰੱਖੇ ਪਾਠ ਦਾ ਭੋਗ ਤੇ ਅੰਤਿਮ ਅਰਦਾਸ ਗੁਰਦੁਆਰਾ ਚੰਨੇ ਪੱਤੀ, ਪਿੰਡ ਮਕਸੂਦੜਾ (ਨੇੜੇ ਦੋਰਾਹਾ) ਜ਼ਿਲ੍ਹਾ ਲੁਧਿਆਣਾ ਵਿਖੇ 20 ਅਕਤੂਬਰ 2024 ਨੂੰ ਦੁਪਹਿਰ 12 ਵਜੇ ਹੋਵੇਗੀ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਹਰਜੀਤ ਸਿੰਘ ਗਿੱਲ ਨਾਲ ਫੋਨ ਨੰਬਰ 604-729-1224 'ਤੇ ਵਟਸਐਪ ਕਾਲ ਕੀਤੀ ਜਾ ਸਕਦੀ ਹੈ।

# ਬ੍ਰਿਟਿਸ਼ ਕੋਲੰਬੀਆ ਦੀਆਂ ਵਿਧਾਨ ਸਭਾ ਚੋਣਾਂ 'ਚ 6 ਸੀਟਾਂ 'ਤੇ ਪੰਜਾਬੀ ਉਮੀਦਵਾਰਾਂ ਦਰਮਿਆਨ ਹੋਵੇਗਾ ਮੁਕਾਬਲਾ

**ਐਬਟਸਫੋਰਡ, (ਪੰਜਾਬ ਮੇਲ)-** ਕੈਨੇਡਾ ਦੇ ਸਾਢੇ 56 ਲੱਖ ਦੀ ਆਬਾਦੀ ਤੇ 9,44,735 ਵਰਗ ਕਿਲੋਮੀਟਰ ਵਾਲੇ ਸੂਬੇ ਬ੍ਰਿਟਿਸ਼ ਕੋਲੰਬੀਆ ਦੀਆਂ 19 ਅਕਤੂਬਰ ਨੂੰ ਹੋ ਰਹੀਆਂ ਵਿਧਾਨ ਸਭਾ ਚੋਣਾਂ ਜਿੱਤਣ ਲਈ ਐੱਨ.ਡੀ.ਪੀ. ਆਗੂ ਡੇਵਿਡ ਈਬੀ, ਕੰਜ਼ਰਵੇਟਿਵ ਆਗੂ ਜੌਹਨ ਰਸਟਡ ਤੇ ਗਰੀਨ ਪਾਰਟੀ ਦੀ ਆਗੂ ਸੋਨੀਆ ਫਰਸਤਨੂੰ ਵੱਲੋਂ ਤੂਫਾਨੀ ਦੌਰੇ ਕੀਤੇ ਜਾ ਰਹੇ ਹਨ ਤੇ ਵਾਅਦਿਆਂ ਦੀ ਝੜੀ ਲਾਈ ਜਾ ਰਹੀ ਹੈ। ਵੋਟਾਂ 19 ਅਕਤੂਬਰ ਨੂੰ ਪੈਣਗੀਆਂ ਤੇ 10 ਤੋਂ 13 ਤੇ 15 ਤੋਂ 16 ਅਕਤੂਬਰ ਨੂੰ ਅਗਾਊਂ ਵੋਟਾਂ ਪੈਣਗੀਆਂ। ਸੂਬੇ ਦੇ 6 ਵਿਧਾਨ ਸਭਾ ਹਲਕੇ ਅਜਿਹੇ ਹਨ, ਜਿੱਥੇ ਪੰਜਾਬੀ ਉਮੀਦਵਾਰਾਂ ਵਿਚਕਾਰ ਮੁਕਾਬਲਾ ਹੋਵੇਗਾ, ਜਿਨ੍ਹਾਂ 'ਚ 2 ਹਲਕਿਆਂ 'ਚ 5 ਕੋਣਾ 'ਤੇ 4 ਵਿਚ ਸਿੱਧਾ ਮੁਕਾਬਲਾ ਹੈ।

ਸਰੀ ਉੱਤਰੀ ਵਿਧਾਨ ਸਭਾ ਹਲਕੇ ਤੋਂ ਰਚਨਾ ਸਿੰਘ ਐੱਨ.ਡੀ.ਪੀ., ਮਨਦੀਪ ਧਾਲੀਵਾਲ ਕੰਜ਼ਰਵੇਟਿਵ, ਸਿਮ ਸੰਧੂ ਬੀ.ਸੀ. ਗਰੀਨ ਪਾਰਟੀ, ਕਿਰਨ ਹੁੰਦਲ ਫਰੀਡਮ ਪਾਰਟੀ ਆਫ ਬੀ.ਸੀ. ਤੇ ਹੌਬੀ ਨਿੱਝਰ ਆਜ਼ਾਦ ਉਮੀਦਵਾਰ ਹੈ, ਜਦਕਿ ਸਰੀ-ਨਿਊਟਨ ਤੋਂ ਜਸਪ੍ਰੀਤ ਕੌਰ ਜੈਸੀ ਸੁੰਨੜ ਐੱਨ.ਡੀ.ਪੀ., ਤੇਗਜੋਤ ਬੱਲ ਕੰਜ਼ਰਵੇਟਿਵ, ਅੰਮ੍ਰਿਤ ਬੜਿੰਗ ਫਰੀਡਮ ਪਾਰਟੀ ਆਫ ਬੀ.ਸੀ. ਅਤੇ ਜਪਰੀਤ ਲੇਲ ਤੇ ਜੋਗਿੰਦਰ ਸਿੰਘ ਰੰਧਾਵਾ ਆਜ਼ਾਦ ਉਮੀਦਵਾਰ ਹਨ। ਬਰਨਬੀ-ਨਿਊ ਵੈਸਟ ਮਿਨਸਟਰ ਹਲਕੇ ਤੋਂ ਰਾਜ ਚੌਹਾਨ ਐੱਨ.ਡੀ.ਪੀ. ਤੇ ਦੀਪਕ ਸੂਰੀ ਕੰਜ਼ਰਵੇਟਿਵ ਅਤੇ ਡੈਲਟਾ ਉੱਤਰੀ ਤੋਂ ਰਵੀ ਕਾਹਲੋਂ ਐੱਨ.ਡੀ.ਪੀ. ਤੇ ਰਾਜ ਵੇਯੂਲੀ ਕੰਜ਼ਰਵੇਟਿਵ ਜਦਕਿ ਰਿਚਮੰਡ-ਕੁਈਨਜ਼ਬਰੋ ਤੋਂ ਅਮਨਦੀਪ ਸਿੰਘ ਐੱਨ.ਡੀ.ਪੀ. ਤੇ ਸਟੀਵ ਕੂਨਰ ਕੰਜ਼ਰਵੇਟਿਵ ਪਾਰਟੀ ਦੇ ਉਮੀਦਵਾਰ ਹਨ। ਇਹ 19 ਅਕਤੂਬਰ ਨੂੰ ਪਤਾ ਲੱਗੇਗਾ ਕਿ ਇਨ੍ਹਾਂ 6 ਵਿਧਾਨ ਸਭਾ ਹਲਕਿਆਂ 'ਚ ਚੋਣ ਲੜ ਰਹੇ 18 ਪੰਜਾਬੀ ਉਮੀਦਵਾਰਾਂ 'ਚੋਂ ਕਿਹੜਾ ਉਮੀਦਵਾਰ ਵਿਧਾਨ ਸਭਾ ਦੀਆਂ ਪੌੜੀਆਂ ਚੜ੍ਹਨ ਵਿਚ ਸਫਲ ਹੁੰਦਾ ਹੈ।

# ਕੈਨੇਡਾ 'ਚ ਡਿਪੋਰਟ ਦੇ ਡਰੋਂ ਪੰਜਾਬੀ ਵਿਦਿਆਰਥੀ ਸੜਕਾਂ 'ਤੇ ਉਤਰੇ

■ 1 ਨਵੰਬਰ ਤੋਂ ਲਾਗੂ ਹੋਣਗੇ ਬਦਲਾਅ; ਪੰਜਾਬੀਆਂ 'ਤੇ ਸਿੱਧਾ ਅਸਰ

**ਬਠਿੰਡਾ, (ਪੰਜਾਬ ਮੇਲ)-** ਪ੍ਰਵਾਸੀ ਕਾਮਿਆਂ ਦੀ ਹੱਦ ਤੈਅ ਕਰਨ ਦੇ ਫ਼ੈਸਲੇ ਖ਼ਿਲਾਫ਼ ਸੈਂਕੜੇ ਪੰਜਾਬੀ ਵਿਦਿਆਰਥੀ ਕੈਨੇਡਾ 'ਚ ਸੜਕਾਂ 'ਤੇ ਉਤਰ ਆਏ ਹਨ। ਵਿਦਿਆਰਥੀਆਂ ਨੂੰ ਡਰ ਹੈ ਕਿ ਇਸ ਫ਼ੈਸਲੇ ਕਾਰਨ ਉਨ੍ਹਾਂ ਨੂੰ ਮੁਲਕ ਵਾਪਸ (ਡਿਪੋਰਟ) ਭੇਜਿਆ ਜਾ ਸਕਦਾ ਹੈ। ਨਵੀਂ ਨੀਤੀ ਤਹਿਤ ਪੋਸਟ ਗ੍ਰੈਜੂਏਟ ਵਰਕ ਪਰਮਿਟ ਅਤੇ ਹੋਰ ਰੁਜ਼ਗਾਰ ਸਬੰਧੀ ਢੰਗ-ਤਰੀਕਿਆਂ ਲਈ ਯੋਗ ਕੌਮਾਂਤਰੀ ਵਿਦਿਆਰਥੀਆਂ ਦੀ ਗਿਣਤੀ ਸੀਮਤ ਕੀਤੀ ਜਾਵੇਗੀ। ਇਸ ਨੀਤੀ ਕਾਰਨ ਪੰਜਾਬੀ ਵਿਦਿਆਰਥੀਆਂ 'ਚ ਰੋਹ ਪੈਦਾ ਹੋ ਗਿਆ ਹੈ ਕਿਉਂਕਿ ਉਨ੍ਹਾਂ ਨੂੰ ਕੈਨੇਡਾ 'ਚ ਭਵਿੱਖ ਹਨੇਰੇ 'ਚ ਜਾਪ ਰਿਹਾ ਹੈ। ਟੋਰਾਂਟੋ ਤੋਂ ਸ਼ੁਰੂ ਹੋਇਆ ਵਿਰੋਧ ਪ੍ਰਦਰਸ਼ਨ ਬਰੈਂਪਟਨ, ਵੈਨਕੂਵਰ, ਵਿਨੀਪੈਗ ਅਤੇ ਮਾਂਟਰੀਅਲ ਜਿਹੇ ਸ਼ਹਿਰਾਂ 'ਚ ਫੈਲ ਗਿਆ ਹੈ। ਵਿਦਿਆਰਥੀ ਅਗਸਤ ਦੇ ਅਖੀਰ ਤੋਂ ਬਰੈਂਪਟਨ 'ਚ ਕੁਈਨ ਸਟਰੀਟ 'ਤੇ ਪੱਕੇ ਤੌਰ 'ਤੇ ਪ੍ਰਦਰਸ਼ਨ ਕਰ ਰਹੇ ਹਨ, ਜਿਸ ਨੂੰ ਚੰਗਾ ਹੁੰਗਾਰਾ ਮਿਲ ਰਿਹਾ ਹੈ ਕਿਉਂਕਿ ਪੰਜਾਬੀ ਗਾਇਕਾਂ ਰੁਪਿੰਦਰ ਹਾਂਡਾ, ਗੁਰੂ ਰੰਧਾਵਾ ਅਤੇ ਹੋਰਾਂ ਨੇ ਆਪਣੀ ਹਮਾਇਤ ਦਿੰਦਿਆਂ ਉਥੋਂ ਦਾ ਦੌਰਾ ਕੀਤਾ ਹੈ। ਇਥੋਂ ਤੱਕ ਕਿ ਫਿਲਿਪੀਨੋ ਪ੍ਰਵਾਸੀ ਕਾਮਿਆਂ ਦੀ ਇਕ ਜਥੇਬੰਦੀ ਓਨਟਾਰੀਓ ਫੈਡਰੇਸ਼ਨ ਆਫ਼ ਵਰਕਰਸ ਐਂਡ ਮਾਈਗਰੈਂਟਸ ਤਹਿਤ 54 ਟਰੇਡ ਯੂਨੀਅਨਾਂ ਨੇ ਵੀ ਵਿਦਿਆਰਥੀਆਂ ਦੇ ਪ੍ਰਦਰਸ਼ਨ ਨੂੰ ਆਪਣੀ ਹਮਾਇਤ ਦਿੱਤੀ ਹੈ। ਬਰੈਂਪਟਨ 'ਚ ਪ੍ਰਦਰਸ਼ਨ ਦੀ ਅਗਵਾਈ ਕਰਨ ਵਾਲੇ ਨੌਜਵਾਨ ਸਪੋਰਟ ਨੈੱਟਵਰਕ ਦੇ ਮੁਖੀ ਬਿਕਰਮ ਨੇ ਕਿਹਾ, "ਅਸੀਂ ਭਵਿੱਖ ਦੇ ਨਿਰਮਾਣ ਦੇ ਸੁਪਨੇ ਲੈ ਕੇ ਇਥੇ ਆਏ ਹਾਂ। ਅਸੀਂ ਨਿਯਮਾਂ ਦਾ ਪਾਲਣ ਕੀਤਾ, ਆਪਣੀ ਫੀਸ ਦਾ ਭੁਗਤਾਨ ਕੀਤਾ ਅਤੇ ਹੁਣ ਸਾਡੇ ਲਈ ਦਰਵਾਜ਼ੇ ਬੰਦ ਕੀਤੇ ਜਾ ਰਹੇ ਹਨ।" ਮਾਨਸਾ ਜ਼ਿਲ੍ਹੇ ਦੇ ਮਹਿਕਦੀਪ ਸਿੰਘ ਨੇ ਕਿਹਾ ਕਿ ਉਸ ਨੇ ਪੀ.ਆਰ. ਲਈ ਢੁੱਕਵੇਂ ਸੀ.ਆਰ.ਐੱਸ. ਅੰਕ ਹਾਸਲ ਕੀਤੇ ਪਰ ਸਰਕਾਰ ਨੇ ਉਨ੍ਹਾਂ ਦਾ ਫਾਇਦਾ ਚੁੱਕਿਆ ਹੈ। ਟੋਰਾਂਟੋ 'ਚ ਕੌਮਾਂਤਰੀ ਸਿੱਖ ਸਟੂਡੈਂਟਸ ਐਸੋਸੀਏਸ਼ਨ ਦੇ ਮੁਖੀ ਜਸਪ੍ਰੀਤ ਸਿੰਘ ਨੇ ਕਿਹਾ ਕਿ ਉਨ੍ਹਾਂ ਕੈਨੇਡਾ ਦੇ ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਨਾਲ ਗੱਲਬਾਤ ਕੀਤੀ ਹੈ, ਜਿਨ੍ਹਾਂ ਦੱਸਿਆ ਕਿ ਹੁਣ ਪੀ.ਜੀ.ਡਬਲਯੂ.ਪੀ. ਲਈ ਕੋਈ ਐਕਸਟੈਂਸ਼ਨ ਨਹੀਂ ਮਿਲੇਗੀ। ਪ੍ਰਦਰਸ਼ਨ 'ਚ ਸ਼ਾਮਲ ਨਰਸਿੰਗ ਦੀ ਵਿਦਿਆਰਥਣ ਜਸਪ੍ਰੀਤ ਕੌਰ ਨੇ ਕਿਹਾ ਕਿ ਉਹ ਕੈਨੇਡਾ ਸਿਰਫ਼ ਪੜ੍ਹਾਈ ਕਰਨ ਲਈ ਨਹੀਂ, ਸਗੋਂ ਇਥੇ ਜ਼ਿੰਦਗੀ ਬਣਾਉਣ ਲਈ ਆਏ ਹਨ। ਵਿਦਿਆਰਥੀ ਆਗੂਆਂ ਨੇ ਦਾਅਵਾ ਕੀਤਾ ਕਿ ਪੀ.ਜੀ.ਡਬਲਯੂ.ਪੀ. ਲਈ ਐਕਸਟੈਂਸ਼ਨ ਨਾ ਮਿਲਣ ਕਾਰਨ ਕਰੀਬ 1.3 ਲੱਖ ਕੌਮਾਂਤਰੀ ਵਿਦਿਆਰਥੀ ਪ੍ਰਭਾਵਿਤ ਹੋਣਗੇ। ਉਨ੍ਹਾਂ ਬਰੈਂਪਟਨ ਨੌਰਥ ਦੀ ਸੰਸਦ ਮੈਂਬਰ ਰੂਬੀ ਸਹੋਤਾ ਨੂੰ ਹਮਾਇਤ ਦੇਣ ਲਈ ਧੰਨਵਾਦ ਕੀਤਾ। ਉਧਰ ਕੈਨੇਡਾ ਸਰਕਾਰ ਨੇ ਆਰਥਿਕ ਦਬਾਅ ਦਾ ਹਵਾਲਾ ਦਿੰਦਿਆਂ ਨੀਤੀ ਦਾ ਬਚਾਅ ਕੀਤਾ ਹੈ। ਇਮੀਗ੍ਰੇਸ਼ਨ ਵਿਭਾਗ ਦੇ ਬੁਲਾਰੇ ਨੇ ਕਿਹਾ ਕਿ ਇਹ ਹੱਦ ਯਕੀਨੀ ਬਣਾਉਣੀ ਜ਼ਰੂਰੀ ਹੈ, ਤਾਂ ਜੋ ਕੈਨੇਡਾ ਦੀ ਪ੍ਰਵਾਸ ਪ੍ਰਣਾਲੀ ਟਿਕਾਊ ਬਣੀ ਰਹੇ।



## ਆਸਟਰੇਲੀਆ ਦੇ ਨਵੇਂ ਵੀਜ਼ਾ ਪ੍ਰੋਗਰਾਮ ਲਈ 40 ਹਜ਼ਾਰ ਭਾਰਤੀਆਂ ਵੱਲੋਂ ਅਰਜ਼ੀ ਦਾਖ਼ਲ

**ਨਵੀਂ ਦਿੱਲੀ, (ਪੰਜਾਬ ਮੇਲ)-** ਆਸਟਰੇਲੀਆ ਦੇ ਨਵੇਂ ਵਰਕਿੰਗ ਹੌਲੀਡੇਅ ਮੇਕਰ ਵੀਜ਼ਾ ਪ੍ਰੋਗਰਾਮ ਤਹਿਤ ਜਾਰੀ 1000 ਸਪੌਟਜ਼ ਲਈ ਮਹਿਜ਼ ਦੋ ਹਫ਼ਤਿਆਂ ਦੌਰਾਨ 40,000 ਭਾਰਤੀਆਂ ਨੇ ਅਰਜ਼ੀਆਂ ਦਾਖਲ ਕੀਤੀਆਂ ਹਨ। ਇਹ ਦਾਅਵਾ ਆਸਟ੍ਰੇਲੀਆ ਦੇ ਪ੍ਰਵਾਸ ਬਾਰੇ ਰਾਜ ਮੰਤਰੀ ਮੈਟ ਥਿਸਲਵੇਟ ਨੇ ਕੀਤਾ ਹੈ। ਇਸ ਨਵੇਂ ਵੀਜ਼ੇ ਤਹਿਤ 18 ਤੋਂ 30 ਸਾਲ ਉਮਰ ਵਰਗ ਦੇ ਭਾਰਤੀ ਆਸਟਰੇਲੀਆ ਵਿਚ ਇਕ ਸਾਲ ਲਈ ਰਹਿਣ ਤੋਂ ਇਲਾਵਾ ਪੜ੍ਹ ਤੇ ਆਪਣੀ ਮਰਜ਼ੀ ਦਾ ਕੰਮ ਵੀ ਕਰ ਸਕਣਗੇ। ਥਿਸਲਵੇਟ ਨੇ ਕਿਹਾ ਕਿ ਆਸਟਰੇਲੀਅਨ ਵਰਕਿੰਗ ਹੌਲੀਡੇਅ ਮੇਕਰ ਪ੍ਰੋਗਰਾਮ ਦੀ ਸ਼ੁਰੂਆਤ ਦੋਵਾਂ ਮੁਲਕਾਂ ਦੇ ਰਿਸ਼ਤਿਆਂ ਨੂੰ ਮਜ਼ਬੂਤ ਕਰਨ ਦੀ ਦਿਸ਼ਾ 'ਚ ਅਹਿਮ ਪੇਸ਼ਕਦਮੀ ਹੈ। ਉਨ੍ਹਾਂ ਕਿਹਾ ਕਿ ਵੀਜ਼ਾ ਬੈਲੇਟ ਦਾ ਅਮਲ 1 ਅਕਤੂਬਰ ਤੋਂ ਖੁੱਲ੍ਹ ਗਿਆ ਹੈ ਤੇ ਇਸ ਮਹੀਨੇ ਦੇ ਅਖੀਰ ਤੱਕ ਬੰਦ ਹੋ ਜਾਵੇਗਾ। ਸਫ਼ਲ ਉਮੀਦਵਾਰਾਂ ਦੀ ਰੈਂਡਮਲੀ ਚੋਣ ਕੀਤੀ ਜਾਵੇਗੀ ਤੇ ਉਹ ਅਗਲੇ ਸਾਲ ਤੋਂ ਆਸਟਰੇਲੀਆ 'ਚ ਰਹਿ ਸਕਣਗੇ।

ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com

# ਬਸਪਾ ਭਵਿੱਖ 'ਚ ਕਿਸੇ ਵੀ ਖੇਤਰੀ ਪਾਰਟੀ ਨਾਲ ਨਹੀਂ ਕਰੇਗੀ ਚੋਣ ਗਠਜੋੜ

■ ਐੱਨ.ਡੀ.ਏ. ਤੇ ਇੰਡੀਆ ਗੱਠਜੋੜ ਤੋਂ ਵੀ ਦੂਰ ਰਹੇਗੀ ਪਾਰਟੀ: ਮਾਇਆਵਤੀ

**ਲਖਨਊ, (ਪੰਜਾਬ ਮੇਲ)-** ਬਹੁਜਨ ਸਮਾਜ ਪਾਰਟੀ (ਬਸਪਾ) ਦੀ ਕੌਮੀ ਪ੍ਰਧਾਨ ਕੁਮਾਰੀ ਮਾਇਆਵਤੀ ਨੇ ਐਲਾਨ ਕੀਤਾ ਕਿ ਉਨ੍ਹਾਂ ਦੀ ਪਾਰਟੀ ਭਵਿੱਖ ਵਿਚ ਉੱਤਰ ਪ੍ਰਦੇਸ਼ ਜਾਂ ਮੁਲਕ ਵਿਚ ਹੋਰ ਕਿਤੇ ਕਿਸੇ ਖੇਤਰੀ ਪਾਰਟੀ ਨਾਲ ਵੀ ਕੋਈ ਚੋਣ ਗੱਠਜੋੜ ਨਹੀਂ ਕਰੇਗੀ। ਉਨ੍ਹਾਂ ਇਹ ਐਲਾਨ ਹਰਿਆਣਾ ਅਤੇ ਜੰਮੂ-ਕਸ਼ਮੀਰ ਵਿਧਾਨ ਸਭਾ ਦੀਆਂ ਹੋਈਆਂ ਹਾਲੀਆ ਚੋਣਾਂ ਦੇ ਨਤੀਜਿਆਂ ਤੋਂ ਬਾਅਦ ਪਾਰਟੀ ਦੀ ਇਕ ਸਮੀਖਿਆ ਮੀਟਿੰਗ ਵਿਚ ਕੀਤਾ ਹੈ।

ਉਨ੍ਹਾਂ ਇਸ ਸਬੰਧੀ ਸੋਸ਼ਲ ਮੀਡੀਆ ਪਲੈਟਫਾਰਮ 'ਐਕਸ' ਉਤੇ ਆਪਣੇ ਖ਼ਾਤੇ ਤੋਂ ਇਕ ਪੋਸਟ ਵੀ ਪਾਈ ਹੈ, ਜਿਸ ਵਿਚ ਉਨ੍ਹਾਂ ਬਸਪਾ ਦੀਆਂ ਵੋਟਾਂ ਇਸ ਦੇ ਚੋਣ ਭਾਈਵਾਲਾਂ ਨੂੰ ਚਲੇ ਜਾਣ ਪਰ ਭਾਈਵਾਲਾਂ ਦੀਆਂ ਵੋਟਾਂ ਬਸਪਾ ਨੂੰ ਨਾ ਆਉਣ ਦਾ ਹਵਾਲਾ ਦਿੰਦਿਆਂ ਇਹ ਫ਼ੈਸਲਾ ਕਰਨ ਦੀ ਗੱਲ ਕਹੀ ਹੈ। ਉਨ੍ਹਾਂ ਕਿਹਾ ਕਿ ਇਸ ਕਾਰਨ ਉਮੀਦ ਮੁਤਾਬਕ ਨਤੀਜੇ ਨਾ ਆਉਣ ਕਰਕੇ ਪਾਰਟੀ ਕਾਡਰ ਵਿਚ ਨਿਰਾਸ਼ਾ ਪੈਦਾ ਹੁੰਦੀ ਹੈ।

ਉਨ੍ਹਾਂ ਇਸ ਸਬੰਧੀ ਹਰਿਆਣਾ ਦੀਆਂ ਹਾਲੀਆ ਚੋਣਾਂ, ਜਿਥੇ ਪਾਰਟੀ ਦਾ ਓਮ ਪ੍ਰਕਾਸ਼ ਚੌਟਾਲਾ ਦੀ ਇੰਡੀਅਨ ਨੈਸ਼ਨਲ ਲੋਕ ਦਲ



ਬਸਪਾ ਮੁਖੀ ਕੁਮਾਰੀ ਮਾਇਆਵਤੀ।

(ਇਨੈਲੋ) ਨਾਲ ਗੱਠਜੋੜ ਸੀ ਅਤੇ ਨਾਲ ਹੀ ਲੋਕ ਸਭਾ ਚੋਣਾਂ ਦੌਰਾਨ ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ (ਬਾਦਲ) ਨਾਲ ਕੀਤੇ ਸਮਝੌਤਿਆਂ ਦੀ ਹੋਏ 'ਕੌੜੇ ਤਜਰਬਿਆਂ' ਦਾ ਹਵਾਲਾ ਦਿੱਤਾ ਹੈ।

ਉਨ੍ਹਾਂ ਇਸ ਸਬੰਧੀ ਹਿੰਦੀ 'ਚ ਲੜੀਵਾਰ ਚਾਰ ਟਵੀਟਾਂ ਕੀਤੀਆਂ ਹਨ। ਆਪਣੀ ਪਹਿਲੀ ਟਵੀਟ ਵਿਚ ਉਨ੍ਹਾਂ ਕਿਹਾ, "ਯੂ.ਪੀ. ਸਮੇਤ ਦੂਜੇ ਸੂਬਿਆਂ ਦੀਆਂ ਚੋਣਾਂ ਵਿਚ ਵੀ ਬੀ.ਐੱਸ.ਪੀ. ਦੀਆਂ ਵੋਟਾਂ ਗੱਠਜੋੜ ਪਾਰਟੀਆਂ ਨੂੰ ਟਰਾਂਸਫਰ ਹੋ ਜਾਣ, ਪਰ ਉਨ੍ਹਾਂ ਦੀਆਂ ਵੋਟਾਂ ਬੀ.ਐੱਸ.ਪੀ. ਨੂੰ ਟਰਾਂਸਫਰ ਕਰਾਉਣ ਦੀ ਸਮਰੱਥਾ ਉਨ੍ਹਾਂ ਵਿਚ ਨਾ ਹੋਣ ਕਾਰਨ ਉਮੀਦ ਮੁਤਾਬਕ ਨਤੀਜੇ ਨਾ ਮਿਲਣ ਕਰਕੇ ਪਾਰਟੀ ਕਾਡਰ ਵਿਚ ਨਿਰਾਸ਼ਾ ਅਤੇ ਉਸ ਕਾਰਨ ਮੂਵਮੈਂਟ ਨੂੰ ਨੁਕਸਾਨ ਤੋਂ ਬਚਾਉਣਾ ਜ਼ਰੂਰੀ।"

ਅਗਲੀ ਪੋਸਟ 'ਚ ਉਨ੍ਹਾਂ ਕਿਹਾ, "ਇਸ ਸੰਦਰਭ ਵਿਚ ਹਰਿਆਣਾ ਵਿਧਾਨ ਸਭਾ ਚੋਣਾਂ ਦੇ ਨਤੀਜੇ ਅਤੇ ਇਸ ਤੋਂ ਪਹਿਲਾਂ ਪੰਜਾਬ ਚੋਣਾਂ ਦੇ ਕੌੜੇ ਤਜ਼ਰਬੇ ਦੇ ਮੱਦੇਨਜ਼ਰ ਹਰਿਆਣਾ ਅਤੇ ਪੰਜਾਬ ਦੀ ਸਮੀਖਿਆ ਮੀਟਿੰਗ ਵਿਚ ਖੇਤਰੀ ਪਾਰਟੀਆਂ ਨਾਲ ਵੀ ਅੱਗੋਂ ਕੋਈ ਗੱਠਜੋੜ ਨਾ ਕਰਨ ਦਾ ਫ਼ੈਸਲਾ, ਜਦੋਂਕਿ ਭਾਜਪਾ/ਐੱਨ.ਡੀ.ਏ. ਅਤੇ ਕਾਂਗਰਸ/ਇੰਡੀਆ ਗੱਠਜੋੜ ਤੋਂ ਦੂਰੀ ਪਹਿਲਾਂ ਦੀ ਤਰ੍ਹਾਂ ਜਾਰੀ ਰਹੇਗੀ।"

ਉਨ੍ਹਾਂ ਇਹ ਦੋਸ਼ ਵੀ ਲਾਇਆ ਕਿ ਬਸਪਾ ਦੇ 'ਇਕੋ-ਇਕ ਅਹਿਮ ਅੰਬੇਡਕਰਵਾਦੀ ਪਾਰਟੀ' ਹੋਣ ਕਾਰਨ ਇਸ ਦੇ 'ਮਾਣ-ਸਨਮਾਨ ਦੇ ਅੰਦੋਲਨ ਨੂੰ ਨੁਕਸਾਨ ਪਹੁੰਚਾਉਣ ਦੀਆਂ ਚੌਤਰਫ਼ਾ ਜਾਤੀਵਾਦੀ ਕੋਸ਼ਿਸ਼ਾਂ' ਲਗਾਤਾਰ ਜਾਰੀ ਹਨ, ਜਿਨ੍ਹਾਂ ਨੂੰ ਕਾਮਯਾਬ ਨਹੀਂ ਹੋਣ ਦਿੱਤਾ ਜਾਵੇਗਾ।

ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com

# ਅਮਰੀਕਾ ਵੱਲੋਂ ਹੁਨਰਮੰਦ ਪੇਸ਼ੇਵਰ ਭਾਰਤੀਆਂ ਲਈ ਐੱਚ ਸ਼੍ਰੇਣੀ ਦਾ ਵੀਜ਼ਾ ਪ੍ਰਸਤਾਵਿਤ

- ਇਸ ਸ਼੍ਰੇਣੀ 'ਚ ਇਸ ਸਾਲ ਲਗਭਗ 25 ਹਜ਼ਾਰ ਭਾਰਤੀਆਂ ਨੂੰ ਜਾਰੀ ਹੋਵੇਗਾ ਵੀਜ਼ਾ
- ਹਰ 4 ਮਹੀਨੇ ਬਾਅਦ ਵੀਜ਼ਾ, 6 ਸਾਲ ਰਹਿ ਸਕਣਗੇ

ਨਿਊਯਾਰਕ, (ਪੰਜਾਬ ਮੇਲ)- ਭਾਰਤੀਆਂ ਲਈ ਅਮਰੀਕਾ ਵਿਚ ਵਸਣ ਦਾ ਇੱਕ ਨਵਾਂ ਰਾਹ ਖੁੱਲ੍ਹਣ ਵਾਲਾ ਹੈ। ਹੁਨਰਮੰਦ ਪੇਸ਼ੇਵਰ ਭਾਰਤੀਆਂ ਲਈ ਐੱਚ ਸ਼੍ਰੇਣੀ ਦਾ ਵੀਜ਼ਾ ਪ੍ਰਸਤਾਵਿਤ ਕੀਤਾ ਗਿਆ ਹੈ। ਇਸ ਸਾਲ ਇਸ ਸ਼੍ਰੇਣੀ ਵਿਚ ਲਗਭਗ 25 ਹਜ਼ਾਰ ਭਾਰਤੀਆਂ ਨੂੰ ਵੀਜ਼ਾ ਜਾਰੀ ਕੀਤਾ ਜਾਵੇਗਾ।

ਐੱਚ ਦਾ ਮਤਲਬ ਹੈ ਕਿ ਪੇਸ਼ੇਵਰਾਂ ਨੂੰ ਹਾਰਟਲੈਂਡ ਸਟੇਟ ਵਿਚ ਕੰਮ ਕਰਨ ਦਾ ਮੌਕਾ ਦਿੱਤਾ ਜਾਵੇਗਾ। ਹਾਰਟਲੈਂਡ ਸਟੇਟ ਮਿਸ਼ੀਗਨ ਅਤੇ ਡਕੋਟਾ ਵਰਗੇ ਰਾਜ ਹਨ, ਜੋ ਨਿਊਯਾਰਕ, ਟੈਕਸਾਸ ਅਤੇ ਫਲੋਰੀਡਾ ਵਰਗੇ ਰਾਜਾਂ ਦੇ ਮੁਕਾਬਲੇ ਆਰਥਿਕ ਤੌਰ 'ਤੇ ਪਛੜੇ ਹੋਏ ਹਨ। ਬਾਇਡਨ ਸਰਕਾਰ ਦਾ ਮੰਨਣਾ ਹੈ ਕਿ ਹਾਰਟਲੈਂਡ ਸਟੇਟ ਵਿਚ ਭਾਰਤੀ ਪੇਸ਼ੇਵਰਾਂ ਨੂੰ ਵੀਜ਼ਾ ਜਾਰੀ ਕਰਨ ਨਾਲ ਇੱਥੋਂ ਦੇ ਆਰਥਿਕ ਵਿਕਾਸ ਵਿਚ ਤੇਜ਼ੀ ਆਵੇਗੀ। ਇਸ ਸ਼੍ਰੇਣੀ ਨੂੰ ਖਾਸ ਤੌਰ 'ਤੇ ਭਾਰਤੀਆਂ ਨੂੰ ਧਿਆਨ 'ਚ ਰੱਖ ਕੇ ਤਿਆਰ ਕੀਤਾ ਗਿਆ ਹੈ। ਅਮਰੀਕਾ ਵਿਚ ਗ੍ਰੀਨ ਕਾਰਡ ਲਈ ਲੰਮੀ ਉਡੀਕ ਸੂਚੀ ਕਾਰਨ ਹੁਨਰਮੰਦ ਪੇਸ਼ੇਵਰ ਐੱਚ ਸ਼੍ਰੇਣੀ ਤੋਂ ਆਉਣ ਦੇ ਯੋਗ ਹੋਣਗੇ।

ਅਮਰੀਕਾ ਵਿਚ ਕੰਮ ਕਰਨ ਜਾਂ ਸੈਟਲ ਹੋਣ ਦੇ ਚਾਹਵਾਨ ਭਾਰਤੀ ਕੈਲੀਫੋਰਨੀਆ ਅਤੇ ਨਿਊਯਾਰਕ ਵਰਗੇ ਵੱਡੇ ਸ਼ਹਿਰਾਂ ਵਿਚ ਚਲੇ ਜਾਂਦੇ ਹਨ। ਹਾਰਟਲੈਂਡ ਰਾਜਾਂ ਨੂੰ ਅੱਗੇ ਲਿਆਉਣ ਲਈ ਇਹ ਸਕੀਮ ਬਣਾਈ ਗਈ ਹੈ। ਮਿਸ਼ੀਗਨ, ਡਕੋਟਾ, ਅਲਾਬਾਮਾ, ਕੈਂਟਕੀ, ਮਿਸੂਰੀ, ਨੇਬਰਾਸਕਾ ਅਤੇ ਓਹਾਇਓ ਵਰਗੇ 15 ਰਾਜਾਂ ਵਿਚ ਭਾਰਤੀਆਂ ਦੀ ਗਿਣਤੀ ਬਹੁਤ ਘੱਟ ਹੈ। ਅਮਰੀਕੀ ਸਰਕਾਰ ਨੇ ਇਨ੍ਹਾਂ ਰਾਜਾਂ ਦੀਆਂ 100 ਕਾਊਂਟੀਆਂ (ਜ਼ਿਲ੍ਹਿਆਂ) ਦੀ ਚੋਣ ਕੀਤੀ ਹੈ, ਜਿੱਥੇ ਭਾਰਤੀਆਂ ਨੂੰ ਵੀਜ਼ਾ ਦਿੱਤਾ ਜਾਵੇਗਾ। ਐੱਚ ਸ਼੍ਰੇਣੀ ਦੇ ਵੀਜ਼ੇ ਵਿਚ ਇੱਕ ਸ਼ਰਤ ਇਹ ਵੀ ਲਗਾਈ ਗਈ ਹੈ ਕਿ ਵੀਜ਼ਾ ਜਾਰੀ ਹੋਣ ਤੋਂ ਬਾਅਦ ਇੱਕ ਸਾਲ ਤੱਕ ਉਸੇ ਕਾਊਂਟੀ ਵਿਚ ਰਹਿਣਾ ਹੋਵੇਗਾ। ਅਮਰੀਕਾ ਦਾ ਮੰਨਣਾ ਹੈ ਕਿ ਇਸ ਨਾਲ ਭਾਰਤੀ ਪੇਸ਼ੇਵਰ ਉਸ ਕਾਊਂਟੀ ਦੇ ਵਿਕਾਸ ਵਿਚ ਯੋਗਦਾਨ ਪਾ ਸਕਣਗੇ।

ਐੱਚ ਸ਼੍ਰੇਣੀ ਵਿਚ ਹਰ 4 ਮਹੀਨੇ ਬਾਅਦ ਵੀਜ਼ਾ ਜਾਰੀ ਕੀਤਾ ਜਾਵੇਗਾ। ਹਾਰਟਲੈਂਡ ਸਟੇਟ ਫੈਡਰਲ ਸਰਕਾਰ ਨੂੰ ਆਪਣੀਆਂ ਮੰਗਾਂ ਪੇਸ਼ ਕਰੇਗਾ। ਇਸ ਅਨੁਸਾਰ ਵੀਜ਼ਾ ਪ੍ਰਾਪਤ ਕਰਨ ਵਾਲਿਆਂ ਨੂੰ ਰਾਜ ਅਲਾਟ ਕੀਤੇ ਜਾਣਗੇ। ਸ਼ੁਰੂਆਤੀ ਤੌਰ 'ਤੇ ਵੀਜ਼ਾ ਤਿੰਨ ਸਾਲਾਂ ਲਈ ਜਾਰੀ ਕੀਤਾ ਜਾਵੇਗਾ, ਜਿਸ ਨੂੰ 6 ਸਾਲ ਤੱਕ ਵਧਾਇਆ ਜਾ ਸਕਦਾ ਹੈ। ਛੇ ਸਾਲਾਂ ਬਾਅਦ ਕੋਈ ਵਿਅਕਤੀ ਅਮਰੀਕਾ ਵਿਚ ਸਥਾਈ ਨਿਵਾਸ ਲਈ ਅਰਜ਼ੀ ਦੇ ਸਕਦਾ ਹੈ।

# ਟਾਂਡਾ ਦੇ ਪਿੰਡ 'ਚ ਸਰਪੰਚੀ ਲਈ ਉਮੀਦਵਾਰਾਂ 'ਚ ਮੁਕਾਬਲਾ ਰਿਹਾ ਟਾਈ

- ਪਰਚੀ ਪਾ ਕੇ ਹੋਇਆ ਸਰਪੰਚ ਦਾ ਫੈਸਲਾ

ਟਾਂਡਾ ਉੜਮੁੜ, (ਪੰਜਾਬ ਮੇਲ)- ਬਲਾਕ ਟਾਂਡਾ ਅਧੀਨ ਆਉਂਦੇ ਪਿੰਡ ਜੌੜਾ ਵਿਖੇ ਪੰਚਾਇਤ ਦੀ ਹੋਈ ਚੋਣ ਦੌਰਾਨ ਸਰਪੰਚੀ ਦਾ ਦਾਅਵਾ ਕਰਨ ਵਾਲੇ ਦੋ ਉਮੀਦਵਾਰਾਂ ਵਿਚ ਮੁਕਾਬਲਾ ਟਾਈ ਰਿਹਾ। ਇਸ ਸਬੰਧੀ ਇਕੱਤਰ ਜਾਣਕਾਰੀ ਸਰਪੰਚ ਦੀ ਚੋਣ ਲੜ ਰਹੇ ਉੱਘੇ ਟਰਾਂਸਪੋਰਟਰ ਅਤੇ ਸਮਾਜ ਸੇਵੀ ਮਨਪ੍ਰੀਤ ਸਿੰਘ ਗੋਲਡੀ ਨਰਵਾਲ ਅਤੇ ਦੂਜੀ ਧਿਰ ਦੇ ਦਲਵਿੰਦਰ ਸਿੰਘ ਵਿਚਕਾਰ ਫ਼ਸਵਾਂ ਅਤੇ ਜ਼ਬਰਦਸਤ ਮੁਕਾਬਲਾ ਵੇਖਣ ਨੂੰ ਮਿਲਿਆ। ਪਿੰਡ ਵਾਸੀਆਂ ਨੇ ਦੋਵੇਂ ਹੀ ਉਮੀਦਵਾਰਾਂ ਨੂੰ 513-513 ਵੋਟਾਂ ਪਾਈਆਂ, ਜਿਸ ਕਾਰਨ ਮੁਕਾਬਲਾ ਟਾਈ ਰਿਹਾ। ਇਸ ਦੇ ਉਪਰੰਤ ਸਮੁੱਚੇ ਚੋਣ ਅਮਲੇ ਅਤੇ ਦੋਵੇਂ ਧਿਰਾਂ ਦੀ ਸਹਿਮਤੀ ਅਤੇ ਵੀਡੀਓਗ੍ਰਾਫੀ ਕਰਦੇ ਹੋਏ ਪਰਚੀ ਸਿਸਟਮ ਦੀ ਪ੍ਰਕਿਰਿਆ ਅਪਣਾਈ ਗਈ, ਜਿਸ ਵਿਚ ਮਨਪ੍ਰੀਤ ਸਿੰਘ ਗੋਲਡੀ ਜੇਤੂ ਰਹੇ।

ਇਥੇ ਇਹ ਵੀ ਦੱਸਣਯੋਗ ਹੈ ਕਿ ਇਸ ਪਿੰਡ ਵਿਚ ਰਾਤ 3 ਵਜੇ ਸਰਪੰਚੀ ਦੇ ਨਤੀਜੇ ਦਾ ਫ਼ੈਸਲਾ ਹੋਇਆ। ਇਸ ਮੌਕੇ ਜੇਤੂ ਰਹੇ ਸਰਪੰਚ ਮਨਪ੍ਰੀਤ ਸਿੰਘ ਗੋਲਡੀ ਨੇ ਪਿੰਡ ਵਾਸੀਆਂ ਅਤੇ ਪਰਮਾਤਮਾ ਦਾ ਸ਼ੁਕਰਾਨਾ ਕਰਦਿਆਂ ਕਿਹਾ ਕਿ ਉਹ ਪਿੰਡ ਵਾਸੀਆਂ ਦੀ ਅਸੀਸਾਂ ਸਦਕਾ ਸਮੁੱਚੇ ਪਿੰਡ ਦੇ ਵਿਕਾਸ ਲਈ ਯਤਨ ਕਰਨਗੇ।

ਸਫਾ 1 ਦਾ ਬਾਕੀ

## ਪੰਜਾਬ ਜ਼ਿਮਨੀ ਚੋਣਾਂ 4 ਹਲਕਿਆਂ ਦੀਆਂ ਚੋਣਾਂ 13 ਨਵੰਬਰ...

ਚੋਣ ਜ਼ਾਬਤਾ ਚੋਣ ਪ੍ਰਕਿਰਿਆ ਮੁਕੰਮਲ ਹੋਣ ਤੱਕ 25 ਨਵੰਬਰ, 2024 ਤੱਕ ਲਾਗੂ ਰਹੇਗਾ।

ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਦੱਸਿਆ ਕਿ ਜ਼ਿਮਨੀ ਚੋਣ ਵਾਲੇ ਚਾਰ ਵਿਧਾਨ ਸਭਾ ਹਲਕਿਆਂ ਵਿਚ 10 ਅਕਤੂਬਰ, 2024 ਤੱਕ ਕੁੱਲ ਵੋਟਰਾਂ ਦੀ ਗਿਣਤੀ 6 ਲੱਖ 96 ਹਜ਼ਾਰ 316 ਹੈ ਅਤੇ ਕੁੱਲ 831 ਪੋਲਿੰਗ ਸਟੇਸ਼ਨ ਹਨ। ਉਨ੍ਹਾਂ ਦੱਸਿਆ ਕਿ ਡੇਰਾ ਬਾਬਾ ਨਾਨਕ ਵਿਚ ਕੁੱਲ ਵੋਟਰ 1 ਲੱਖ 93 ਹਜ਼ਾਰ 268 ਹਨ। ਇੱਥੇ 241 ਪੋਲਿੰਗ ਸਟੇਸ਼ਨ ਬਣਾਏ ਗਏ ਹਨ। ਇਸੇ ਤਰ੍ਹਾਂ ਚੱਬੇਵਾਲ (ਐੱਸ.ਸੀ.) ਵਿਧਾਨ ਸਭਾ ਹਲਕੇ ਵਿਚ ਕੁੱਲ ਵੋਟਰਾਂ ਦੀ ਗਿਣਤੀ 1 ਲੱਖ 59 ਹਜ਼ਾਰ 254 ਹੈ ਅਤੇ ਇੱਥੇ ਕੁੱਲ 205 ਪੋਲਿੰਗ ਸਟੇਸ਼ਨ ਬਣਾਏ ਗਏ ਹਨ।

ਸਿਬਿਨ ਸੀ ਨੇ ਅੱਗੇ ਦੱਸਿਆ ਕਿ ਗਿੱਦੜਬਾਹਾ ਵਿਧਾਨ ਸਭਾ ਹਲਕੇ ਵਿਚ ਕੁੱਲ ਵੋਟਰ 1 ਲੱਖ 66 ਹਜ਼ਾਰ 489 ਹਨ। ਇੱਥੇ ਕੁੱਲ 173 ਪੋਲਿੰਗ ਸਟੇਸ਼ਨ ਬਣਾਏ ਗਏ ਹਨ। ਉੱਧਰ 103-ਬਰਨਾਲਾ ਵਿਧਾਨ

ਸਫਾ 1 ਦਾ ਬਾਕੀ

## ਕੈਨੇਡਾ ਦੇ ਪੱਖ 'ਚ ਅਮਰੀਕਾ ਦਾ ਬਿਆਨ, ਨਿੱਝਰ ਮਾਮਲੇ...

ਟਰੂਡੋ ਨੇ ਦੋਸ਼ ਲਾਇਆ, "ਕੈਨੇਡਾ ਕੋਲ ਪੱਕੇ ਸਬੂਤ ਹਨ ਕਿ ਭਾਰਤ ਸਰਕਾਰ ਦੇ ਏਜੰਟ ਅਜਿਹੀ ਗਤੀਵਿਧੀਆਂ 'ਚ ਸ਼ਾਮਲ ਰਹੇ ਹਨ ਅਤੇ ਹੁਣ ਵੀ ਸ਼ਾਮਲ ਹਨ, ਜੋ ਜਨਤਕ ਸੁਰੱਖਿਆ ਲਈ ਮਹੱਤਵਪੂਰਨ ਖ਼ਤਰਾ ਹੈ।"

ਇਨ੍ਹਾਂ ਦੋਸ਼ਾਂ ਨੂੰ ਸਿਰੇ ਤੋਂ ਖਾਰਜ ਕਰਦਿਆਂ ਭਾਰਤ ਨੇ ਨਾ ਸਿਰਫ਼ ਕੈਨੇਡਾ ਤੋਂ ਆਪਣੇ ਹਾਈ ਕਮਿਸ਼ਨਰ ਨੂੰ ਵਾਪਸ ਬੁਲਾ ਲਿਆ, ਸਗੋਂ ਨਵੀਂ ਦਿੱਲੀ ਤੋਂ ਉਸ ਦੇ 6 ਡਿਪਲੋਮੈਟਾਂ ਨੂੰ ਵੀ ਕੱਢ ਦਿੱਤਾ। ਵਿਦੇਸ਼ ਮੰਤਰਾਲਾ (ਐੱਮ.ਈ.ਏ.) ਨੇ ਕਿਹਾ, "ਸਤੰਬਰ 2023 ਵਿਚ ਪ੍ਰਧਾਨ ਮੰਤਰੀ ਟਰੂਡੋ ਦੁਆਰਾ ਕੁਝ ਦੋਸ਼ ਲਗਾਏ ਜਾਣ ਤੋਂ ਬਾਅਦ, ਕੈਨੇਡਾ ਸਰਕਾਰ ਨੇ ਸਾਡੇ ਵੱਲੋਂ ਕਈ ਬੇਨਤੀਆਂ ਦੇ ਬਾਵਜੂਦ ਭਾਰਤ ਸਰਕਾਰ ਨਾਲ ਇੱਕ ਵੀ ਸਬੂਤ ਸਾਂਝਾ ਨਹੀਂ ਕੀਤਾ ਹੈ।"

# ਪੰਚਾਇਤੀ ਚੋਣਾਂ 'ਚ ਵੋਟਾਂ ਪਵਾਉਣ ਵਾਲੇ ਮੁਲਾਜ਼ਮ ਆਪਣੀ ਵੋਟ ਨਾ ਪਾ ਸਕੇ

- ਮੁਲਾਜ਼ਮਾਂ ਨੂੰ ਚੋਣ ਡਿਊਟੀ ਸਰਟੀਫਿਕੇਟ ਜਾਰੀ ਨਾ ਕਰਨ 'ਤੇ ਰੋਸ



ਪਿੰਡ ਭੈਣੀਬਾਘਾ 'ਚ ਵੋਟ ਪਾਉਣ ਤੋਂ ਵਾਂਝੇ ਪੁਲੀਸ ਸਮੇਤ ਹੋਰ ਮੁਲਾਜ਼ਮ।

ਮਾਨਸਾ, (ਪੰਜਾਬ ਮੇਲ)- ਪੰਚਾਇਤੀ ਚੋਣਾਂ ਦੌਰਾਨ ਤੜਕਸਾਰ ਤੋਂ ਲੈ ਕੇ ਦਿਨ ਛਿਪਣ ਤੱਕ ਲੱਖਾਂ ਵੋਟਰਾਂ ਦੀਆਂ ਵੋਟਾਂ ਪਵਾਉਣ ਵਾਲੇ ਸਿਵਲ ਤੇ ਪੁਲਿਸ ਮੁਲਾਜ਼ਮ ਖੁਦ ਆਪਣੀ ਵੋਟ ਦੀ ਵਰਤੋਂ ਨਾ ਕਰ ਸਕੇ, ਹਾਲਾਂਕਿ ਪਿੰਡਾਂ 'ਚ ਵੋਟਾਂ ਪਵਾਉਣ ਲਈ ਉਹ ਇਕ ਦਿਨ ਪਹਿਲਾਂ ਹੀ ਪੁੱਜੇ ਹੋਏ ਸਨ। ਪੰਜਾਬ ਵਿਚ ਵੋਟਾਂ ਪਵਾਉਣ ਵਾਲੇ ਅਜਿਹੇ ਮੁਲਾਜ਼ਮਾਂ ਦੀ ਗਿਣਤੀ 96,000 ਤੋਂ ਵੱਧ ਦੱਸੀ ਜਾਂਦੀ ਹੈ, ਜਦੋਂਕਿ ਪੁਲਿਸ ਮੁਲਾਜ਼ਮਾਂ ਦੀ ਗਿਣਤੀ ਇਨ੍ਹਾਂ ਨਾਲੋਂ ਵੱਖਰੀ ਹੈ, ਜੋ ਖੁਦ ਆਪਣੀ ਵੋਟ ਨਾ ਪਾ ਸਕੇ। ਪੋਲਿੰਗ ਸਟਾਫ 'ਚ ਜ਼ਿਆਦਾਤਰ ਗਿਣਤੀ ਪੇਂਡੂ ਖੇਤਰ ਵਿਚ ਰਹਿੰਦੇ ਮੁਲਾਜ਼ਮਾਂ ਦੀ ਹੈ, ਜਿਨ੍ਹਾਂ ਨੇ ਸ਼ਹਿਰਾਂ 'ਚ ਰਹਿੰਦਿਆਂ ਹੋਇਆਂ ਵੀ ਆਪਣੀਆਂ ਵੋਟਾਂ ਪਿੰਡਾਂ ਵਿਚ ਬਣਾਈਆਂ ਹੋਈਆਂ ਹਨ। ਜਾਣਕਾਰੀ ਅਨੁਸਾਰ ਇਸ ਵਾਰ ਡਿਊਟੀ ਦੇ ਰਹੇ ਮੁਲਾਜ਼ਮਾਂ ਨੂੰ ਚੋਣ ਡਿਊਟੀ ਸਰਟੀਫਿਕੇਟ ਜਾਰੀ ਨਹੀਂ ਕੀਤਾ ਗਿਆ, ਜਿਸ ਕਾਰਨ ਸੈਂਕੜੇ ਮੁਲਾਜ਼ਮ ਆਪਣੀਆਂ ਵੋਟਾਂ ਦੀ ਵਰਤੋਂ ਨਹੀਂ ਕਰ ਸਕੇ ਹਨ। ਆਮ ਤੌਰ 'ਤੇ ਡਿਊਟੀ ਦੇਣ ਵਾਲੇ ਸਟਾਫ ਨੂੰ ਵੋਟਾਂ ਤੋਂ ਇਕ ਦਿਨ ਪਹਿਲਾਂ ਪੋਸਟਲ ਬੈਲਟ ਪੇਪਰ ਦਿੱਤਾ ਜਾਂਦਾ ਹੈ, ਜਿਸ ਕਰਕੇ ਉਹ ਡਾਕ ਰਾਹੀਂ ਪੈਂਦੀ ਆਪਣੀ ਵੋਟ ਨੂੰ ਸਹੀ ਸਮੇਂ ਸਿਰ ਭੁਗਤਾ ਸਕਦਾ ਹੈ। ਡਿਊਟੀ ਦੇਣ ਵਾਲੇ ਮੁਲਾਜ਼ਮਾਂ ਦਾ ਕਹਿਣਾ ਹੈ ਕਿ ਸਰਕਾਰ ਨੇ ਇਨ੍ਹਾਂ ਚੋਣਾਂ ਵਿਚ ਮੁਲਾਜ਼ਮਾਂ ਦੀ ਵੋਟ ਪਾਉਣ ਨੂੰ ਗੰਭੀਰਤਾ ਨਾਲ ਨਹੀਂ ਲਿਆ ਹੈ, ਜਦੋਂ ਕਿ ਦੂਜੇ ਪਾਸੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਪੰਚਾਇਤੀ ਚੋਣਾਂ ਦੌਰਾਨ ਅਕਸਰ ਹੀ ਮੁਲਾਜ਼ਮਾਂ ਨੂੰ ਵੋਟ ਪਾਉਣ ਤੋਂ ਵਾਂਝਾ ਰਹਿਣਾ ਪੈਂਦਾ ਹੈ।

ਸਫਾ 1 ਦਾ ਬਾਕੀ

## ਪੰਜਾਬ ਪੰਚਾਇਤੀ ਚੋਣਾਂ ਦੌਰਾਨ ਵਾਪਰੀਆਂ ਧੱਕੇਸ਼ਾਹੀ,...

ਸਰਪੰਚ 13225 ਅਹੁਦਿਆਂ ਲਈ 25588 ਅਤੇ ਪੰਚ ਦੇ ਅਹੁਦਿਆਂ ਲਈ 83427 ਉਮੀਦਵਾਰ ਚੋਣ ਮੈਦਾਨ ਵਿਚ ਨਿੱਤਰੇ ਸਨ। ਚੋਣਾਂ ਸ਼ੁਰੂ ਹੁੰਦੇ ਸਾਰ ਹੀ ਵੱਖ-ਵੱਖ ਬੂਥਾਂ ਤੋਂ ਲੜਾਈਆਂ ਝਗੜਿਆਂ ਦੀਆਂ ਖ਼ਬਰਾਂ ਆਉਣੀਆਂ ਸ਼ੁਰੂ ਹੋ ਗਈਆਂ ਸਨ। ਇਨ੍ਹਾਂ ਚੋਣਾਂ ਦੌਰਾਨ ਅੰਮ੍ਰਿਤਸਰ, ਪਟਿਆਲਾ, ਮੋਗਾ, ਤਰਨਤਾਰਨ, ਬਠਿੰਡਾ, ਜਲੰਧਰ, ਲੁਧਿਆਣਾ, ਗੁਰਦਾਸਪੁਰ ਸਣੇ ਕਈ ਹੋਰ ਜ਼ਿਲ੍ਹਿਆਂ ਦੇ ਵੱਖ-ਵੱਖ ਪਿੰਡਾਂ ਵਿਚ ਚੋਣਾਂ ਦੌਰਾਨ ਧਾਂਦਲੀਆਂ ਦੇ ਮਾਮਲੇ ਸਾਹਮਣੇ ਆਏ ਹਨ। ਕਈ ਥਾਵਾਂ 'ਤੇ ਬੈਲਟ ਪੇਪਰ ਗਲਤ ਛਪਣ ਦੀਆਂ ਵੀ ਖ਼ਬਰਾਂ ਮਿਲੀਆਂ ਹਨ। ਕਈ ਉਮੀਦਵਾਰਾਂ ਦੇ ਨਾਂ ਵਿਚੋਂ ਕੱਟੇ ਹੋਏ ਸਨ। ਇਸ ਵਾਰ ਚੋਣਾਂ ਦੌਰਾਨ ਸ਼ਰਾਬ ਅਤੇ ਹੋਰ ਨਸ਼ਿਆਂ ਦੀ ਖੁੱਲ੍ਹ ਕੇ ਵਰਤੋਂ ਕੀਤੀ ਗਈ। ਇਸ ਦੇ ਨਾਲ-ਨਾਲ ਵੋਟਰਾਂ ਨੂੰ ਪੈਸਾ ਦੇ ਕੇ ਵੀ ਭਰਮਾਇਆ ਗਿਆ।

ਸਫਾ 1 ਦਾ ਬਾਕੀ

## ਇੱਕ ਦਹਾਕੇ ਵਿਚ ਪਹਿਲੀ ਵਾਰ ਪਾਕਿਸਤਾਨ ਪਹੁੰਚੇ ਭਾਰਤੀ...

ਵਿਚ ਹਿੱਸਾ ਲੈਣ ਲਈ ਭਾਰਤ ਆਏ ਸਨ। ਜੈਸ਼ੰਕਰ ਦੀ ਇਸ ਫੇਰੀ ਨੂੰ ਉਸੇ ਦਾ ਨਤੀਜਾ ਮੰਨਿਆ ਜਾ ਰਿਹਾ ਹੈ। ਇਸਲਾਮਾਬਾਦ ਪਹੁੰਚੇ ਜੈਸ਼ੰਕਰ ਨੇ ਪਾਕਿਸਤਾਨੀ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਨਾਲ ਹੱਥ ਮਿਲਾਇਆ ਅਤੇ ਸੰਖੇਪ ਗੱਲਬਾਤ ਕੀਤੀ।

ਇਹ ਮੁਲਾਕਾਤ ਉਦੋਂ ਹੋਈ, ਜਦੋਂ ਸ਼ਰੀਫ ਸੰਮੇਲਨ ਤੋਂ ਪਹਿਲਾਂ ਰਾਤ ਦੇ ਖਾਣੇ 'ਤੇ ਐੱਸ.ਸੀ.ਓ. ਨੇਤਾਵਾਂ ਦਾ ਸਵਾਗਤ ਕਰ ਰਹੇ ਸਨ। ਹਾਲਾਂਕਿ, ਦੋਵਾਂ ਧਿਰਾਂ ਨੇ ਕਿਹਾ ਹੈ ਕਿ ਦੁਵੱਲੀ ਮੀਟਿੰਗ ਦੀ ਕੋਈ ਯੋਜਨਾ ਨਹੀਂ ਹੈ।

ਇਸਲਾਮਾਬਾਦ ਵਿਚ ਹੋ ਰਹੀ ਇਸ ਮੀਟਿੰਗ ਵਿਚ ਹਿੱਸਾ ਲੈਣ ਲਈ ਕਰੀਬ ਇੱਕ ਦਰਜਨ ਆਗੂ ਪਾਕਿਸਤਾਨ ਪਹੁੰਚ ਚੁੱਕੇ ਹਨ। ਇਨ੍ਹਾਂ ਵਿਚ ਚੀਨ ਦੇ ਪ੍ਰਧਾਨ ਮੰਤਰੀ ਲੀ ਕਿਆਂਗ ਅਤੇ ਰੂਸ ਦੇ ਮਿਖਾਇਲ ਮਿਸ਼ੁਸਤੀਨ ਸ਼ਾਮਲ ਹਨ। ਕਿਰਗਿਸਤਾਨ, ਤਜ਼ਾਕਿਸਤਾਨ, ਕਜ਼ਾਕਿਸਤਾਨ, ਬੇਲਾਰੂਸ ਅਤੇ ਮੰਗੋਲੀਆ ਦੇ ਪ੍ਰਧਾਨ ਮੰਤਰੀ ਵੀ ਇਸਲਾਮਾਬਾਦ ਆ ਚੁੱਕੇ ਹਨ।

ਬੈਠਕ 'ਚ ਅਰਥਵਿਵਸਥਾ ਅਤੇ ਵਪਾਰ ਦੇ ਖੇਤਰ 'ਚ ਸਹਿਯੋਗ 'ਤੇ ਚਰਚਾ ਕੀਤੀ ਜਾਵੇਗੀ। ਨਿਰੀਖਕਾਂ ਦਾ ਮੰਨਣਾ ਹੈ ਕਿ ਐੱਸ.ਸੀ.ਓ. ਦਾ ਉਦੇਸ਼ ਖੇਤਰ ਵਿਚ ਪੱਛਮੀ ਪ੍ਰਭਾਵ ਦਾ ਮੁਕਾਬਲਾ ਕਰਨਾ ਹੈ।

# ਵਿਦਵਾਨਾਂ ਕੋਲੋਂ ਰਾਇ ਲੈਣ ਮਗਰੋਂ ਸੁਖਬੀਰ ਤੇ ਹੋਰਾਂ ਖਿਲਾਫ਼ ਹੋਵੇਗੀ ਕਾਰਵਾਈ



ਅੰਮ੍ਰਿਤਸਰ, (ਪੰਜਾਬ ਮੇਲ)- ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਵਿਰੋਧੀ ਧੜੇ ਦੇ ਆਗੂਆਂ ਖ਼ਿਲਾਫ਼ ਅਕਾਲ ਤਖ਼ਤ ਵੱਲੋਂ ਹੋਣ ਵਾਲੀ ਕਾਰਵਾਈ ਫਿਲਹਾਲ ਪਛੜ ਗਈ ਹੈ। ਹੁਣ ਇਸ ਸਬੰਧੀ ਅਗਲਾ ਕੋਈ ਵੀ ਫੈਸਲਾ ਸਿੰਘ ਸਾਹਿਬਾਨ ਵੱਲੋਂ ਪੰਥਕ ਵਿਦਵਾਨਾਂ ਅਤੇ ਸਿੱਖ ਜਥੇਬੰਦੀਆਂ ਦਾ ਇਕੱਠ ਸੱਦ ਕੇ ਉਨ੍ਹਾਂ ਦੀ ਰਾਇ ਲੈਣ ਮਗਰੋਂ ਕੀਤਾ ਜਾਵੇਗਾ। ਇਹ ਖੁਲਾਸਾ ਇੱਥੇ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਅਤੇ ਉਨ੍ਹਾਂ ਨਾਲ ਮੌਜੂਦ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕੀਤਾ। ਉਨ੍ਹਾਂ ਕਿਹਾ ਕਿ ਇਸ ਸਬੰਧੀ ਕਿਸੇ ਵੀ ਬਾਹਰੀ ਤਾਕਤ ਦਾ ਕੋਈ ਪ੍ਰਭਾਵ ਨਹੀਂ ਹੈ। ਅਜਿਹੇ ਦੋਸ਼ ਬੇਬੁਨਿਆਦ ਹਨ। ਉਨ੍ਹਾਂ ਕਿਹਾ ਕਿ ਇਸ ਸਬੰਧੀ ਜਲਦੀ ਹੀ ਸਿੱਖ ਵਿਦਵਾਨਾਂ ਦੀ ਮੀਟਿੰਗ ਸੱਦ ਕੇ ਰਾਏ ਲਈ ਜਾਵੇਗੀ। ਮਗਰੋਂ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿਚ ਮਾਮਲਾ ਵਿਚਾਰ ਕੇ ਕਾਰਵਾਈ ਕੀਤੀ ਜਾਵੇਗੀ।

ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਈਟ 'ਤੇ ਕਲਿੱਕ ਕਰੋ :
www.punjabmailusa.com

ਸਫਾ 1 ਦਾ ਬਾਕੀ

## ਭਾਰਤ-ਕੈਨੇਡਾ ਤਣਾਅ ਨੇ ਪੰਜਾਬ ਵਸਦੇ ਪਰਿਵਾਰਾਂ ਦੀ ਚਿੰਤਾ...

ਜਾਣਕਾਰੀ ਅਨੁਸਾਰ ਕੈਨੇਡਾ ਜਾਣ ਵਾਲੇ ਕੁੱਲ ਭਾਰਤੀ ਵਿਦਿਆਰਥੀਆਂ 'ਚੋਂ 70 ਫੀਸਦੀ ਪੰਜਾਬੀ ਹਨ। ਆਮ ਲੋਕਾਂ ਦਾ ਕਹਿਣਾ ਹੈ ਕਿ ਦੋਵਾਂ ਦੇਸ਼ਾਂ ਨੂੰ ਕੂਟਨੀਤਕ ਰਿਸ਼ਤੇ ਜਲਦੀ ਸੁਲਝਾ ਲੈਣੇ ਚਾਹੀਦੇ ਹਨ।

ਜਿਨ੍ਹਾਂ ਦੇ ਬੱਚੇ ਕੈਨੇਡਾ ਵਿਚ ਪੜ੍ਹਾਈ ਲਈ ਗਏ ਹਨ, ਉਨ੍ਹਾਂ ਦੇ ਬੱਚਿਆਂ ਨੂੰ ਵਰਕ ਪਰਮਿਟ ਵਧਾਉਣ ਵਿਚ ਪਹਿਲਾਂ ਹੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ ਅਤੇ ਹੁਣ ਆਪੋ-ਆਪਣੇ ਬੱਚਿਆਂ ਨੂੰ ਮਿਲਣ ਲਈ ਕੈਨੇਡਾ ਜਾਣ ਵਾਸਤੇ ਵਿਜ਼ਿਟਰ ਵੀਜ਼ਾ ਹਾਸਲ ਕਰਨ ਲਈ ਵੀ ਉਨ੍ਹਾਂ ਨੂੰ ਸਮੱਸਿਆ ਆ ਰਹੀ ਹੈ। ਮੌਜੂਦਾ ਕੂਟਨੀਤਕ ਵਿਵਾਦ ਕਾਰਨ ਕੈਨੇਡਾ ਅਤੇ ਭਾਰਤ ਦੋਵਾਂ ਦੇਸ਼ਾਂ ਵਿਚ ਭਾਰਤੀਆਂ ਨੂੰ ਆਪੋ-ਆਪਣੇ ਰਿਸ਼ਤੇਦਾਰਾਂ ਨੂੰ ਮਿਲਣ ਲਈ ਵੀਜ਼ਾ ਪ੍ਰਾਪਤ ਕਰਨ ਵਿਚ ਮੁਸ਼ਕਲ ਆ ਸਕਦੀ ਹੈ।

# ਗੁਜਰਾਤ 'ਚ ਪੰਜ ਹਜ਼ਾਰ ਕਰੋੜ ਰੁਪਏ ਮੁੱਲ ਦੀ ਕੋਕੀਨ ਬਰਾਮਦ

ਨਵੀਂ ਦਿੱਲੀ, (ਪੰਜਾਬ ਮੇਲ)- ਗੁਜਰਾਤ ਦੇ ਅੰਕਲੇਸ਼ਵਰ 'ਚ ਦਿੱਲੀ ਪੁਲਿਸ ਅਤੇ ਗੁਜਰਾਤ ਪੁਲਿਸ ਨੇ ਸਾਂਝੀ ਕਾਰਵਾਈ ਕਰਦਿਆਂ ਪੰਜ ਹਜ਼ਾਰ ਕਰੋੜ ਰੁਪਏ ਮੁੱਲ ਦੀ 518 ਕਿਲੋ ਕੋਕੀਨ ਜ਼ਬਤ ਕੀਤੀ ਹੈ। ਦਿੱਲੀ ਅਤੇ ਗੁਜਰਾਤ 'ਚ ਪਿਛਲੇ 15 ਦਿਨਾਂ ਦੇ ਅੰਦਰ 13 ਹਜ਼ਾਰ ਕਰੋੜ ਰੁਪਏ ਮੁੱਲ ਦੀ 1,289 ਕਿਲੋ ਕੋਕੀਨ ਅਤੇ 40 ਕਿਲੋ ਹਾਈਡਰੋਪੋਨਿਕ ਥਾਈਲੈਂਡ ਮਾਰੀਜੁਆਨਾ ਜ਼ਬਤ ਕੀਤੀ ਜਾ ਚੁੱਕੀ ਹੈ। ਜਾਂਚ ਏਜੰਸੀਆਂ ਮੁਤਾਬਕ ਐਤਵਾਰ ਨੂੰ ਅੰਕਲੇਸ਼ਵਰ 'ਚ ਇਕ ਦਵਾਈ ਕੰਪਨੀ ਦੀ ਤਲਾਸ਼ੀ ਦੌਰਾਨ 518 ਕਿਲੋ ਕੋਕੀਨ ਬਰਾਮਦ ਕੀਤੀ ਗਈ ਹੈ। ਦਿੱਲੀ ਪੁਲਿਸ ਦੇ ਇਕ ਅਧਿਕਾਰੀ ਮੁਤਾਬਕ ਪਹਿਲਾਂ ਫੜੀ ਗਈ 700 ਕਿਲੋ ਕੋਕੀਨ ਦੀ ਜਾਂਚ ਦੌਰਾਨ ਪਤਾ ਲੱਗਾ ਕਿ ਨਸ਼ਾ ਅਵਕਾਰ ਡਰੱਗਜ਼ ਲਿਮਟਿਡ ਕੰਪਨੀ ਤੋਂ ਖ਼ਰੀਦਿਆ ਗਿਆ ਸੀ। ਵਿਸ਼ੇਸ਼ ਸੈੱਲ ਦੀ ਟੀਮ ਐਤਵਾਰ ਨੂੰ ਗੁਜਰਾਤ ਪਹੁੰਚੀ, ਜਿਥੇ ਉਨ੍ਹਾਂ ਕੰਪਨੀ ਦੇ ਗੁਦਾਮ 'ਚੋਂ ਵੱਡੀ ਮਾਤਰਾ 'ਚ ਕੋਕੀਨ ਬਰਾਮਦ ਕੀਤੀ। ਅਧਿਕਾਰੀ ਨੇ ਕਿਹਾ ਕਿ ਮੌਕੇ ਤੋਂ ਪੰਜ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।

# ਕੈਨੇਡਾ ਦੀ ਫੀਲਡ ਹਾਕੀ ਡਿਵੈਲਪਮੈਂਟ ਟੀਮ 'ਚ ਚਾਰ ਪੰਜਾਬਣਾਂ ਸ਼ਾਮਲ




ਪਰਮਦੀਪ ਗਿੱਲ ਪਰਵਾ ਸੰਧੂ ਪ੍ਰਭਲੀਨ ਗਰੇਵਾਲ ਬਵਨੀਤ ਹੋਠੀ

**ਕੈਲਗਰੀ, (ਸੁਖਵੀਰ ਗਰੇਵਾਲ/ ਪੰਜਾਬ ਮੇਲ)**- ਜਪਾਨ ਦੇ ਦੌਰੇ 'ਤੇ ਜਾ ਰਹੀ ਕੈਨੇਡਾ ਦੀਆਂ ਕੁੜੀਆਂ ਦੀ ਸੀਨੀਅਰ ਡਿਵੈਲਪਮੈਂਟ ਟੀਮ ਵਿਚ ਚਾਰ ਪੰਜਾਬੀ ਮੂਲ ਦੀਆਂ ਕੁੜੀਆਂ ਨੂੰ ਜਗ੍ਹਾ ਮਿਲੀ ਹੈ। ਪਰਮਦੀਪ ਗਿੱਲ, ਪਰਵਾ ਸੰਧੂ, ਪ੍ਰਭਲੀਨ ਗਰੇਵਾਲ ਅਤੇ ਬਵਨੀਤ ਹੋਠੀ ਨੂੰ ਇਸ ਟੀਮ ਵਲੋਂ ਖੇਡਣ ਦਾ ਮੌਕਾ ਮਿਲੇਗਾ। ਫੀਲਡ ਹਾਕੀ ਕੈਨੇਡਾ ਟੀਮ ਦੀ ਘੋਸ਼ਣਾ ਦੇ ਨਾਲ਼ ਹੀ ਇਹ ਵੀ ਐਲਾਨ ਕੀਤਾ ਗਿਆ ਹੈ ਕਿ ਇਸ ਟੀਮ ਵਿਚ 23 ਸਾਲ ਤੋਂ ਘੱਟ ਉਮਰ ਦੀਆਂ ਖਿਡਾਰਨਾਂ ਨੂੰ ਮੌਕਾ ਦਿੱਤਾ ਗਿਆ, ਤਾਂ ਕਿ ਭਵਿੱਖ ਲਈ ਸੀਨੀਅਰ ਟੀਮ ਤਿਆਰ ਕਰਨ ਦੀਆਂ ਸੰਭਾਵਨਾਵਾਂ ਨੂੰ ਤਰਾਸ਼ਿਆ ਜਾ ਸਕੇ।

ਗੋਲਕੀਪਰ ਪਰਮਦੀਪ ਗਿੱਲ ਬਰੈਂਪਟਨ ਤੋਂ ਹੈ ਤੇ ਹਾਕੀ ਨੂੰ ਸਮਰਪਿਤ ਪਰਿਵਾਰ ਦੀ ਬੇਟੀ ਹੈ। ਕੈਨੇਡਾ ਦੇ ਨੈਸ਼ਨਲ ਪੱਧਰ ਦੇ ਟੂਰਨਾਮੈਂਟਾਂ ਤੋਂ ਇਲਾਵਾ ਯੂਨੀਵਰਸਿਟੀ ਸੀਜ਼ਨ ਵਿਚ ਪਰਮਦੀਪ ਬਹੁਤ ਹੀ ਵਧੀਆ ਖੇਡ ਦਿਖਾ ਚੁੱਕੀ ਹੈ। ਇਸ ਤੋਂ ਪਹਿਲਾਂ ਪਰਮਦੀਪ ਨੇ ਸਾਲ 2023 ਵਿਚ ਇਨਡੋਰ ਵਿਸ਼ਵ ਕੱਪ ਵਿਚ ਕੈਨੇਡਾ ਵਲੋਂ ਭਾਗ ਲਿਆ ਸੀ। ਪਰਵਾ ਸੰਧੂ ਸਰੀ ਦੇ ਇੰਡੀਆ ਕਲੱਬ ਤੋਂ ਹੈ ਤੇ ਫੀਲਡ ਹਾਕੀ ਨੂੰ ਸਮਰਪਿਤ ਪਰਿਵਾਰ ਨਾਲ਼ ਸੰਬੰਧ ਰੱਖਦੀ ਹੈ। ਪਰਵਾ ਦੀ ਵੱਡੀ ਭੈਣ ਪੂਨਮ ਸੰਧੂ ਤੇ ਪਿਤਾ ਉਲੰਪੀਅਨ ਨਿੱਕ ਸੰਧੂ ਤੋਂ ਹਰ ਖੇਡ ਪ੍ਰੇਮੀ ਜਾਣੂੰ ਹੈ। ਪਰਵਾ ਨੇ ਇਸ ਤੋਂ ਪਹਿਲਾਂ 2023 ਦੇ ਵਿਸ਼ਵ ਕੱਪ ਵਿਚ ਭਾਗ ਲਿਆ ਸੀ। ਪ੍ਰਭਲੀਨ ਗਰੇਵਾਲ ਕੈਲਗਰੀ ਦੇ ਕਿੰਗਜ਼ ਇਲੈਵਨ ਫੀਲਡ ਹਾਕੀ ਕਲੱਬ ਵਲੋਂ ਫੀਲਡ ਹਾਕੀ ਪੁਜ਼ੀਸ਼ਨ 'ਤੇ ਖੇਡਦੀ ਹੈ। ਪ੍ਰਭਲੀਨ ਦਾ ਪਰਿਵਾਰਕ ਪਿਛੋਕੜ ਖੇਡਾਂ ਲਈ ਮਸ਼ਹੂਰ ਪਿੰਡ ਕਿਲ੍ਹਾ ਰਾਏਪੁਰ ਤੋਂ ਹੈ। ਪ੍ਰਭਲੀਨ ਸਾਲ 2023 ਵਿਚ ਕੈਨੇਡਾ ਦੀ ਜੂਨੀਅਰ ਟੀਮ ਵਲੋਂ ਫਰਾਂਸ ਦਾ ਦੌਰਾ ਕਰ ਚੁੱਕੀ ਹੈ। ਚੌਥੀ ਖਿਡਾਰਨ ਬਵਨੀਤ ਹੋਠੀ ਸਰੀ ਦੇ ਟਾਈਗਰਜ਼ ਕਲੱਬ ਦੀ ਖਿਡਾਰਨ ਹੈ। ਬਵਨੀਤ ਕੈਨੇਡਾ ਦੇ ਨੈਸ਼ਨਲ ਟੂਰਨਾਮੈਂਟਾਂ ਵਿਚ ਪਿਛਲੇ ਕਈ ਸਾਲਾਂ ਤੋਂ ਸਰਗਰਮ ਹੈ। ਜਪਾਨ ਦੌਰੇ ਲਈ ਚਾਰ ਪੰਜਾਬੀ ਮੂਲ ਦੀਆਂ ਖਿਡਾਰਨਾਂ ਦੀ ਚੋਣ ਤੋਂ ਬਾਅਦ ਕੈਨੇਡਾ ਦੇ ਪੰਜਾਬੀ ਕਲੱਬ ਵਿਚ ਭਾਰੀ ਉਤਸ਼ਾਹ ਹੈ। ਇਸ ਨਾਲ ਭਵਿੱਖ ਵਿਚ ਹੋਰ ਪੰਜਾਬੀ ਮੂਲ ਦੀਆਂ ਖਿਡਾਰਨਾਂ ਦੇ ਫੀਲਡ ਹਾਕੀ ਨਾਲ਼ ਜੁੜਨ ਦੀ ਉਮੀਦ ਬੱਝੀ ਹੈ।

# ਟਰੰਪ ਨੇ ਪ੍ਰਵਾਸੀਆਂ ਨੂੰ ਕਿਹਾ 'ਖਤਰਨਾਕ ਅਪਰਾਧੀ'

**ਨਿਊਯਾਰਕ, (ਪੰਜਾਬ ਮੇਲ)** - ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਪ੍ਰਵਾਸੀਆਂ ਨੂੰ ਲੈ ਕੇ ਵੱਡਾ ਬਿਆਨ ਦਿੱਤਾ ਹੈ। ਕੋਲੋਰਾਡੋ ਦੇ ਔਰੋਰਾ ਵਿੱਚ ਇੱਕ ਚੋਣ ਰੈਲੀ ਦੌਰਾਨ ਉਨ੍ਹਾਂ ਨੇ ਪ੍ਰਵਾਸੀਆਂ ਨੂੰ ਖਤਰਨਾਕ ਅਪਰਾਧੀ ਕਿਹਾ। ਇਸ ਤੋਂ ਇਲਾਵਾ, ਟਰੰਪ ਨੇ ਕਿਹਾ ਕਿ ਅਮਰੀਕੀ ਨਾਗਰਿਕਾਂ ਨੂੰ ਮਾਰਨ ਵਾਲੇ ਪ੍ਰਵਾਸੀਆਂ ਲਈ ਮੌਤ ਦੀ ਸਜ਼ਾ ਹੋਣੀ ਚਾਹੀਦੀ ਹੈ। ਟਰੰਪ ਨੇ 80 ਮਿੰਟ ਦਾ ਭਾਸ਼ਣ ਦਿੱਤਾ। ਪ੍ਰਵਾਸੀਆਂ ਨੂੰ ਰਾਖਸ਼ ਅਤੇ ਜਾਨਵਰ ਦੱਸਦੇ ਹੋਏ ਟਰੰਪ ਨੇ ਕਿਹਾ ਕਿ ਲਾਤੀਨੀ ਅਮਰੀਕੀ ਪ੍ਰਵਾਸੀ ਔਰੋਰਾ, ਕੋਲੋਰਾਡੋ ਵਿਚ ਦਹਿਸ਼ਤ ਫੈਲਾ ਰਹੇ ਹਨ। ਉਨ੍ਹਾਂ ਕਿਹਾ ਕਿ ਅੱਜ ਦੁਨੀਆਂ ਅਮਰੀਕਾ ਨੂੰ ਇਕ ਅਜਿਹੇ ਦੇਸ਼ ਵਜੋਂ ਜਾਣਦੀ ਹੈ, ਜਿਸ 'ਤੇ ਕਬਜ਼ਾ ਕੀਤਾ ਹੋਇਆ ਹੈ। ਸਾਡੇ



'ਤੇ ਇਕ ਅਪਰਾਧਿਕ ਤਾਕਤ ਨੇ ਕਬਜ਼ਾ ਕਰ ਲਿਆ ਹੈ।

2024 ਦੀਆਂ ਰਾਸ਼ਟਰਪਤੀ ਚੋਣਾਂ ਵਿਚ ਉਨ੍ਹਾਂ ਨੇ ਪ੍ਰਵਾਸ ਵਿਰੋਧੀ ਬਿਆਨਬਾਜ਼ੀ ਕੀਤੀ ਹੈ, ਜਿਸ ਦੀ ਵੋਟਰਾਂ ਵਿਚ ਕਾਫੀ ਚਰਚਾ ਵੀ ਹੋ ਰਹੀ ਹੈ। ਟਰੰਪ ਨੇ ਸ਼ੁੱਕਰਵਾਰ ਨੂੰ ਜਦੋਂ ਇਹ ਬਿਆਨ ਦਿੱਤਾ, ਤਾਂ ਉਹ ਵੈਨੇਜ਼ੁਏਲਾ ਗੈਂਗ ਟਰੇਨ ਡੀ ਅਰਾਗੁਆ ਦੇ ਮੈਂਬਰਾਂ ਦੇ ਪੋਸਟਰਾਂ ਨਾਲ ਘਿਰੇ ਹੋਏ ਸਨ। ਟਰੰਪ ਨੇ ਵੈਨੇਜ਼ੁਏਲਾ ਦੇ ਗੈਂਗ ਟਰੇਨ ਡੀ ਅਰਾਗੁਆ ਨੂੰ ਖਤਮ ਕਰਨ ਦੀ ਗੱਲ ਵੀ ਕਹੀ। ਉਨ੍ਹਾਂ ਕਿਹਾ ਕਿ ਜੇਕਰ ਉਹ ਮੁੜ ਰਾਸ਼ਟਰਪਤੀ ਚੁਣੇ ਗਏ, ਤਾਂ ਉਹ ਗੈਂਗ ਦੇ ਮੈਂਬਰਾਂ ਨੂੰ ਨਿਸ਼ਾਨਾ ਬਣਾਉਣ ਲਈ ਰਾਸ਼ਟਰੀ 'ਅਪਰੇਸ਼ਨ ਔਰੋਰਾ' ਸ਼ੁਰੂ ਕਰਨਗੇ। ਡੋਨਾਲਡ ਟਰੰਪ ਰਿਪਬਲਿਕਨ ਪਾਰਟੀ ਵੱਲੋਂ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਹਨ। ਉਨ੍ਹਾਂ ਨੇ 5 ਨਵੰਬਰ ਦੀ ਚੋਣ ਮੁਹਿੰਮ ਦੇ ਆਖ਼ਰੀ ਹਫ਼ਤਿਆਂ ਵਿਚ ਆਪਣੀ ਇਮੀਗ੍ਰੇਸ਼ਨ ਵਿਰੋਧੀ ਬਿਆਨਬਾਜ਼ੀ ਨੂੰ ਤੇਜ਼ ਕਰ ਦਿੱਤਾ ਹੈ। ਟਰੰਪ ਦਾ ਚੋਣ ਮੁਕਾਬਲਾ ਡੈਮੋਕ੍ਰੇਟਿਕ ਉਮੀਦਵਾਰ ਕਮਲਾ ਹੈਰਿਸ ਨਾਲ ਹੋਵੇਗਾ।

ਓਪੀਨੀਅਨ ਪੋਲ ਦਰਸਾਉਂਦੇ ਹਨ ਕਿ ਗੈਰ-ਕਾਨੂੰਨੀ ਇਮੀਗ੍ਰੇਸ਼ਨ ਅਮਰੀਕੀ ਵੋਟਰਾਂ ਲਈ ਚਿੰਤਾ ਦਾ ਵਿਸ਼ਾ ਹੈ। ਜ਼ਿਆਦਾਤਰ ਵੋਟਰ ਟਰੰਪ ਨੂੰ ਇਸ ਮਾਮਲੇ 'ਚ ਸਮਰੱਥ ਵਿਅਕਤੀ ਵਜੋਂ ਦੇਖਦੇ ਹਨ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਆਉਣ ਵਾਲੇ ਦਿਨਾਂ 'ਚ ਟਰੰਪ ਕੁਝ ਹੋਰ ਅਜਿਹੇ ਬਿਆਨ ਦੇ ਸਕਦੇ ਹਨ, ਜੋ ਗੈਰ-ਕਾਨੂੰਨੀ ਪ੍ਰਵਾਸੀਆਂ ਦੇ ਖਿਲਾਫ ਹੋਣਗੇ। ਟਰੰਪ ਨੂੰ ਇਸ ਸਬੰਧ 'ਚ ਵੋਟਰਾਂ ਦੇ ਵੱਡੇ ਵਰਗ ਦਾ ਸਮਰਥਨ ਵੀ ਮਿਲ ਸਕਦਾ ਹੈ। ਦੂਜੇ ਪਾਸੇ ਰਾਸ਼ਟਰਪਤੀ ਚੋਣਾਂ ਲਈ ਡੈਮੋਕ੍ਰੇਟਿਕ ਪਾਰਟੀ ਦੀ ਉਮੀਦਵਾਰ ਕਮਲਾ ਹੈਰਿਸ ਨੇ ਡੋਨਾਲਡ ਟਰੰਪ 'ਤੇ ਨਿਸ਼ਾਨਾ ਸਾਧਿਆ ਹੈ। ਉਨ੍ਹਾਂ ਕਿਹਾ ਕਿ ਉਹ ਸਿਰਫ ਆਪਣੇ ਬਾਰੇ ਸੋਚਦੇ ਹਨ ਅਤੇ ਅਮਰੀਕੀਆਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਉਨ੍ਹਾਂ ਦੀ ਕੋਈ ਯੋਜਨਾ ਨਹੀਂ ਹੈ।

# ਸਰੀ 'ਚ ਭਾਬੀ ਦਾ ਕਤਲ ਕਰਨ ਵਾਲੇ ਪੰਜਾਬੀ ਨੂੰ ਹੋਈ 10 ਸਾਲ ਕੈਦ

**ਸਰੀ, (ਪੰਜਾਬ ਮੇਲ)**- ਸਰੀ ਦੇ ਹਰਪ੍ਰੀਤ ਸਿੰਘ ਨੂੰ ਆਪਣੀ ਭਾਬੀ ਦਾ ਕਤਲ ਕਰਨ ਅਤੇ 2 ਸਾਲਾ ਭਤੀਜੀ ਅਤੇ ਬਜ਼ੁਰਗ ਪਿਤਾ ਨੂੰ ਜ਼ਖ਼ਮੀ ਕਰਨ ਦੇ ਦੋਸ਼ ਵਿਚ ਬੀ.ਸੀ. ਸੁਪਰੀਮ ਕੋਰਟ ਨੇ 10 ਸਾਲ ਦੀ ਸਜ਼ਾ ਸੁਣਾਈ ਹੈ। ਨਾਲ ਹੀ ਉਸ 'ਤੇ 10 ਸਾਲ ਲਈ ਹਥਿਆਰ ਰੱਖਣ 'ਤੇ ਵੀ ਪਾਬੰਦੀ ਲਗਾਈ ਹੈ। ਮ੍ਰਿਤਕ ਔਰਤ ਦੀ ਪਛਾਣ ਬਲਜੀਤ ਕੌਰ ਵਜੋਂ ਹੋਈ। ਹਰਪ੍ਰੀਤ ਨੇ ਪਿਛਲੇ ਦਿਨੀਂ ਆਪਣੀ ਭਾਬੀ ਦਾ ਕਤਲ ਕਰਨ

**■ ਸਜ਼ਾ ਪੂਰੀ ਹੋਣ 'ਤੇ ਕੀਤਾ ਜਾਵੇਗਾ ਡਿਪੋਰਟ**

ਅਤੇ ਭਤੀਜੀ ਅਤੇ ਪਿਤਾ ਨੂੰ ਜ਼ਖ਼ਮੀ ਕਰਨ ਦਾ ਗੁਨਾਹ ਕਬੂਲ ਕਰ ਲਿਆ ਸੀ।

ਸੀ.ਬੀ.ਸੀ. ਦੀ ਰਿਪੋਰਟ ਮੁਤਾਬਕ ਆਰ.ਸੀ.ਐੱਮ.ਪੀ. ਦੇ ਬੁਲਾਰੇ ਨੇ ਦੱਸਿਆ ਕਿ ਵਾਰਦਾਤ ਮਗਰੋਂ ਹਰਪ੍ਰੀਤ ਸਿੰਘ ਮੌਕੇ ਤੋਂ ਫਰਾਰ ਹੋ ਗਿਆ ਸੀ, ਜਿਸ ਨੂੰ ਜਲਦ ਹੀ ਗ੍ਰਿਫ਼ਤਾਰ ਕਰ ਲਿਆ ਗਿਆ। ਉਦੋਂ ਤੋਂ ਹੁਣ ਤੱਕ ਜੇਲ੍ਹ ਵਿਚ ਲੰਘਾਇਆ ਸਮਾਂ ਘਟਾਉਣ ਮਗਰੋਂ ਹਰਪ੍ਰੀਤ ਸਿੰਘ ਨੂੰ 4 ਸਾਲ ਹੀ ਜੇਲ੍ਹ ਵਿਚ ਰਹਿਣਾ ਪਵੇਗਾ। 39 ਸਾਲਾ ਹਰਪ੍ਰੀਤ ਆਸਟ੍ਰੇਲੀਆ ਅਤੇ ਭਾਰਤ ਦਾ ਦੋਹਰਾ ਨਾਗਰਿਕ ਹੈ ਅਤੇ ਸਜ਼ਾ ਪੂਰੀ ਹੋਣ 'ਤੇ ਉਸ ਨੂੰ ਡਿਪੋਰਟ ਕਰ ਦਿੱਤਾ ਜਾਵੇਗਾ। ਅਦਾਲਤੀ ਕਾਰਵਾਈ ਤੋਂ ਪਤਾ ਲੱਗਾ ਕਿ ਸਿੰਘ ਅਤੇ ਉਸਦੇ ਪਿਤਾ ਵਿਚਕਾਰ ਬਹਿਸ ਹੋਈ ਸੀ, ਜੋ ਇਸ ਹੱਦ ਤੱਕ ਵੱਧ ਗਈ ਕਿ ਹਰਪ੍ਰੀਤ ਨੇ ਆਪਣੀ ਭਾਬੀ ਉੱਤੇ ਰਸੋਈ ਦੇ ਚਾਕੂ ਨਾਲ ਹਮਲਾ ਕਰ ਦਿੱਤਾ। ਹਮਲੇ ਦੌਰਾਨ ਬਲਜੀਤ ਕੌਰ ਨੇ ਦੋ ਸਾਲ ਦੀ ਬੱਚੀ ਨੂੰ ਗੋਦੀ ਚੁੱਕਿਆ ਹੋਇਆ ਸੀ। ਹਮਲੇ ਨੂੰ ਰੋਕਣ ਦੀ ਕੋਸ਼ਿਸ਼ ਦੌਰਾਨ ਉਸ ਦੇ ਪਿਤਾ ਜਗਜੀਤ ਸਿੰਘ ਵੀ ਜ਼ਖ਼ਮੀ ਹੋ ਗਏ। ਅਦਾਲਤੀ ਰਿਕਾਰਡ ਤੋਂ ਪਤਾ ਲੱਗਦਾ ਹੈ ਕਿ ਹਮਲੇ ਵਿਚ ਬੱਚੇ ਨੂੰ ਵੀ ਗੰਭੀਰ ਸੱਟਾਂ ਲੱਗੀਆਂ ਸਨ।

# ਜੇਲ੍ਹ ਅੰਦਰੋਂ ਨੌਜਵਾਨ ਚੋਣ ਜਿੱਤ ਕੇ ਬਣਿਆ ਸਰਪੰਚ

**ਫਿਰੋਜ਼ਪੁਰ, (ਪੰਜਾਬ ਮੇਲ)**- ਪੰਚਾਇਤੀ ਚੋਣਾਂ ਵਿਚ ਜੇਲ੍ਹ ਅੰਦਰ ਬੈਠਾ ਨੌਜਵਾਨ ਚੋਣ ਜਿੱਤ ਕੇ ਪਿੰਡ ਦਾ ਸਰਪੰਚ ਬਣ ਗਿਆ ਹੈ। ਉਸ ਨੇ ਜੇਲ੍ਹ ਅੰਦਰੋਂ ਹੀ ਪੰਚਾਇਤੀ ਚੋਣਾਂ ਦੇ ਕਾਗਜ਼ ਦਾਖ਼ਲ ਕੀਤੇ ਸੀ ਤੇ ਪਿੰਡ ਵਾਲਿਆਂ ਨੇ ਜੇਲ੍ਹ 'ਚ ਬੈਠੇ ਨੂੰ ਹੀ ਸਰਪੰਚ ਵੀ ਬਣਾ ਦਿੱਤਾ ਹੈ। ਫਿਰੋਜ਼ਪੁਰ ਦੇ ਪਿੰਡ ਮੱਧਰੇ ਤੋਂ ਰਵੀ ਕੁਮਾਰ ਨਾਂ ਦਾ ਨੌਜਵਾਨ ਪੰਚਾਇਤੀ ਚੋਣਾਂ ਵਿਚ ਜੇਤੂ ਰਿਹਾ ਹੈ, ਜੋ ਇਸ ਵੇਲੇ ਫਿਰੋਜ਼ਪੁਰ ਦੀ ਜੇਲ੍ਹ ਵਿਚ ਬੰਦ ਹੈ।

ਜਾਣਕਾਰੀ ਮੁਤਾਬਕ ਪਿੰਡ ਮੱਧਰੇ ਵਿਚ ਕੁੱਲ 290 ਵੋਟਾਂ ਹਨ। ਇਨ੍ਹਾਂ ਵਿਚੋਂ 272 ਵੋਟਰਾਂ ਨੇ ਵੋਟ ਦੇ ਹੱਕ ਦੀ ਵਰਤੋਂ ਕੀਤੀ ਸੀ। ਇਨ੍ਹਾਂ ਵਿਚੋਂ 137 ਵੋਟਾਂ ਰਵੀ ਕੁਮਾਰ ਨੂੰ ਪਈਆਂ ਤੇ ਉਹ ਜੇਤੂ ਐਲਾਨ ਦਿੱਤਾ ਗਿਆ ਹੈ। ਪਰਿਵਾਰ ਵੱਲੋਂ ਪਿੰਡ ਵਾਸੀਆਂ ਨਾਲ ਖੁਸ਼ੀ ਮਨਾਈ ਜਾ ਰਹੀ ਹੈ। ਪਰਿਵਾਰ ਦਾ ਕਹਿਣਾ ਹੈ ਕਿ ਉਨ੍ਹਾਂ ਦਾ ਪੁੱਤ ਕਿਸੇ ਜਾਅਲਸਾਜ਼ੀ ਦਾ ਸ਼ਿਕਾਰ ਹੋਇਆ ਹੈ, ਜਿਸ ਕਰਕੇ ਉਹ ਜੇਲ੍ਹ ਵਿਚ ਬੈਠਾ ਹੈ। ਉਹ ਛੇਤੀ ਛੁੱਟ ਕੇ ਬਾਹਰ ਆਵੇਗਾ ਤੇ ਫ਼ਿਰ ਇਸ ਪਿੰਡ ਦਾ ਵਿਕਾਸ ਕਰੇਗਾ। ਲੋਕਾਂ ਨੇ ਵੀ ਉਸ 'ਤੇ ਭਰੋਸਾ ਜਤਾਇਆ ਹੈ ਕਿ ਇਹ ਨੌਜਵਾਨ ਪਿੰਡ ਦੀ ਨੁਹਾਰ ਬਦਲੇਗਾ।

ਰਵੀ ਕੁਮਾਰ ਦੇ ਪਿਤਾ ਨੇ ਦੱਸਿਆ ਕਿ ਉਨ੍ਹਾਂ ਦੇ ਪੁੱਤ ਨੇ ਬੜੀ ਮਿਹਨਤ ਕੀਤੀ ਹੈ। ਇਹ ਲੋਕਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਉਪਰਾਲੇ ਕਰਦਾ ਹੈ। ਉਸ ਨੇ ਘੋੜੀਆਂ ਰੱਖੀਆਂ ਹੋਈਆਂ ਹਨ, ਅਖਾੜੇ ਬਣਾਏ ਹਨ ਤੇ ਕੁਸ਼ਤੀਆਂ ਕਰਵਾਉਂਦਾ ਹੈ। ਲੋਕ ਇਸ ਨੂੰ ਪਿਆਰ ਕਰਦੇ ਹਨ। ਉਹ ਸਿਆਸਤ ਦੀ ਭੇਟ ਚੜ੍ਹ ਕੇ ਅੱਜ ਜੇਲ੍ਹ ਵਿਚ ਬੈਠਾ ਹੈ, ਪਰ ਸਾਨੂੰ ਅਦਾਲਤ ਅਤੇ ਨਿਆਂ ਪ੍ਰਕੀਰਿਆ 'ਤੇ ਪੂਰਾ ਭਰੋਸਾ

# ਪੰਜਾਬ 'ਚ ਵੱਧ ਰਿਹਾ ਡੇਂਗੂ ਦਾ ਪ੍ਰਕੋਪ

**ਫਾਜ਼ਿਲਕਾ, (ਪੰਜਾਬ ਮੇਲ)**- ਪੰਜਾਬ ਭਰ 'ਚ ਜਿੱਥੇ ਡੇਂਗੂ ਦੇ ਕੇਸ ਦੇਖਣ ਨੂੰ ਮਿਲ ਰਹੇ ਹਨ, ਉਥੇ ਹੀ ਫਾਜ਼ਿਲਕਾ ਜ਼ਿਲ੍ਹੇ ਵਿਚ ਡੇਂਗੂ ਦੇ ਕੇਸਾਂ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ, ਹਾਲਾਂਕਿ ਸਿਹਤ ਵਿਭਾਗ ਵੱਲੋਂ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ ਪਰ ਇਸ ਦੇ ਬਾਵਜੂਦ ਡੇਂਗੂ ਦੇ ਮਾਮਲੇ ਵੱਧ ਰਹੇ ਹਨ। ਸਿਹਤ ਵਿਭਾਗ ਦੇ ਅੰਕੜਿਆਂ ਅਨੁਸਾਰ ਜ਼ਿਲ੍ਹੇ ਵਿਚ 26 ਡੇਂਗੂ ਪਾਜ਼ੇਟਿਵ ਮਾਮਲੇ ਸਾਹਮਣੇ ਆਏ ਹਨ, ਜਿਨ੍ਹਾਂ ਦੀ ਚੈਕਿੰਗ ਕੀਤੀ ਜਾ ਰਹੀ ਹੈ।




ਇਸ ਸਬੰਧੀ ਜਾਣਕਾਰੀ ਦਿੰਦਿਆਂ ਸਿਵਲ ਸਰਜਨ ਡਾ. ਐਰਿਕ ਨੇ ਦੱਸਿਆ ਕਿ ਡੇਂਗੂ ਨੂੰ ਲੈ ਕੇ ਹੁਣ ਤੱਕ 122 ਦੇ ਕਰੀਬ ਟੀਮਾਂ ਤਾਇਨਾਤ ਕੀਤੀਆਂ ਗਈਆਂ ਹਨ, ਜੋ ਹੁਣ ਤੱਕ 7500 ਘਰਾਂ ਦੀ ਜਾਂਚ ਕਰ ਚੁੱਕੀਆਂ ਹਨ। ਇਨ੍ਹਾਂ ਵਿਚੋਂ ਕਰੀਬ 32 ਥਾਵਾਂ 'ਤੇ ਡੇਂਗੂ ਦਾ ਲਾਰਵਾ ਪਾਇਆ ਗਿਆ, ਜਿਸ ਨੂੰ ਮੌਕੇ 'ਤੇ ਹੀ ਨਸ਼ਟ ਕਰ ਦਿੱਤਾ ਗਿਆ ਅਤੇ ਚਲਾਨ ਵੀ ਕੀਤਾ ਗਿਆ।

ਡਾ. ਐਰਿਕ ਨੇ ਦੱਸਿਆ ਕਿ ਹੁਣ ਤੱਕ ਫਾਜ਼ਿਲਕਾ ਜ਼ਿਲ੍ਹੇ ਵਿਚ ਡੇਂਗੂ ਦੇ ਕਰੀਬ 26 ਕੇਸ ਸਾਹਮਣੇ ਆ ਚੁੱਕੇ ਹਨ, ਜੋ ਕਿ ਅਜੇ ਵੀ ਸਰਗਰਮ ਹਨ, ਉਨ੍ਹਾਂ ਵੱਲੋਂ ਇਲਾਕੇ ਦੇ ਲੋਕਾਂ ਨੂੰ ਸਾਵਧਾਨੀਆਂ ਵਰਤਣ ਦੀ ਅਪੀਲ ਕੀਤੀ ਗਈ ਹੈ। ਉਨ੍ਹਾਂ ਦਾਅਵਾ ਕੀਤਾ ਕਿ ਜਿੱਥੇ ਸਿਹਤ ਵਿਭਾਗ ਵੱਲੋਂ ਘਰਾਂ ਦੀ ਚੈਕਿੰਗ ਕੀਤੀ ਜਾ ਰਹੀ ਹੈ, ਉੱਥੇ ਅਜਿਹੇ ਮਾਮਲਿਆਂ ਨਾਲ ਨਜਿੱਠਣ ਲਈ ਜ਼ਿਲ੍ਹਾ ਸਰਕਾਰੀ ਹਸਪਤਾਲ ਵਿਚ ਵੀ ਠੋਸ ਪ੍ਰਬੰਧ ਕੀਤੇ ਗਏ ਹਨ।



# ਸਰਪੰਚੀ ਦਾ ਭਾਰ




ਐਡਵੋਕੇਟ ਰਵਿੰਦਰ ਸਿੰਘ ਧਾਲੀਵਾਲ
ਪੰਜਾਬ ਹਰਿਆਣਾ ਹਾਈਕੋਰਟ ਚੰਡੀਗੜ੍ਹ
ਮੋਬ : 78373-90309
ਪੰਜਾਬ ਮੇਲUSA




ਸਰਪੰਚੀ ਦੀਆਂ ਚੋਣਾਂ ਦੇ ਐਲਾਨ ਨਾਲ ਪਿੰਡ ਦੇ ਮਹੌਲ ਵਿਚ ਜੋਸ਼ ਆ ਗਿਆ। ਭਾਵੇਂ ਪਿੰਡ ਵਿਚ ਕੋਈ ਆਪਸੀ ਵੈਰ-ਵਿਰੋਧ ਨਹੀਂ ਸੀ ਪਰ ਅਦਰੂੰਨੀ ਉਬਾਲ ਤੇ ਬਾਹਰੀ ਭਾਫ ਦੇ ਰੰਗ ਵੱਖਰੇ ਦਿਖਾਈ ਦੇ ਰਹੇ ਸਨ। ਲੰਬੇ ਸਮੇਂ ਤੋਂ ਸਰਪੰਚੀ ਭਜਨੇ ਕੇ ਲਾਣੇ ਵਿਚ ਸੀ। ਉਹ ਜ਼ਿਆਦਾਤਰ ਟਰਾਂਸਪੋਰਟ ਦੇ ਕੰਮ ਸਦਕਾ ਕੈਨੇਡਾ ਹੀ ਰਹਿਦੇ ਸਨ। ਚੋਣਾਂ ਦੇ ਛੇ ਮਹੀਨੇ ਪਹਿਲਾਂ ਸਾਰਾ ਪਰਿਵਾਰ ਪਿੰਡ ਪਹੁੰਚ ਜਾਂਦਾ। ਲੋਕ ਆਖਦੇ ਕਿ ਇਹ ਲੀਡਰੀ ਦੇ ਮੋਹ ਕਰਕੇ ਟਿਕ ਨਹੀਂ ਸਕਦੇ। ਉਨ੍ਹਾਂ ਦੇ ਹਮਖਿਆਲੀ ਆਉਣ ਤੋਂ ਪਹਿਲਾਂ ਹੀ ਮਾਹੌਲ ਸਿਰਜਣਾ ਸ਼ੁਰੂ ਕਰ ਦਿੰਦੇ। ਲੋੜਵੰਦਾਂ ਨੂੰ ਸਮਾਨ, ਪੈਸਾ ਜਾਂ ਸਰਕਾਰੇ-ਦਰਬਾਰੇ ਕੰਮਾਂ ਲਈ ਹੱਥ-ਪੈਰ ਮਾਰਦੇ। ਜਿਸ ਨੂੰ ਪਿੰਡ ਦੇ ਘੜੰਮ ਚੌਧਰੀ ਇਸ ਲੋਕ ਸੇਵਾ ਨੂੰ ਵੋਟਾਂ ਪੱਕੀਆਂ ਕਰਨ ਦਾ ਜ਼ਰੀਆ ਆਖਦੇ ਸਨ। ਪਰ ਭਜਨ ਸਿਆਂ 1964 ਵਿਚ ਵਾਪਰੇ ਖੱਬੇ-ਪੱਖੀਆਂ ਦੀ ਆਪਸੀ ਫੁੱਟ ਦੀ ਮਯੂਸੀ ਕਰਕੇ ਰਜਨੀਤੀ ਨੂੰ ਭੁਲਾ ਆਪਣਾ ਜੀਵਨ ਲੋਕਾਈ ਨੂੰ ਸਮਰਪਿਤ ਕਰ ਚੁੱਕਾ ਸੀ। ਜਿਸ ਦੀ ਭਿਣਕ ਪਿੰਡ ਨੂੰ ਤਾਂ ਕੀ ਘਰਦਿਆਂ ਨੂੰ ਵੀ ਨਾ ਪੈਣ ਦਿੱਤੀ। ਸਾਂਝੇ ਕੰਮ ਲਈ ਗ੍ਰਾਂਟਾਂ ਤੋਂ ਇਲਾਵਾ ਖੁਦ ਵੀ ਖੁੱਲ੍ਹੇ ਦਿਲ ਨਾਲ ਪੈਸਾ ਖਰਚਦਾ।

ਵੀਹ ਸਾਲਾਂ ਮਗਰੋਂ ਫਿਰਨੀ ਵਾਲੇ ਗੁਰਨਾਮ ਸਿਆਂ ਦੇ ਲਾਣੇ ਦੀ ਚੌਥੀ ਪੀੜ੍ਹੀ ਦਾ ਗ੍ਰੈਜੂਏਟ ਮੁੰਡਾ ਗੁਰਦੀਪ ਸਰਪੰਚੀ ਲਈ ਸਰਗਰਮ ਹੋ ਗਿਆ। ਜੋ ਆਪਣੇ ਪਰਿਵਾਰ ਨੂੰ ਲੋਕਾਂ ਵਿਚ ਵਿਚਰਦੇ ਦੇਖਣਾ ਚਾਹੁੰਦਾ ਸੀ। ਜਦੋਂ ਉਸਦਾ ਦਾਦਾ ਜੰਗੀਰ ਸਿੰਹਾ ਨੇ ਬਚਣ ਵਿਚ ਹੀ ਭਲਾਈ ਸਮਝੀ। ਗੁਰਦੀਪ ਆਪਣੇ ਪੜਦਾਦੇ ਦੇ ਸਰਪੰਚ ਬਣਨ ਦੀ ਖੁਸ਼ੀ ਤਾਂ ਧੁੰਦਲੀ ਯਾਦ ਵਿਚ ਸੀ, ਪਰ ਤਾਏ ਨਾਲ ਵਾਪਰੇ ਚਿੱਟੇ ਦਿਨ ਹਾਦਸੇ ਨੂੰ ਭੁਲਾ ਦਿੱਤਾ। ਸਰਪੰਚੀ ਹਾਸਿਲ ਕਰਨ ਲਈ ਜਰਬਾ ਤਕਸੀਮਾਂ ਲਾਉਣੀਆਂ ਸ਼ੁਰੂ ਕਰ ਦਿੱਤੀਆਂ। ਜਗੀਰ ਸਿਹਾਂ ਪੋਤੇ ਨੂੰ ਖੁਦ ਰੋਕਣ ਦੀ ਬਜਾਏ ਉਸਦੇ ਪਿਤਾ ਨੂੰ ਸਮਝਾਉਣ ਲਈ ਆਖਿਆ। ਵੱਡੇ ਭਰਾ ਨਾਲ ਹੋਈ ਦੁਰਘਟਨਾ ਨੂੰ ਯਾਦ ਕਰਵਾਉਂਦਿਆਂ ਕਿਹਾ ਕਿ ਅਸੀਂ ਮੁੜ ਉਨ੍ਹਾਂ ਹਾਲਤਾਂ ਵਿਚ ਨਹੀਂ ਜਾਣਾ ਚਾਹੁੰਦੇ। ਭਾਵੇਂ ਇੰਦਰ ਸਿੰਘ ਜਿੱਤ ਕੇ ਸਰਪੰਚ ਬਣ ਗਿਆ ਤੇ ਤਿੰਨ ਸਾਲ ਤਿੰਨ ਮਹੀਨੇ ਮਗਰੋਂ ਕਿਸੇ ਨੇ ਐਕਸੀਡੈਂਟ ਦੇ ਦ੍ਰਿਸ਼ ਉਲੀਕ ਕਤਲ ਕਰਵਾ ਦਿੱਤਾ। ਉਹ ਘਟਨਾ ਸੀ ਜਾਂ ਦੁਰਘਟਨਾ ਇਸ ਦਾ ਵੀ ਨਤਾਰਾ ਨਾ ਹੋਇਆ। ਢਲਦੀ ਉਮਰੇ ਪੁਲਿਸ ਅਤੇ ਅਦਾਲਤੀ ਕਾਰਵਾਈਆਂ ਦੀ ਪੈਰਵਾਈ ਕੀਤੀ। ਪਰ ਨਿਰਾਸ਼ਾ ਪੱਲੇ ਪਈ ਤੇ ਅੱਜ ਤੱਕ ਸਰਪੰਚੀ ਦਾ ਬੋਝ ਢੋਅ ਰਿਹਾ ਹਾਂ। ਜਦੋਂ ਕਿ ਪੂਰਾ ਪਰਿਵਾਰ ਬਹੁਤ ਮਿਲਵਰਤਨ ਤੇ ਸ਼ਾਂਤ ਸੁਭਾਅ ਵਾਲਾ ਸੀ। ਫਿਰ ਤੋਂ ਚੋਣਾਂ ਲੜਨਾ ਵੱਡੀ ਸਿਰਦਰਦੀ ਜਾਪੀ। ਗੁਰਦੀਪ ਨੂੰ ਸੱਥਾਂ ਤੇ ਧੜਿਆਂ ਵਿਚੋਂ ਪਰਿਵਾਰ ਦੀ ਸਰਪੰਚੀ ਬਾਰੇ ਆਪੇ ਘੜੀ ਜਾਣਕਾਰੀ ਮਿਲ ਰਹੀ ਸੀ, ਭਾਵੇਂ ਇਹ ਲੋਕ ਤਮਾਸ਼ਬੀਨ ਹੀ ਸਨ। ਉਸ ਦਾ ਪੱਖ ਪੂਰਦਿਆਂ ਅਸਮਾਨੀ ਚੜ੍ਹਾ ਕੇ ਆਉਣ ਵਾਲੀ ਸਰਪੰਚੀ ਦੀਆਂ ਵੋਟਾਂ ਵਿਚ ਡਟਣ ਦੀ ਸੁਲ੍ਹਾ ਜ਼ਰੂਰ ਮਾਰਦੇ।

ਉਧਰੋਂ ਭਜਨੇ ਦਾ ਪਰਿਵਾਰ ਵੀ ਪਿੰਡ ਪਹੁੰਚ ਚੁੱਕਾ ਸੀ। ਇਸ ਵਾਰ ਨੌਜਵਾਨ ਪੋਤਾ-ਪੋਤੀ ਵੀ ਨਾਲ ਪਿੰਡ ਦੇਖਣ ਲਈ ਆਏ। ਕੁਝ ਲੋਕਾਂ ਦੇ ਮੁਤਾਬਕ ਭਜਨਾ ਸਰਪੰਚੀ ਕਰਨ ਨਹੀਂ ਆਉਂਦਾ ਸੀ, ਸਗੋਂ ਸਰਪੰਚੀ ਲੈਣ ਆਉਂਦਾ ਸੀ। ਦਬਵੀਂ ਸੁਰ ਦੇ ਵਿਰੋਧ, ਵਿਕਾਸ ਅਤੇ ਪਿੰਡ ਪ੍ਰਤੀ ਲਗਾਅ ਵਿਚ ਦੱਬ ਜਾਂਦਾ। ਇਸ ਵਾਰ ਤਾਂ ਮੁੰਡਿਆਂ ਨੇ ਮੋਹਤਬਰਾਂ ਦੀ ਹੋਈ ਮੀਟਿੰਗ ਵਿਚ ਬੋਲ ਹੀ ਦਿੱਤਾ ਕਿ ਬਾਪੂ ਐਵੇਂ ਵਾਧੂ ਸਰਪੰਚੀ ਦਾ ਭਾਰ ਚੁੱਕ ਜਹਾਜ਼ੀ ਚੜ੍ਹਾ ਰਹਿੰਦਾ ਹੈ, ਚੰਗਾ ਭਲਾ ਕੈਨੇਡਾ ਦੇ ਵਿਚ ਕੰਮਕਾਰ ਹੈ, ਉਲਟਾ ਸਾਨੂੰ ਵੀ ਭਾਰ ਢੋਣਾ ਪੈ ਰਿਹਾ ਹੈ। ਅਰਸਿਆਂ ਮਗਰੋਂ ਭਜਨਾ ਆਪਣਾ ਦਿਲ ਦਾ ਭਾਰ ਹੌਲਾ ਕਰਦਿਆਂ ਕਿਹਾ, ਮੈਂ ਨਹੀਂ ਸੀ ਚਾਹੁੰਦਾ ਕਿ ਪਿੰਡ ਦੀ ਸਰਪੰਚੀ ਕਿਸੇ ਸਰਕਾਰੀ ਹੱਥ ਠੋਕੇ ਜਾਂ ਲਾਲਚੀ ਬੰਦੇ ਦੇ ਹੱਥ ਜਾਵੇ, ਜਿਸ ਨਾਲ ਮੇਰੇ ਪਿੰਡ ਤੇ ਵਾਸੀਆਂ ਦਾ ਨੁਕਸਾਨ ਹੋਵੇ।

ਇਸ ਗੱਲ ਦੇ ਡਰੋਂ, ਭਾਵੇਂ ਮੈਂ ਔਖਾ ਸੀ ਪਰ ਫਰਜ਼ ਤੋਂ ਨਾ ਭੱਜਾ। ਇਹ ਵੀ ਪ੍ਰਵਾਹ ਨਾ ਕੀਤੀ ਕਿ ਪਿੰਡ ਵਾਲੇ ਕੀ ਸੋਚਦੇ ਹਨ। ਕੈਨੇਡਾ ਤੋਂ ਆਏ ਜਵਾਨ ਪੋਤਾ ਬੋਲਿਆ, ਕਿਉਂ ਨਾ ਇਸ ਵਾਰ ਭਾਰ ਘਟਾਇਆ ਜਾਵੇ, ਕਿਸੇ ਯੂਥ (ਨੌਜਵਾਨ) ਨੂੰ ਸਰਬ ਸੰਮਤੀ ਨਾਲ ਮੌਕਾ ਦਿੱਤਾ ਜਾਵੇ, ਜਿਸ ਨਾਲ ਪਿੰਡ ਦੀ ਯੂਨਿਟੀ (ਏਕਤਾ) ਵੀ ਬਣੀ ਰਹੇ। ਛੋਟੀ ਉਮਰੇ ਪੋਤੇ ਵਲੋਂ ਕੀਤੀ ਵੱਡੀ ਗੱਲ ਦਾਦੇ ਦੇ ਮਨ ਨੂੰ ਵਜ਼ਨੀ ਲੱਗੀ। ਦੂਜੀ ਸਵੇਰ ਮੋਹਤਬਰਾਂ ਨਾਲ ਵਿਚਾਰ-ਵਟਾਂਦਰੇ ਪਿੱਛੋਂ ਗੁਰਦੁਆਰੇ ਵਿਚ ਅਨਾਊਂਸਮੈਂਟ ਕਰਵਾਈ ਕਿ ਭਾਈ ਸਰਬਸੰਮਤੀ ਨਾਲ ਪੰਚਾਇਤ ਚੁਣਨ ਲਈ ਗੁਰਦੁਆਰੇ ਵਿਚ ਐਤਵਾਰ ਸ਼ਾਮੀਂ 4 ਵਜੇ ਮੀਟਿੰਗ ਬੁਲਾਈ, ਸਭ ਦਾ ਆਉਣਾ ਜ਼ਰੂਰੀ ਹੈ।

ਜਗੀਰ ਸਿਆਂ ਸਰਬ ਸੰਮਤੀ ਦੀ ਚੋਣ ਲਈ ਹਾਮੀ ਭਰ ਦਿੱਤੀ। ਪੜ੍ਹੇ-ਲਿਖੇ ਨੌਜਵਾਨਾਂ ਨੂੰ ਭਵਿੱਖ ਵਿਚ ਜਿਹੀਆਂ ਜ਼ਿੰਮੇਵਾਰੀਆਂ ਲੈਣੀਆਂ ਚਾਹੀਦੀਆਂ ਹਨ। ਬਸ਼ਰਤੇ ਇਸ ਸਿਆਸੀ ਖੇਲ ਵਿਚ ਪਿੰਡ ਦੀ ਭਾਈਚਾਰਾ ਸਾਂਝ ਨੂੰ ਕੋਈ ਠੇਸ ਨਾ ਪਹੁੰਚੇ। ਫਿਰ ਭਾਵੇਂ ਸਹਿਮਤੀ ਤੇਰੇ ਨਾਮ ਦੀ ਹੀ ਬਣ ਜਾਵੇ, ਮੈਨੂੰ ਕੋਈ ਸ਼ਿਕਵਾ ਨਹੀਂ ਹੋਵੇਗਾ। ਪੁਰਖਿਆਂ ਦੇ ਕੰਮ 'ਤੇ ਤਜ਼ਰਬੇ ਨੂੰ ਭਾਂਪਦਿਆਂ ਭਜਨ ਸਿਆਂ ਨੇ ਨਵੀਂ ਪੀੜੀ ਦੇ ਮੁੰਡਾ ਗੁਰਦੀਪ ਸਿੰਘ ਨੂੰ ਹੀ ਸਰਪੰਚ ਚੁਣਨ ਦਾ ਮਤਾ ਰੱਖ ਦਿੱਤਾ। ਪੂਰੇ ਪਿੰਡ ਨੇ ਹੱਥ ਖੜ੍ਹੇ ਕਰਕੇ ਸਹਿਮਤੀ ਦਿੱਤੀ। ਕੁਝ ਨੌਸਰਬਾਜ਼ਾਂ ਨੇ ਦੋ ਪਰਿਵਾਰਾਂ ਦਾ ਮਿਲਾਪ ਅਤੇ ਦੁਸ਼ਮਣੀ ਨੂੰ ਦੋਸਤੀ ਵਿਚ ਬਦਲਣ ਵਰਗੇ ਤੰਜ ਵੀ ਕਸੇ। ਕਈਆਂ ਨੇ ਅੰਦਰ ਧੁਖਦੀ ਧੂਣੀ ਦੇ ਧੂੰਏ ਨੂੰ ਦਬਾ ਕੇ ਰੱਖਣ ਵਿਚ ਹੀ ਪਿੰਡ ਦਾ ਹਿੱਤ ਸਮਝਿਆ। ਜਦੋਂਕਿ ਭਜਨੇ ਅਤੇ ਗੁਰਨਾਮ ਵਿਚ ਕਦੇ ਬੋਲ-ਬੁਲਾਰਾ ਵੀ ਨਹੀਂ ਹੋਇਆ ਸੀ। ਭਜਨੇ ਨੇ ਨੌਜਵਾਨ ਸਰਪੰਚ ਨੂੰ ਮੁਬਾਰਕਾਂ ਦਿੱਤੀਆਂ। ਅੱਗਿਓਂ ਗੁਰਦੀਪ ਨੇ ਖੜ੍ਹਾ ਹੋ ਕੇ ਧੰਨਵਾਦ ਕਰਦਿਆਂ ਐਲਾਨ ਕੀਤਾ ਕਿ ਅੱਜ ਸਰਬਸੰਮਤੀ ਨਾਲ ਚੁਣਨ ਨਾਲ ਸਰਪੰਚੀ ਦਾ ਭਾਰ ਮੇਰੇ ਇਕੱਲੇ 'ਤੇ ਨਹੀਂ, ਪਿੰਡ ਦਾ ਹਰ ਵਸਨੀਕ ਸਰਪੰਚ ਹੈ। ਇਸ ਕਰਕੇ ਵੰਡ ਕੇ ਚੁੱਕਿਆ ਭਾਰ, ਭਾਰ ਨਹੀਂ ਲੱਗਦਾ। ਸਗੋਂ ਲੋਕ ਭਲਾਈ ਲਈ ਕੀਤੇ ਸਾਂਝੇ ਕੰਮਾਂ ਨਾਲ ਮਨ ਦਾ ਭਾਰ ਵੀ ਹਲਕਾ ਹੋ ਜਾਂਦਾ ਹੈ, ਇਸ ਲਈ ਮੈਂ ਪੂਰੇ ਪਿੰਡ ਨੂੰ ਸਰਪੰਚ ਬਣਨ ਦੀਆਂ ਮੁਬਾਰਕਾਂ ਦਿੰਦਾ ਹਾਂ।

# ਭਾਰਤ ਦੇ ਮਿਜ਼ਾਇਲ ਮੈਨ ਡਾ. ਏ.ਪੀ.ਜੇ. ਅਬਦੁਲ ਕਲਾਮ




-ਰਜਵਿੰਦਰ ਪਾਲ ਸ਼ਰਮਾ
ਪਿੰਡ ਕਾਲਝਰਾਣੀ
ਤਹਿ ਅਤੇ ਜ਼ਿਲ੍ਹਾ ਬਠਿੰਡਾ
7087367969
ਪੰਜਾਬ ਮੇਲUSA




ਸੁਪਨੇ ਉਹ ਨਹੀਂ ਹੁੰਦੇ, ਜੋ ਨੀਂਦ ਵਿਚ ਆਉਂਦੇ ਹਨ, ਸੁਪਨੇ ਤਾਂ ਉਹ ਹੁੰਦੇ ਹਨ, ਜੋ ਨੀਂਦ ਉਡਾ ਲੈ ਜਾਂਦੇ ਹਨ, ਇਹ ਸ਼ਬਦ ਭਾਰਤ ਦੇ ਮਹਾਨ ਵਿਗਿਆਨੀ, ਲੋਕਾਂ ਦੇ ਰਾਸ਼ਟਰਪਤੀ ਅਤੇ ਮਿਜ਼ਾਇਲ ਮੈਨ ਦੇ ਨਾਂ ਨਾਲ ਜਾਣੇ ਜਾਂਦੇ ਡਾ. ਏ.ਪੀ.ਜੇ. ਅਬਦੁਲ ਕਲਾਮ ਦੇ ਹਨ। ਅਬਦੁਲ ਕਲਾਮ ਦਾ ਜਨਮ 15 ਅਕਤੂਬਰ, 1931 ਨੂੰ ਪਿਤਾ ਜਲਾਲੁਦੀਨ ਅਤੇ ਮਾਤਾ ਆਸ਼ੀਅੰਮਾ ਦੇ ਘਰ, ਰਾਮੇਸ਼ਵਰਮ (ਤਾਮਿਲਨਾਡੂ) ਵਿਖੇ ਹੋਇਆ।

ਅਬਦੁਲ ਕਲਾਮ ਦੇ ਪਿਤਾ ਜ਼ਿਆਦਾ ਪੜ੍ਹੇ-ਲਿਖੇ ਨਹੀਂ ਸਨ ਪਰੰਤੂ ਉਹ ਮਹੱਤਵਪੂਰਨ ਮਸਲਿਆਂ ਨੂੰ ਸੰਜੀਦਗੀ ਨਾਲ ਸੁਲਝਾਉਣ ਦਾ ਹੁਨਰ ਰੱਖਦੇ ਸਨ। ਅਬਦੁਲ ਕਲਾਮ 'ਤੇ ਜਿਸ ਦਾ ਸਭ ਤੋਂ ਵੱਧ ਪ੍ਰਭਾਵ ਪਿਆ, ਉਨ੍ਹਾਂ ਵਿਚੋਂ ਇੱਕ ਹਨ ਜੈਨੁਲਬਦੀਨ ਜੋ ਘੱਟ ਪੜ੍ਹੇ-ਲਿਖੇ ਹੋਣ ਦੇ ਬਾਅਦ ਵੀ ਚੰਗੀ ਤਰ੍ਹਾਂ ਅੰਗਰੇਜ਼ੀ ਲਿਖ ਸਕਦੇ ਸਨ। ਉਹ ਹਰ ਸਮੇਂ ਕਲਾਮ ਨਾਲ ਵਿਦਵਾਨਾਂ ਸਬੰਧੀ ਵਿਚਾਰ-ਵਟਾਂਦਰਾ ਕਰਦਾ ਰਹਿੰਦਾ। ਬਚਪਨ ਵਿਚ ਕਲਾਮ ਜਦੋਂ ਵੀ ਉੱਡਦੇ ਪੰਛੀਆਂ ਨੂੰ ਦੇਖਦੇ, ਤਾਂ ਉਸ ਦਾ ਮਨ ਵੀ ਉਡਾਣ ਭਰਨ ਨੂੰ ਕਰਦਾ। ਸੁਪਨੇ ਪੂਰੇ ਹੋਣ, ਇਸ ਲਈ ਪਹਿਲਾਂ ਸੁਪਨੇ ਦੇਖਣਾ ਜ਼ਰੂਰੀ ਹੈ। ਕਲਾਮ ਦੇ ਪਿਤਾ ਮੱਛੀ ਫੜਨ ਵਾਲਿਆਂ ਅਤੇ ਸੈਲਾਨੀਆਂ ਲਈ ਕਿਸ਼ਤੀ ਕਿਰਾਏ 'ਤੇ ਦੇਣ ਦਾ ਕੰਮ ਕਰਦੇ ਸਨ ਅਤੇ ਜਲਾਲੁਦੀਨ ਉਨ੍ਹਾਂ ਦੇ ਕੰਮ ਵਿਚ ਹੱਥ ਵਟਾਉਂਦੇ ਸਨ, ਬਾਅਦ ਵਿਚ ਜਲਾਲੁਦੀਨ ਦਾ ਅਬਦੁਲ ਕਲਾਮ ਦੀ ਭੈਣ ਜੌਹਰਾ ਨਾਲ ਨਿਕਾਹ ਹੋਇਆ।

ਮੁੱਢਲੀ ਪੜ੍ਹਾਈ ਰਾਮੇਸ਼ਵਰਮ ਵਿਚ ਪੂਰੀ ਕਰਨ ਉਪਰੰਤ ਉਨ੍ਹਾਂ ਨੇ ਇੰਟਰ ਕਰਕੇ ਬੀ.ਐੱਸ.ਸੀ. ਕੀਤੀ। ਉਨ੍ਹਾਂ ਨੂੰ ਬਾਅਦ ਵਿਚ ਇਹ ਅਹਿਸਾਸ ਹੋਇਆ ਕਿ ਉਨ੍ਹਾਂ ਦਾ ਵਿਸ਼ਾ ਭੌਤਿਕ ਵਿਗਿਆਨ ਨਹੀਂ, ਸਗੋਂ ਐਰੋਸਪੇਸ ਇੰਜੀਨੀਅਰਿੰਗ ਹੈ। ਫ਼ਿਰ ਉਨ੍ਹਾਂ ਨੇ ਮਦਰਾਸ ਇੰਸਟੀਚਿਊਟ ਆਫ ਟੈਕਨਾਲੋਜੀ ਵਿਚ ਦਾਖ਼ਲਾ ਲੈਣਾ ਚਾਹਿਆ ਪ੍ਰੰਤੂ ਉਨ੍ਹਾਂ ਦੇ ਰਾਹ ਵਿਚ ਜੋ ਸਭ ਤੋਂ ਵੱਡੀ ਮੁਸ਼ਿਕਲ ਸੀ, ਉਹ ਸੀ ਫ਼ੀਸ। ਫ਼ੀਸ ਭਰਨ ਲਈ ਉਨ੍ਹਾਂ ਦੀ ਭੈਣ ਜੌਹਰਾ ਨੇ ਆਪਣੇ ਸੋਨੇ ਦੇ ਕੰਗਨ ਵੇਚੇ। ਤੰਗੀ ਤੁਰਸ਼ੀਆਂ 'ਚੋਂ ਗੁਜ਼ਰਦੇ ਕਲਾਮ ਨੇ ਆਪਣੀ ਪੜ੍ਹਾਈ ਪੂਰੀ ਕੀਤੀ।

ਪੜ੍ਹਾਈ ਪੂਰੀ ਹੋਣ ਉਪਰੰਤ ਉਨ੍ਹਾਂ ਨੇ ਭਾਰਤੀ ਰੱਖਿਆ ਸੰਸਥਾਨ ਵਿਚ ਨੌਕਰੀ ਦੀ ਸ਼ੁਰੂਆਤ ਕੀਤੀ। ਕੁੱਝ ਸਮੇਂ ਬਾਅਦ ਉਨ੍ਹਾਂ ਦੀ ਚੋਣ ਭਾਰਤੀ ਸਪੇਸ ਏਜੰਸੀ ਵਿਚ ਬਤੌਰ ਪ੍ਰੋਜੈਕਟ ਡਾਇਰੈਕਟਰ (ਰਾਕੇਟ ਵਿਗਿਆਨੀ) ਦੇ ਤੌਰ 'ਤੇ ਹੋਈ। ਉਨ੍ਹਾਂ ਨੇ ਉਪਗ੍ਰਹਿ ਦਾਗਣ ਲਈ ਸਵਦੇਸੀ ਲਾਂਚ ਵ੍ਹੀਕਲ ਦੇ ਸੁਪਨੇ ਨੂੰ ਹਕੀਕੀ ਜਾਮਾ ਪਹਿਨਾਇਆ। ਇਸੇ ਦਾ ਹੀ ਨਤੀਜਾ ਹੈ ਕਿ ਭਾਰਤ ਨੇ ਆਪਣੇ ਦੇਸ਼ ਵਿਚ ਬਣੇ ਲਾਂਚ ਵ੍ਹੀਕਲ ਰਾਹੀਂ ਰੋਹਿਣੀ ਉਪਗ੍ਰਹਿ ਪੁਲਾੜ ਵਿਚ ਸਥਾਪਿਤ ਕੀਤਾ।

ਡੀ.ਆਰ.ਡੀ.ਓ. ਵਿਚ ਕੰਮ ਕਰਦਿਆਂ ਉਨ੍ਹਾਂ ਨੇ ਅਗਨੀ, ਅਕਾਸ਼ ਅਤੇ ਨਾਗ ਮਿਜ਼ਾਇਲਾਂ ਭਾਰਤ ਦੇ ਰੱਖਿਆ ਸੰਸਥਾਨ ਨੂੰ ਪ੍ਰਦਾਨ ਕਰਕੇ ਭਾਰਤ ਦੀ ਰੱਖਿਆ ਪ੍ਰਣਾਲੀ ਨੂੰ ਹੋਰ ਮਜ਼ਬੂਤ ਕੀਤਾ।

1998 ਵਿਚ ਕੀਤਾ ਪੋਖਰਨ ਪ੍ਰੀਖਣ ਭਾਰਤ ਦੀ ਪਰਮਾਣੂ ਸ਼ਕਤੀ ਵਿਚ ਵਾਧਾ ਕਰਕੇ ਦੁਨੀਆਂ ਨੂੰ ਇਹ ਸੰਦੇਸ਼ ਦੇਣ ਵਿਚ ਕਾਮਯਾਬ ਹੋਇਆ ਹੈ ਕਿ ਭਾਰਤ ਹੁਣ ਸਮੇਂ ਦਾ ਹਾਣੀ ਬਣ ਚੁੱਕਿਆ ਹੈ, ਇਹ ਕਿਸੇ ਵਿਦੇਸ਼ੀ ਤਾਕਤ ਦਾ ਮੁਹਤਾਜ਼ ਨਹੀਂ ਰਿਹਾ।

ਕਲਾਮ ਸਾਬ ਇੱਕ ਵਿਗਿਆਨੀ ਹੀ ਨਹੀਂ, ਸਗੋਂ ਦਾਰਸ਼ਨਿਕ ਵੀ ਸਨ। ਉਨ੍ਹਾਂ ਵਿਚੋਂ ਹੀ ਅਨੇਕਤਾਵਾਂ ਵਿਚ ਏਕਤਾ ਵਾਲਾ ਭਾਰਤ ਨਜ਼ਰ ਆਉਂਦਾ ਸੀ। ਉਹ ਗੀਤਾ ਵੀ ਪੜ੍ਹਦੇ ਸਨ ਅਤੇ ਕੁਰਾਨ ਵੀ। ਉਨ੍ਹਾਂ ਲਈ ਸਾਰੇ ਮਜ਼ਹਬ ਬਰਾਬਰ ਅਤੇ ਸਨਮਾਨਯੋਗ ਸਨ। ਉਨ੍ਹਾਂ ਨੂੰ ਕਲਾ, ਸੰਗੀਤ ਅਤੇ ਸਾਹਿਤ ਨਾਲ ਵੀ ਬਹੁਤ ਪਿਆਰ ਸੀ। ਉਹ ਫ਼ੁਰਸਤ ਦੇ ਸਮੇਂ ਵਿਚ ਆਪ ਵੀ ਕਵਿਤਾ ਲਿਖਦੇ ਅਤੇ ਗ਼ਜ਼ਲ ਗਾਇਆ ਕਰਦੇ ਸਨ। ਉਨ੍ਹਾਂ ਦੀ ਆਪਣੀ ਮਾਂ ਨੂੰ ਲਿਖੀ ਕਵਿਤਾ ਅੱਜ ਵੀ ਓਨੀਂ ਹੀ ਮਹੱਤਤਾ ਰੱਖਦੀ ਹੈ, ਜਿੰਨੀਂ ਉਸ ਸਮੇਂ ਸੀ। ਉਨ੍ਹਾਂ ਨੇ ਨੌਜਵਾਨਾਂ ਨੂੰ ਪ੍ਰੇਰਿਤ ਕਰਨ ਲਈ ਮਹੱਤਵਪੂਰਨ ਕਿਤਾਬਾਂ ਦੀ ਰਚਨਾ ਕੀਤੀ, ਜਿਨ੍ਹਾਂ ਵਿਚ 'ਇੰਡੀਆ 2020-ਏ ਵਿਜ਼ਨ ਫ਼ਾਰ ਦਾ ਨਿਊ ਮਿਲੀਨੀਅਮ', 'ਦਿ ਵਿੰਗਜ ਆਫ ਫਾਇਰ' (ਸਵੈ ਜੀਵਨੀ), 'ਇੰਗਨਾਈਟਡ ਮਾਈਂਡਜ- ਅਨਲੀਸਿੰਗ ਦਿ ਪਾਵਰ ਵਿਦਇਨ ਇੰਡੀਆ' ਮਹੱਤਵਪੂਰਨ ਕਿਤਾਬਾਂ ਵਿਚੋਂ ਪ੍ਰਮੁੱਖ ਹਨ। ਉਨ੍ਹਾਂ ਦੀਆਂ ਕੁਟੇਸ਼ਨਾਂ ਅਤੇ ਅਣਮੁੱਲੇ ਵਿਚਾਰ ਅੱਜ ਵੀ ਨੌਜਵਾਨਾਂ ਵਿਚ ਨਵੀਂ ਉਮੰਗਾਂ ਨੂੰ ਪੈਦਾ ਕਰਨ ਦਾ ਜਜ਼ਬਾ ਰੱਖਦੇ ਹਨ।

ਅਬਦੁਲ ਕਲਾਮ ਭਾਰਤ ਨੂੰ ਵਿਗਿਆਨ ਅਤੇ ਤਕਨਾਲੋਜੀ ਪੱਖੋਂ ਸਮੇਂ ਦਾ ਹਾਣੀ ਬਣਾਉਣਾ ਚਾਹੁੰਦੇ ਸਨ। ਡਾ. ਬਿਕਰਮ ਸਾਰਾਭਾਈ ਜਿਨ੍ਹਾਂ ਨੇ ਭਾਰਤ ਪੁਲਾੜ ਖੋਜ ਸੰਸਥਾਨ ਦੀ ਨੀਂਹ ਰੱਖ ਕੇ ਭਾਰਤ ਨੂੰ ਪੁਲਾੜ ਵਿਗਿਆਨ ਦੀ ਗੁੜ੍ਹਤੀ ਦਿੱਤੀ, ਡਾਕਟਰ ਕਲਾਮ ਨੇ ਸਾਰਾਭਾਈ ਦੇ ਉਸ ਅਧੂਰੇ ਸੁਪਨੇ ਨੂੰ ਹਕੀਕੀ ਜਾਮਾ ਪਹਿਨਾ ਕੇ ਭਾਰਤ ਦੀ ਨੌਜਵਾਨ ਸ਼ਕਤੀ ਅਤੇ ਕਾਬਲੀਅਤ ਦਾ ਲੋਹਾ ਪੂਰੇ ਵਿਸ਼ਵ ਵਿਚ ਮਨਵਾਇਆ।

ਕਲਾਮ ਸਾਬ ਸਾਦ ਮੁਰਾਦੀ ਜ਼ਿੰਦਗੀ ਨੂੰ ਪਹਿਲ ਦਿੰਦੇ ਸਨ। ਗ਼ੁਰਬਤ ਭਰੀ ਜ਼ਿੰਦਗੀ ਵਿਚੋਂ ਉਨ੍ਹਾਂ ਨੇ ਸੁਪਨਿਆਂ ਦੀ ਉਡਾਣ ਭਰੀ। ਦੌਲਤ ਅਤੇ ਐਸ਼ੋ-ਆਰਾਮ ਦੀ ਜ਼ਿੰਦਗੀ ਤੋਂ ਉਹ ਕੋਹਾਂ ਦੂਰ ਰਹੇ। ਦੇਸ਼ ਦੇ ਸਿਰਮੌਰ ਵਿਗਿਆਨੀ ਅਤੇ ਭਾਰਤ ਦੇ ਗਿਆਰਵੇਂ ਰਾਸ਼ਟਰਪਤੀ (25 ਜੁਲਾਈ 2002-25 ਜੁਲਾਈ 2007 ਤੱਕ) ਹੋਣ ਦੇ ਬਾਵਜੂਦ ਉਹ ਇੱਕ ਸਾਦੇ ਕਮਰੇ ਵਿਚ ਰਹੇ। ਰੋਜ਼ਾਨਾ ਲੋੜੀਂਦੀਆਂ ਉਨ੍ਹਾਂ ਕੋਲ ਸਾਰੀਆਂ ਵਸਤਾਂ ਮੌਜੂਦ ਸਨ। ਕਹਿੰਦੇ ਹਨ ਲੋੜਾਂ ਤਾਂ ਗ਼ਰੀਬ ਤੋਂ ਗ਼ਰੀਬ ਦੀਆਂ ਵੀ ਪੂਰੀਆਂ ਹੋ ਜਾਂਦੀਆਂ ਹਨ ਪ੍ਰੰਤੂ ਇੱਛਾਵਾਂ ਧਨੀ ਤੋਂ ਧਨੀ ਦੀਆਂ ਵੀ ਪੂਰੀ ਨਹੀਂ ਹੁੰਦੀਆਂ। ਕਲਾਮ ਸਾਬ ਦਾ ਸੁਪਨਾ ਹੀ ਉਨ੍ਹਾਂ ਦੀ ਇੱਛਾ ਸੀ, ਜੋ ਉਨ੍ਹਾਂ ਨੇ ਖੁੱਲ੍ਹੀਆਂ ਅੱਖਾਂ ਨਾਲ ਦੇਖਿਆ ਅਤੇ ਖੁੱਲ੍ਹੀਆਂ ਅੱਖਾਂ ਨਾਲ ਹੀ ਪੂਰਾ ਕੀਤਾ। ਉਨ੍ਹਾਂ ਦਾ ਸੁਪਨਾ ਹੀ ਉਨ੍ਹਾਂ ਦਾ ਜਨੂੰਨ ਸੀ।

ਕਲਾਮ ਸਾਬ ਨੂੰ ਮਿਜ਼ਾਇਲ ਮੈਨ ਦਾ ਖ਼ਿਤਾਬ ਦਿੱਤਾ ਗਿਆ, ਜਿਸ ਨੇ ਉਨ੍ਹਾਂ ਨੂੰ ਅਮਰ ਕਰ ਦਿੱਤਾ। ਪਦਮ ਵਿਭੂਸ਼ਣ ਅਤੇ ਭਾਰਤ ਰਤਨ ਤੋਂ ਇਲਾਵਾ ਦੁਨੀਆਂ ਦੀਆਂ ਚੋਟੀ ਦੀਆਂ ਤੀਹ ਯੂਨੀਵਰਸਿਟੀਆਂ ਨੇ ਉਨ੍ਹਾਂ ਨੂੰ ਆਨਰੇਰੀ ਡਿਗਰੀਆਂ ਨਾਲ ਸਨਮਾਨਿਆ। ਇਨ੍ਹਾਂ ਸਭ ਸਨਮਾਨਾਂ ਤੋਂ ਉੱਪਰ ਸਭ ਤੋਂ ਵੱਡਾ ਸਨਮਾਨ ਆਪਣੇ ਲੋਕਾਂ ਨਾਲ ਪਿਆਰ ਅਤੇ ਆਪਣੀ ਜਨਮ ਭੂਮੀ ਨਾਲ ਮੋਹ ਸੀ। ਉਹ ਹਮੇਸ਼ਾ ਕਹਿੰਦੇ ਸਨ ਕਿ ਨੌਜਵਾਨ ਬੁਲੰਦੀਆਂ 'ਤੇ ਪਹੁੰਚ ਕੇ ਵੀ ਆਪਣੀ ਮਿੱਟੀ ਨਾਲ ਜੁੜੇ ਰਹਿਣ। ਉਹ ਉਸ ਧਰਤੀ ਮਾਂ ਦਾ ਕਦੇ ਦੇਣਾ ਨਹੀਂ ਦੇ ਸਕਦੇ, ਜਿਸਦੀ ਮਿੱਟੀ ਨੇ ਉਨ੍ਹਾਂ ਨੂੰ ਮਿਹਨਤ, ਹੌਸਲਾ ਅਤੇ ਕਠਿਨਾਈਆਂ ਦਾ ਡੱਟ ਕੇ ਸਾਹਮਣਾ ਕਰਨ ਦਾ ਜਜ਼ਬਾ ਬਖਸ਼ਿਆ। ਉਹ ਆਪਣੀ ਪੈਨਸ਼ਨ ਦੀ ਪੂੰਜੀ ਆਪਣੇ ਪਿੰਡ ਦੀ ਪੰਚਾਇਤ ਨੂੰ ਦਿੰਦੇ ਰਹੇ। ਉਨ੍ਹਾਂ ਦੇ ਜਾਣ ਤੋਂ ਬਾਅਦ ਉਨ੍ਹਾਂ ਦੇ ਨਾਮ ਅਵੁਲ (ਪੜਦਾਦਾ) ਪਾਕਿਰ (ਦਾਦਾ) ਜੈਨੁਲਬਦੀਨ (ਪਿਤਾ) ਨੂੰ ਅੱਗੇ ਵਧਾਉਣ ਵਾਲਾ ਕੋਈ ਨਹੀਂ ਸੀ। ਇਸ ਨਾਂ ਦੀ ਲੜੀ ਤਾਂ ਖ਼ਤਮ ਹੋ ਸਕਦੀ ਹੈ ਪ੍ਰੰਤੂ ਉਸ ਪਰਮਾਤਮਾ, ਅੱਲ੍ਹਾ ਤਾਲਾ ਅਤੇ ਈਸ਼ਵਰ ਦੀ ਮਿਹਰ ਕਦੇ ਖ਼ਤਮ ਨਹੀਂ ਹੋ ਸਕਦੀ।

ਲੋਕਾਂ ਦੇ ਰਾਸ਼ਟਰਪਤੀ ਅਤੇ ਬੱਚਿਆਂ ਦੇ ਮਾਰਗਦਰਸ਼ਕ ਕਰਦੇ ਹੋਏ ਆਖ਼ਿਰ ਉਹ ਦਿਨ ਆ ਹੀ ਗਿਆ, ਜਦੋਂ ਕਲਾਮ ਸਾਬ ਆਪਣੀ ਜ਼ਿੰਦਗੀ ਦੀ ਵਡਮੁੱਲੀ ਦੌਲਤ ਪਿੱਛੇ ਛੱਡ ਕੇ ਸਾਰੇ ਦੇਸ਼ ਦੀਆਂ ਅੱਖਾਂ ਨੂੰ ਨਮ ਕਰਦੇ ਹੋਏ 27 ਜੁਲਾਈ 2015 ਨੂੰ ਇਸ ਦੁਨੀਆਂ ਤੋਂ ਰੁਖ਼ਸਤ ਹੋ ਗਏ। ਸਰੀਰਕ ਰੂਪ ਵਿਚ ਤਾਂ ਕਲਾਮ ਸਾਬ ਸਾਡੇ ਵਿਚਕਾਰ ਨਹੀਂ ਰਹੇ ਪ੍ਰੰਤੂ ਉਨ੍ਹਾਂ ਦੀ ਪ੍ਰੇਰਨਾਮਈ ਜ਼ਿੰਦਗੀ ਦੀ ਸੁਨਹਿਰੀ ਗਾਥਾ ਹਮੇਸ਼ਾ ਨਿਰਾਸ਼ਾ ਦੇ ਆਲਮ ਵਿਚ ਬੈਠੇ ਨੌਜਵਾਨਾਂ ਨੂੰ ਹੌਸਲੇ ਨਾਲ ਮੁੜ ਆਪਣੇ ਸੁਪਨਿਆਂ ਨੂੰ ਪੂਰਾ ਕਰਨ ਦਾ ਬਲ ਬਖਸ਼ੇਗੀ।

# ਹਰਿਆਣਾ ਵਿਚ ਭਾਰਤੀ ਜਨਤਾ ਪਾਰਟੀ ਨੇ ਤੀਜੀ ਵਾਰ ਡਬਲ ਇੰਜਣ ਸਰਕਾਰ ਬਣਾਈ

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA





ਹਰਿਆਣਾ ਵਿਧਾਨ ਸਭਾ ਦੀਆਂ ਚੋਣਾਂ ਵਿਚ ਕਾਂਗਰਸ ਪਾਰਟੀ ਅਤੇ ਭਾਰਤੀ ਜਨਤਾ ਪਾਰਟੀ ਦੀ ਕਾਂਟੇ ਦੀ ਟੱਕਰ ਵਿਚ ਭਾਰਤੀ ਜਨਤਾ ਪਾਰਟੀ ਚੋਣ ਜਿੱਤ ਗਈ ਹੈ। ਗਿਣਤੀ ਸ਼ੁਰੂ ਹੋਣ ਤੋਂ ਸਵੇਰੇ 9.30 ਵਜੇ ਤੱਕ ਕਾਂਗਰਸ ਪਾਰਟੀ ਦੇ ਪੱਖ ਵਿਚ ਝੁਕਾਅ ਆ ਰਹੇ ਸਨ ਪ੍ਰੰਤੂ 9.40 ਮਿੰਟ ਝੁਕਾਅ ਬਦਲ ਕੇ ਭਾਰਤੀ ਜਨਤਾ ਪਾਰਟੀ ਦੇ ਹੱਕ ਵਿਚ ਆਉਣੇ ਸ਼ੁਰੂ ਹੋ ਗਏ, ਜੋ ਅਖ਼ੀਰ ਤੱਕ ਭਾਰਤੀ ਜਨਤਾ ਦੇ ਹੱਕ ਵਿਚ ਬਰਕਰਾਰ ਰਹੇ। ਲੋਕ ਸਭਾ ਦੀ ਚੋਣ ਦੀ ਤਰ੍ਹਾਂ ਇਸ ਵਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਾਮ 'ਤੇ ਵੋਟਾਂ ਨਹੀਂ ਮੰਗੀਆਂ ਗਈਆਂ। ਆਰ.ਐੱਸ.ਐੱਸ. ਨੇ ਪਾਰਟੀ ਦੇ ਨਾਮ 'ਤੇ ਵੋਟਾਂ ਮੰਗਣ ਲਈ ਜ਼ੋਰ ਪਾਇਆ ਸੀ। ਭਾਰਤੀ ਜਨਤਾ ਪਾਰਟੀ ਹਰਿਆਣਾ ਵਿਚ ਲਗਾਤਾਰ ਤੀਜੀ ਵਾਰ ਸਰਕਾਰ ਬਣਾਉਣ ਜਾ ਰਹੀ ਹੈ। ਮਈ 2024 ਦੀਆਂ ਲੋਕ ਸਭਾ ਦੀਆਂ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ ਨੇ ਹਰਿਆਣਾ ਦੀਆਂ 10 ਲੋਕ ਸਭਾ ਸੀਟਾਂ ਵਿਚੋਂ 5 ਸੀਟਾਂ ਜਿੱਤੀਆਂ ਸਨ। ਭਾਰਤੀ ਜਨਤਾ ਪਾਰਟੀ ਅਤੇ ਕਾਂਗਰਸ ਨੇ 5-5 ਸੀਟਾਂ ਜਿੱਤੀਆਂ ਸਨ, ਜਿਸ ਤੋਂ ਭਾਰਤੀ ਜਨਤਾ ਪਾਰਟੀ ਦੀ ਗਿਰਾਵਟ ਦਾ ਪਤਾ ਚੱਲਦਾ ਸੀ। ਪ੍ਰੰਤੂ ਤੀਜੀ ਵਾਰ ਵੀ ਭਾਰਤੀ ਜਨਤਾ ਪਾਰਟੀ ਡਬਲ ਇੰਜਣ ਵਾਲੀ ਸਰਕਾਰ ਬਣਾਉਣ ਵਿਚ ਸਫਲ ਹੋ ਗਈ। ਭਾਰਤੀ ਜਨਤਾ ਪਾਰਟੀ ਭਾਵੇਂ ਚੋਣਾਂ ਜਿੱਤ ਗਈ ਹੈ ਪ੍ਰੰਤੂ ਉਨ੍ਹਾਂ ਨੂੰ ਉਦੋਂ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ, ਜਦੋਂ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੀ ਸਰਕਾਰ ਦੇ 8 ਮੰਤਰੀ ਚੋਣ ਹਾਰ ਗਏ ਹਨ, ਜਿਨ੍ਹਾਂ ਵਿਚ ਵਿਧਾਨ ਸਭਾ ਦੇ ਸਾਬਕਾ ਸਪੀਕਰ ਨਾਇਬ ਚੰਦ ਵੀ ਸ਼ਾਮਲ ਹਨ। ਚੋਣ ਹਾਰਨ ਵਾਲੇ ਮੰਤਰੀਆਂ ਵਿਚ ਸੰਜੇ ਸਿੰਘ, ਕੰਵਰ ਪਾਲ ਗੁਜਰ, ਡਾ. ਕੰਵਲ ਗੁਪਤਾ, ਸੁਭਾਸ਼ ਸੁਧਾ ਅਤੇ ਰਣਜੀਤ ਸਿੰਘ ਚੌਟਾਲਾ ਸ਼ਾਮਲ ਹਨ। ਕਾਂਗਰਸ ਪਾਰਟੀ ਨੂੰ ਜ਼ਬਰਦਸਤ ਝਟਕਾ ਲੱਗਿਆ ਹੈ ਕਿਉਂਕਿ ਉਹ ਤਾਂ ਆਪਣੀ ਜਿੱਤ ਪੱਕੀ ਸਮਝੀ ਬੈਠੇ ਸਨ। ਦਸ ਸਾਲ ਦੇ ਸੰਨਿਆਸ ਤੋਂ ਬਾਅਦ ਕਾਂਗਰਸੀ ਆਸ ਦੀ ਕਿਰਨ ਜਗਾਈ ਬੈਠੇ ਸਨ ਪ੍ਰੰਤੂ ਕਾਂਗਰਸ ਦੀ ਧੜੇਬੰਦੀ ਤੇ ਆਪਸੀ ਲੜਾਈ ਉਸ ਦੀਆਂ ਜੜ੍ਹਾਂ ਵਿਚ ਬੈਠ ਗਈ। ਕੁੱਲ ਪੋਲ ਹੋਈਆਂ 67.90 ਫ਼ੀਸਦੀ ਵੋਟਾਂ ਵਿਚੋਂ ਕਾਂਗਰਸ ਨੂੰ 39.38 ਫ਼ੀਸਦੀ ਤੇ ਭਾਰਤੀ ਜਨਤਾ ਪਾਰਟੀ ਨੂੰ 39.84 ਫ਼ੀਸਦੀ ਵੋਟਾਂ ਪ੍ਰਾਪਤ ਕੀਤੀਆਂ ਹਨ। 90 ਮੈਂਬਰੀ ਵਿਧਾਨ ਸਭਾ ਵਿਚੋਂ ਭਾਰਤੀ ਜਨਤਾ ਪਾਰਟੀ ਨੂੰ 51, ਕਾਂਗਰਸ ਪਾਰਟੀ ਨੂੰ 34, ਇਨੈਲੋ ਨੂੰ 2, 1 ਹਰਿਆਣਾਂ ਲੋਕ ਹਿਤ ਪਾਰਟੀ, ਇੱਕ ਬੀ.ਐੱਸ.ਪੀ. ਅਤੇ 2 ਆਜ਼ਾਦ ਉਮੀਦਵਾਰ ਚੋਣ ਜਿੱਤੇ ਹਨ। ਭਾਰਤੀ ਜਨਤਾ ਪਾਰਟੀ, ਕਾਂਗਰਸ, ਇਨੈਲੋ ਬੀ.ਐੱਸ.ਪੀ. ਗਠਜੋੜ, ਆਮ ਆਦਮੀ ਪਾਰਟੀ, ਜੇ.ਪੀ.ਪੀ. ਤੇ ਆਜ਼ਾਦ ਸਮਾਜ ਗੱਠਜੋੜ ਚੋਣਾਂ ਲੜੇ ਸਨ। ਕੁੱਲ 1031 ਉਮੀਦਵਾਰਾਂ ਨੇ ਚੋਣ ਲੜੀ ਸੀ, ਜਿਨ੍ਹਾਂ ਵਿਚ 101 ਔਰਤਾਂ, 464 ਆਜ਼ਾਦ ਉਮੀਦਵਾਰ ਸਨ। ਭਾਰਤੀ ਜਨਤਾ ਪਾਰਟੀ ਅਤੇ ਕਾਂਗਰਸ ਦੋਵੇਂ 89-89 ਸੀਟਾਂ 'ਤੇ ਚੋਣ ਲੜੇ ਸਨ। ਕਾਂਗਰਸ ਨੇ ਇੱਕ ਭਿਵਾਨੀ ਦੀ ਸੀਟ ਸੀ.ਪੀ.ਐੱਮ. ਲਈ ਛੱਡ ਦਿੱਤੀ ਸੀ। ਭਾਰਤੀ ਜਨਤਾ ਪਾਰਟੀ ਨੇ ਸਿਰਸਾ ਸੀਟ ਹਰਿਆਣਾ ਲੋਕ ਹਿਤ ਪਾਰਟੀ ਦੇ ਗੋਪਾਲ ਕਾਂਡਾ ਲਈ ਛੱਡੀ ਸੀ। ਗੋਪਾਲ ਕਾਂਡਾ ਚੋਣ ਜਿੱਤ ਗਏ ਹਨ। ਇਨੈਲੋ ਅਤੇ ਬੀ.ਐੱਸ.ਪੀ. ਦੇ ਗਠਜੋੜ ਨੇ ਵੀ 89 ਸੀਟਾਂ ਤੋਂ ਚੋਣ ਲੜੀ ਸੀ, ਜਿਨ੍ਹਾਂ ਵਿਚੋਂ 51 ਸੀਟਾਂ ਤੇ ਇਨੈਲੋ ਨੇ ਉਮੀਦਵਾਰ ਖੜ੍ਹੇ ਕੀਤੇ ਸਨ। 2014 ਵਿਚ ਭਾਰਤੀ ਜਨਤਾ ਪਾਰਟੀ ਨੇ 90 ਵਿਚੋਂ 47 ਸੀਟਾਂ ਜਿੱਤਕੇ ਪੂਰਨ ਬਹੁਮਤ ਪ੍ਰਾਪਤ ਕੀਤਾ ਸੀ। ਉਦੋਂ 68.1 ਫ਼ੀਸਦੀ ਵੋਟਾਂ ਪੋਲ ਹੋਈਆਂ ਸਨ। 2019 ਵਿਚ ਭਾਰਤੀ ਜਨਤਾ ਪਾਰਟੀ ਨੇ 40 ਜਿੱਤੀਆਂ ਸਨ, ਜੋ ਪੂਰਨ ਬਹੁਮਤ ਤੋਂ 6 ਸੀਟਾਂ ਘੱਟ ਸਨ ਤੇ 36.49 ਫ਼ੀਸਦੀ ਵੋਟਾਂ ਮਿਲੀਆਂ ਸਨ। ਭਾਰਤੀ ਜਨਤਾ ਪਾਰਟੀ ਨੇ ਚੌਧਰੀ ਦੇਵੀ ਲਾਲ ਦੇ ਪੋਤਰੇ ਦੁਸ਼ਯੰਤ ਚੌਟਾਲਾ ਦੀ ਜਨ ਨਾਇਕ ਪਾਰਟੀ ਨਾਲ ਰਲ ਕੇ ਸਾਂਝੀ ਸਰਕਾਰ ਬਣਾਈ ਸੀ, ਜਨ ਨਾਇਕ ਪਾਰਟੀ ਦੇ ਦਸ ਵਿਧਾਇਕ ਸਨ ਤੇ 14.80 ਫ਼ੀਸਦੀ ਵੋਟਾਂ ਪ੍ਰਾਪਤ ਕੀਤੀਆਂ ਸਨ। ਕਾਂਗਰਸ ਨੂੰ 31 ਸੀਟਾਂ 'ਤੇ ਜਿੱਤ ਪ੍ਰਾਪਤ ਹੋਈ ਸੀ ਤੇ 28.08 ਫ਼ੀਸਦੀ ਵੋਟਾਂ ਮਿਲੀਆਂ ਸਨ। ਇਸ ਵਾਰ ਸਰਕਾਰ ਭਾਵੇਂ ਭਾਰਤੀ ਜਨਤਾ ਪਾਰਟੀ ਬਣਾ ਰਹੀ ਹੈ ਪ੍ਰੰਤੂ ਕਾਂਗਰਸ ਅਤੇ ਭਾਰਤੀ ਜਨਤਾ ਪਾਰਟੀ ਆਪਣੀ ਵੋਟ ਫ਼ੀਸਦੀ ਵਧਾਉਣ ਵਿਚ ਸਫਲ ਹੋ ਗਈਆਂ ਹਨ। ਦੋਵੇਂ ਵਾਰ ਮਨੋਹਰ ਲਾਲ ਖੱਟਰ ਹਰਿਆਣਾ ਦੇ ਮੁੱਖ ਮੰਤਰੀ ਬਣੇ ਸਨ ਪ੍ਰੰਤੂ ਦੂਜੀ ਵਾਰ ਦੁਸ਼ਯੰਤ ਚੌਟਾਲਾ ਉਪ ਮੁੱਖ ਮੰਤਰੀ ਬਣਾਏ ਗਏ ਸਨ। 2024 ਦੇ ਸ਼ੁਰੂ ਵਿਚ ਦੋਹਾਂ ਪਾਰਟੀਆਂ ਦਾ ਸਮਝੌਤਾ ਟੁੱਟ ਗਿਆ। ਐਂਟੀ ਇਕੁਵੈਂਸੀ ਫੈਕਟਰ ਤੋਂ ਮੁਕਤੀ ਪਾਉਣ ਲਈ ਭਾਰਤੀ ਜਨਤਾ ਪਾਰਟੀ ਨੇ ਨਾਇਬ ਸਿੰਘ ਸੈਣੀ ਨੂੰ ਮਨੋਹਰ ਲਾਲ ਖੱਟਰ ਦੀ ਥਾਂ ਮੁੱਖ ਮੰਤਰੀ ਬਣਾ ਦਿੱਤਾ ਪ੍ਰੰਤੂ ਭਾਰਤੀ ਜਨਤਾ ਪਾਰਟੀ ਫਿਰ ਵੀ ਸਰਕਾਰ ਨਾ ਬਣਾ ਸਕੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਅਮਿਤ ਸ਼ਾਹ, ਯੋਗੀ ਅਦਿਤਿਆ ਨਾਥ ਅਤੇ ਜੇ.ਪੀ. ਨੱਢਾ ਨੇ ਹਰਿਆਣਾ ਵਿਚ ਧੂੰਆਂਧਾਰ ਚੋਣ ਪ੍ਰਚਾਰ ਕੀਤਾ ਸੀ। ਦੂਜੇ ਪਾਸੇ ਰਾਹੁਲ ਗਾਂਧੀ, ਪ੍ਰਿਅੰਕਾ ਗਾਂਧੀ ਅਤੇ ਖੜਗੇ ਚੋਣ ਪ੍ਰਚਾਰ ਕਰਦੇ ਰਹੇ। ਭਾਰਤੀ ਜਨਤਾ ਪਾਰਟੀ ਵਿਚ ਅਤੇ ਕਾਂਗਰਸ ਪਾਰਟੀ ਦੇ ਨੇਤਾਵਾਂ ਨੂੰ ਟਿਕਟਾਂ ਨਾ ਮਿਲਣ ਕਰਕੇ ਬਗਾਵਤ ਵੀ ਹੋਈ ਪ੍ਰੰਤੂ ਭਾਰਤੀ ਜਨਤਾ ਪਾਰਟੀ ਫਿਰ ਵੀ ਬਹੁਮਤ ਲੈਣ ਵਿਚ ਸਫ਼ਲ ਹੋ ਗਈ। ਭਾਰਤੀ ਜਨਤਾ ਪਾਰਟੀ ਦੇ ਸਾਬਕਾ ਗ੍ਰਹਿ ਮੰਤਰੀ ਅਨਿਲ ਵਿਜ ਅਤੇ ਕਾਂਗਰਸ ਦੀ ਕੁਮਾਰੀ ਸ਼ੈਲਜਾ ਵੀ ਨਾਰਾਜ਼ ਚਲੇ ਆ ਰਹੇ ਸਨ। ਹਰਿਆਣਾ ਦੇ ਤਿੰਨ ਲਾਲ, ਸਾਬਕਾ ਮੁੱਖ ਮੰਤਰੀਆਂ ਚੌਧਰੀ ਬੰਸੀ ਲਾਲ, ਚੌਧਰੀ ਦੇਵੀ ਲਾਲ ਅਤੇ ਚੌਧਰੀ ਭਜਨ ਲਾਲ ਦੇ ਪਰਿਵਾਰ ਵੱਖ-ਵੱਖ ਪਾਰਟੀਆਂ ਵੱਲੋਂ ਚੋਣ ਮੈਦਾਨ ਵਿਚ ਸੀ। ਹਰਿਆਣਾ ਦੇ ਤਿੰਨੋ ਲਾਲ ਪਰਿਵਾਰਾਂ ਚੌਧਰੀ ਦੇਵੀ ਲਾਲ, ਭਜਨ ਲਾਲ ਅਤੇ ਬੰਸੀ ਲਾਲ ਦੇ ਪਰਿਵਾਰਾਂ ਦੇ ਮੈਂਬਰ ਵੀ ਵਿਧਾਨਕਾਰ ਬਣ ਚੁੱਕੇ ਹਨ। 90 ਵਿਧਾਨ ਸਭਾ ਸੀਟਾਂ ਦੀ ਗਿਣਤੀ ਲਈ 93 ਥਾਵਾਂ 'ਤੇ ਗਿਣਤੀ ਕੀਤੀ ਗਈ ਹੈ। ਇੱਕ ਹੋਰ ਹੈਰਾਨੀ ਦੀ ਗੱਲ ਹੈ, ਜਾਟ ਇਲਾਕਿਆਂ ਵਿਚ ਭਾਰਤੀ ਜਨਤਾ ਪਾਰਟੀ ਪਹਿਲੀ ਵਾਰ ਗੈਰ ਜਾਟ ਉਮੀਦਵਾਰ ਖੜ੍ਹੇ ਕੀਤੇ ਸਨ, ਜਿਨ੍ਹਾਂ ਵਿਚੋਂ 9 ਗ਼ੈਰ ਜਾਟ ਉਮੀਦਵਾਰ ਚੋਣਾਂ ਜਿੱਤ ਗਏ ਹਨ। ਭਾਰਤੀ ਜਨਤਾ ਪਾਰਟੀ ਨੇ 48 ਵਿਚੋਂ 22 ਨਵੀਆਂ ਸੀਟਾਂ ਪਹਿਲੀ ਵਾਰ ਜਿੱਤੀਆਂ ਹਨ। ਕਾਂਗਰਸ ਪਾਰਟੀ ਆਪਣੀਆਂ ਪੁਰਾਣੀਆਂ ਸੀਟਾਂ ਵਿਚੋਂ ਅੱਧੀਆਂ ਸੀਟਾਂ ਹਾਰ ਗਈ ਹੈ। 10 ਪੋਲਿੰਗ ਸਟੇਸ਼ਨ ਏਲਨਾਬਾਦ, ਲੋਹਾਰੂ, ਸਧੌਰਾ, ਜਗਾਧਰੀ, ਡੱਬਵਾਲੀ, ਹਥੀਨ, ਟੋਹਾਨਾ, ਨਾਰਨੌਦ, ਕਿਲਿਆਂਵਾਲੀ ਅਤੇ ਆਦਮਪੁਰ ਵਿਚ 75.47 ਫ਼ੀਸਦੀ ਤੋਂ ਵੱਧ ਪੋਲਿੰਗ ਹੋਈ। ਏਲਨਾਵਾਦ ਵਿਚ ਸਭ ਤੋਂ ਵੱਧ 80.61 ਫ਼ੀਸਦੀ ਪੋਲਿੰਗ ਹੋਈ। ਏਲਨਾਵਾਦ ਤੋਂ ਇਨੈਲੋ ਦੇ ਅਭੈ ਚੌਟਾਲਾ ਚੋਣ ਲੜੇ ਸਨ। 53 ਫ਼ੀਸਦੀ ਸੀਟਾਂ 'ਤੇ 70 ਫ਼ੀਸਦੀ ਤੋਂ ਵੱਧ ਪੋਲਿੰਗ ਹੋਈ ਸੀ ਅਤੇ 11 ਹਲਕਿਆਂ ਵਿਚ 75 ਫ਼ੀਸਦੀ ਤੋਂ ਵੱਧ ਪੋਲਿੰਗ ਹੋਈ ਸੀ। ਸਿਰਸਾ ਹਲਕੇ ਵਿਚ ਸਭ ਤੋਂ ਵੱਧ 75.36 ਫ਼ੀਸਦੀ ਅਤੇ ਫਤੇਹਬਾਦ ਸਭ ਤੋਂ ਘੱਟ 74.77 ਫ਼ੀਸਦੀ ਵੋਟਾਂ ਪੋਲ ਹੋਈਆਂ ਸਨ। 2014 ਵਿਚ 76.2 ਫ਼ੀਸਦੀ ਪੋਲਿੰਗ ਹੋਈ ਸੀ। ਇਸ ਵਾਰ ਆਮ ਆਦਮੀ ਪਾਰਟੀ ਅਤੇ ਕਾਂਗਰਸ ਦਾ ਗਠਜੋੜ ਨਹੀਂ ਹੋ ਸਕਿਆ, ਜਿਸ ਕਰਕੇ ਦੋਵੇਂ ਪਾਰਟੀਆਂ ਵੱਖ-ਵੱਖ ਚੋਣ ਲੜੀਆਂ ਸਨ। ਆਮ ਆਦਮੀ ਪਾਰਟੀ ਦੇ ਸਾਰੇ ਉਮੀਦਵਾਰ ਬੁਰੀ ਤਰ੍ਹਾਂ ਚੋਣ ਹਾਰ ਗਏ ਹਨ ਅਤੇ ਉਨ੍ਹਾਂ ਸਾਰਿਆਂ ਦੀਆਂ ਜ਼ਮਾਨਤਾਂ ਜ਼ਬਤ ਹੋ ਗਈਆਂ ਹਨ। ਅਗਨੀਵੀਰ, ਕਿਸਾਨ ਅੰਦੋਲਨ ਅਤੇ ਪਹਿਲਵਾਨਾਂ ਨਾਲ ਜ਼ਿਆਦਤੀ ਤਿੰਨ ਫੈਕਟਰ ਹੋਣ ਦੇ ਬਾਵਜੂਦ ਭਾਰਤੀ ਜਨਤਾ ਪਾਰਟੀ ਚੋਣ ਜਿੱਤ ਗਈ ਹੈ। ਵਿਨੇਸ਼ ਫੋਗਟ ਚੋਣ ਜਿੱਤ ਗਏ ਹਨ। ਕਿਸਾਨ ਨੇਤਾ ਗੁਰਨਾਮ ਸਿੰਘ ਚੜੂਨੀ ਜਿਹੜੇ ਹਰਿਆਣਾ ਦੇ ਰਹਿਣ ਵਾਲੇ ਹਨ, ਉਹ ਵੀ ਚੋਣ ਲੜੇ ਸੀ ਪ੍ਰੰਤੂ ਉਹ ਕਾਂਗਰਸ ਦੇ ਉਮੀਦਵਾਰ ਮਨਦੀਪ ਸਿੰਘ ਚੱਠਾ ਤੋਂ ਚੋਣ ਹਾਰ ਗਏ ਹਨ। ਗੁਰਨਾਮ ਸਿੰਘ ਚੜੂਨੀ ਨੂੰ ਸਿਰਫ 1200 ਦੇ ਕਰੀਬ ਵੋਟਾਂ ਪਈਆਂ ਹਨ। ਸਾਰੇ ਚੋਣ ਸਰਵੇ ਝੂਠੇ ਸਾਬਤ ਹੋ ਗਏ ਹਨ। ਭਾਰਤੀ ਜਨਤਾ ਪਾਰਟੀ ਦੇ ਜਿੱਤਣ ਤੋਂ ਬਾਅਦ ਸ਼ੰਭੂ ਬਾਰਡਰ ਖੁੱਲ੍ਹਣ ਦੀ ਆਸ ਖ਼ਤਮ ਹੋ ਗਈ ਹੈ।

# ਕੱਤਕ ਦੇ ਮਹੀਨੇ ਦੀ ਮਹਾਨਤਾ

## (ਸੰਗਰਾਂਦ 'ਤੇ ਵਿਸ਼ੇਸ਼)

ਦਿਲਪ੍ਰੀਤ ਸਿੰਘ
ਕਾਦਾ ਬੋੜਾ
ਮੋ: - 98772-94483
ਪੰਜਾਬ ਮੇਲ USA



ਕਾਦਰ ਦੀ ਕੁਦਰਤ ਨਾਲ ਮਨੁੱਖ ਦਾ ਰਿਸ਼ਤਾ ਮੁੱਢ-ਕਦੀਮ ਤੋਂ ਚਲਿਆ ਆਉਂਦਾ ਹੈ। ਮਨੁੱਖ ਆਪਣੀਆਂ ਲੋੜਾਂ ਲਈ ਕੁਦਰਤ 'ਤੇ ਨਿਰਭਰ ਹੈ, ਜਿਸ ਕਰਕੇ ਕੁਦਰਤ ਦਾ ਜੀਵ ਦੇ ਮਨ ਉੱਪਰ ਬਹੁਤ ਡੂੰਘਾ ਅਸਰ ਪੈਂਦਾ ਹੈ। ਜੋ ਕੁਦਰਤ ਦੇ ਮੌਸਮ ਵਿਚ ਤਬਦੀਲੀ ਆਉਣ ਕਾਰਨ ਹੁੰਦਾ ਹੈ। ਜਿਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਾਰਾਮਾਹ ਬਾਣੀ ਦੇ ਸਿਰਲੇਖ ਹੇਠ ਬਿਆਨਿਆ ਗਿਆ ਹੈ। ਇਹ ਬਾਰਾਂਮਾਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦੋ ਵਾਰ ਦਰਜ ਮਿਲਦਾ ਹੈ। ਪਹਿਲਾ ਬਾਰਾਂਮਾਹ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਆ ਗਿਆ, ਜੋ ਤੁਖਾਰੀ ਰਾਗ ਦੇ ਵਿਚ ਦਰਜ ਮਿਲਦਾ ਹੈ। ਅਤੇ ਦੂਸਰਾ ਮਾਝ ਰਾਗ ਅੰਦਰ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਉਚਾਰਨ ਹੋਇਆ ਮਿਲਦਾ ਹੈ। ਜਿਸ ਵਿਚ ਜੀਵ ਰੂਪ ਇਸਤਰੀ ਦਾ ਆਪਣੇ ਪਤੀ ਪ੍ਰਮਾਤਮਾ ਨਾਲੋਂ ਵਿਛੋੜੇ ਦਾ ਸਫਰ ਬਿਆਨਿਆ ਹੈ। ਇਸ ਤੋਂ ਇਲਾਵਾ ਮੌਸਮ ਦੀ ਤਬਦੀਲੀ ਕਾਰਨ ਜੀਵ ਇਸਤਰੀ ਦੇ ਮਨ ਦੀ ਹਾਲਤ ਅਤੇ ਉਸ ਦੀ ਆਪਣੇ ਕੰਤ ਨੂੰ ਮਿਲਣ ਦੀ ਤਾਂਘ ਨੂੰ ਪੇਸ਼ ਕੀਤਾ ਹੈ। ਇਸ ਬਾਣੀ ਦੇ ਅੰਤ ਵਿਚ ਜੀਵ-ਇਸਤਰੀ ਦਾ ਪ੍ਰਮਾਤਮਾ ਦੀ ਕਿਰਪਾ ਦੁਆਰਾ ਆਪਣੇ ਸਹੁ ਨਾਲ ਮਿਲਾਪ ਸੰਭਵ ਦੱਸਿਆ ਹੈ। ਕੱਤਕ ਮਹੀਨੇ ਦੀ ਗੱਲ ਕਰੀਏ, ਤਾਂ ਗੁਰੂ ਅਰਜਨ ਦੇਵ ਜੀ ਮਾਝ ਰਾਗ ਅੰਦਰ ਇਸ ਮਹੀਨੇ ਦੁਆਰਾ ਉਪਦੇਸ਼ ਕਰਦੇ ਹਨ, ਜੇਕਰ ਇਸ ਮਹੀਨੇ ਵਿਚ ਵੀ ਜੀਵ ਨੂੰ ਪ੍ਰਮਾਤਮਾ ਦੀ ਪ੍ਰਾਪਤੀ ਨਹੀਂ ਹੋਈ, ਤਾਂ ਇਸ ਵਿਚ ਕਿਸੇ ਦਾ ਕੋਈ ਦੋਸ਼ ਨਹੀਂ, ਸਗੋਂ ਇਹ ਦੋਸ਼ ਜੀਵ ਦੇ ਆਪਣੇ ਕੀਤੇ ਹੋਏ ਕਰਮਾਂ ਦਾ ਹੀ ਹੈ। ਸੰਸਾਰ ਦੇ ਵਿਚ ਰਹਿੰਦੀਆਂ ਜੀਵ ਨੂੰ ਦੁਖ ਅਤੇ ਸੁਖ ਉਨ੍ਹਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਜਦੋਂ ਸੁਖ ਪ੍ਰਾਪਤ ਹੁੰਦਾ ਹੈ, ਤਾਂ ਮਨੁੱਖ ਦੇ ਮਨ ਅੰਦਰ ਹਉਮੈ ਦੀ ਭਾਵਨਾ ਪੈਦਾ ਹੋ ਜਾਂਦੀ ਹੈ ਅਤੇ ਜਦੋਂ ਦੁੱਖ ਆਉਂਦਾ ਹੈ, ਤਾਂ ਵੀ ਉਸ ਦਾ ਸਾਹਮਣਾ ਕਰਨ ਦੀ ਬਜਾਏ, ਇਸ ਦਾ ਦੋਸ਼ ਕਿਸੇ ਸਿਰ 'ਤੇ ਮੜ੍ਹਦਾ ਹੈ। ਗੁਰੂ ਨਾਨਕ ਦੇਵ ਜੀ ਗੁਰਬਾਣੀ ਅੰਦਰ ਦੱਸਦੇ ਹਨ ਇਹ ਦੋਸ਼ ਕਿਸੇ ਵਿਅਕਤੀ ਦਾ ਨਹੀਂ, ਬਲਕਿ ਉਸ ਦੇ ਕੀਤੇ ਹੋਏ ਪੂਰਬਲੇ ਜਨਮ ਦੇ ਚੰਗੇ-ਮੰਦੇ ਕਰਮਾਂ ਦਾ ਫ਼ਲ ਹੈ।

ਦਦਾ ਦੋਸੁ ਨ ਦੀਜੈ ਕਾਹੂ ਦੋਸੁ ਕਰੰਮਾ ਆਪਣਿਆ॥

ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ॥

ਜੇਕਰ ਮਨੁੱਖ ਦੇ ਦੁੱਖਾਂ ਦੀ ਗੱਲ ਕਰੀਏ ਭਾਵੇਂ ਉਹ ਸਰੀਰਕ ਰੋਗ ਹਨ ਜਾਂ ਮਾਨਸਿਕ ਤੌਰ 'ਤੇ ਕੋਈ ਦੁੱਖ ਹੈ, ਦੁੱਖਾਂ ਦਾ ਮੂਲ ਕਾਰਨ ਗੁਰਬਾਣੀ ਅੰਦਰ ਪਰਮੇਸ਼ਰ ਦੀ ਯਾਦ ਨੂੰ ਮਨ 'ਚੋਂ ਵਿਸਾਰ ਦੇਣਾ ਹੀ ਦੱਸਿਆ ਹੈ।

ਦੁਖੁ ਤਦੇ ਜਾ ਵਿਸਰਿ ਜਾਵੈ॥

ਸੰਸਾਰ ਵਿਚ ਹਰ ਇਕ ਮਨੁੱਖ ਰੋਗਾਂ ਵਿਚ ਗ੍ਰਸਿਆ ਦਿਖਾਈ ਦਿੰਦਾ ਹੈ। ਕੇਵਲ ਉਹ ਪ੍ਰਭੂ ਪ੍ਰਮਾਤਮਾ ਹੀ ਸਾਰੇ ਦੁੱਖਾਂ ਤੋਂ ਰਹਿਤ ਹੈ। ਗੁਰਬਾਣੀ ਵਿਚ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਦਾ ਫੁਰਮਾਨ ਹੈ:-

ਜੋ ਜੋ ਦੀਸੈ ਸੋ ਸੋ ਰੋਗੀ॥
ਰੋਗ ਰਹਿਤ ਮੇਰਾ ਸਤਿਗੁਰੁ ਜੋਗੀ॥

ਜੇਕਰ ਕੋਈ ਰੋਗ ਹੁੰਦਾ ਹੈ, ਤਾਂ ਉਸ ਦਾ ਇਲਾਜ ਵੀ ਸੰਭਵ ਹੋਵੇਗਾ। ਜਿਥੇ ਜੀਵ ਨੂੰ ਤ੍ਰਿਸ਼ਨਾ, ਹਉਮੈ ਅਤੇ ਚਿੰਤਾ ਵਰਗੇ ਰੋਗ ਹਨ, ਗੁਰਬਾਣੀ ਵਿਚ ਇਨ੍ਹਾਂ ਰੋਗਾਂ ਦਾ ਇਲਾਜ ਪ੍ਰਮਾਤਮਾ ਦਾ ਨਾਮ ਹੀ ਦੱਸਿਆ ਹੈ ।

ਸਰਬ ਰੋਗ ਕਾ ਅਉਖਦੁ ਨਾਮੁ॥

ਇਸ ਲਈ ਮਨੁੱਖ ਨੂੰ ਆਪਣੇ ਜੀਵਨ ਦਾ ਮੂਲ ਪਛਾਣ ਕੇ ਪ੍ਰਮਾਤਮਾ ਨੂੰ ਅਰਾਧਨਾ ਚਾਹੀਦਾ ਹੈ ਕਿਉਂਕਿ ਪ੍ਰਭੂ ਸਮਰੱਥ ਹੈ ਅਤੇ ਉਹ ਭਰਿਆਂ ਨੂੰ ਖਾਲੀ ਕਰ ਸਕਦਾ ਹੈ, ਖਾਲੀ ਨੂੰ ਭਰ ਸਕਦਾ ਹੈ, ਨਿਰਧਨ ਨੂੰ ਅਮੀਰ ਬਣਾ ਦਿੰਦਾ ਹੈ ਅਤੇ ਰੋਗੀਆਂ ਦੇ ਰੋਗ ਕੱਟ ਦਿੰਦਾ ਹੈ।

ਨਿਰਧਨ ਭਯੰ ਧਨਵੰਤਹ ਰੋਗੀਅੰ ਰੋਗ ਖੰਡਨਹ॥

ਜੇਕਰ ਸੰਸਾਰ ਦੇ ਵਿਚ ਪ੍ਰਮਾਤਮਾ ਨੇ ਕਿਸੇ ਨੂੰ ਸਭ ਤੋਂ ਸ੍ਰੇਸ਼ਟ ਬਣਾਇਆ ਹੈ, ਤਾਂ ਉਹ ਕੇਵਲ ਮਨੁੱਖ ਹੈ। ਕਿਉਂਕਿ ਮਨੁੱਖ ਪ੍ਰਮਾਤਮਾ

ਦਾ ਨਾਮ ਜਪ ਕੇ ਆਵਾਗਉਣ ਦੇ ਗੇੜ ਤੋਂ ਛੁਟਕਾਰਾ ਪਾ ਸਕਦਾ ਹੈ। ਜੇਕਰ ਉਸਨੇ ਪਦਾਰਥਾਂ ਅਤੇ ਇੱਛਾਵਾਂ ਦੀ ਪੂਰਤੀ ਵਿਚ ਸਾਰਾ

ਜੀਵਨ ਬਸਰ ਕਰ ਦਿੱਤਾ, ਤਾਂ ਜੀਵ ਆਵਾਗਵਣ ਦੇ ਚੱਕਰ ਵਿਚ ਫਸਿਆ ਰਹੇਗਾ।

ਲਖ ਚਰਾਸੀਹ ਜੋਨਿ ਸਬਾਈ॥
ਮਾਨਸ ਕਉ ਪ੍ਰਭ ਦੀਈ ਵਡਿਆਈ॥
ਇਸੁ ਪਉੜੀ ਤੇ ਜੋ ਨਰੁ ਚੂਕੈ
ਆਇ ਜਾਇ ਦੁਖੁ ਪਾਇਦਾ॥

ਮਨੁੱਖ ਨੂੰ ਸੰਸਾਰ ਦੀ ਕਾਰ ਵਿਹਾਰ ਕਰਨ ਲੱਗਿਆਂ ਭਾਵੇਂ ਕਿਸੇ ਪ੍ਰਕਾਰ ਦੀ ਢਿੱਲ ਹੋ ਜਾਵੇ ਪਰ ਪ੍ਰਮਾਤਮਾ ਦਾ ਨਾਮ ਲੈਣ ਲਈ ਕਿਸੇ

ਵੀ ਪ੍ਰਕਾਰ ਦੀ ਦੇਰੀ ਨਹੀਂ ਕਰਨੀ ਚਾਹੀਦੀ।

ਕਿਉਂਕਿ ਜੀਵ ਨੂੰ ਇਸ ਗੱਲ ਦਾ ਬੋਧ ਨਹੀਂ ਕਿ ਪ੍ਰਮਾਤਮਾ ਨੇ ਸਾਹਾਂ ਵਾਲੀ ਡੋਰ ਕਦੋਂ ਖਿੱਚ ਲੈਣੀ ਹੈ ਤੇ ਇਹ ਸਰੀਰ ਦੇ ਵਿਚੋਂ ਪ੍ਰਾਣ ਕੱਢ ਲੈਣੇ ਹਨ। ਇਸ ਲਈ ਗੁਰਬਾਣੀ ਦਾ ਫੈਸਲਾ ਅਟਲ ਹੈ।

ਹਰਿ ਜਪਦਿਆ ਖਿਨੁ ਢਿਲ ਨ ਕੀਜਈ ਮੇਰੀ ਜਿੰਦੁੜੀਏ ਮਤੁ ਕਿ ਜਾਪੈ ਸਾਹੁ ਆਵੈ ਕਿ ਨ ਆਵੈ ਰਾਮ॥

ਇਸ ਪ੍ਰਕਾਰ ਜੇਕਰ ਮਨੁੱਖ ਆਪਣੇ ਮੂਲ ਨੂੰ ਪਛਾਣ ਕੇ ਹਰੀ ਪ੍ਰਮਾਤਮਾ ਦੇ ਸਿਮਰਨ ਦੁਆਰਾ ਵਾਹਿਗੁਰੂ ਨੂੰ ਮਿਲਣ ਦਾ ਯਤਨ ਕਰੇਗਾ, ਤਾਂ ਇਸ ਸੰਸਾਰ ਉੱਪਰ ਮਨੁੱਖ ਦਾ ਆਇਆ ਸਫਲ ਹੋ ਸਕਦਾ ਹੈ।


# ਸਫ਼ਲ ਪ੍ਰਬੰਧਕ ਤੇ ਵਿਦਿਅਕ ਮਾਹਰ : ਮਰਹੂਮ ਉਪ ਕੁਲਪਤੀ ਡਾ. ਜੋਗਿੰਦਰ ਸਿੰਘ ਪੁਆਰ

## ਬਰਸੀ 'ਤੇ ਵਿਸ਼ੇਸ਼

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA



ਜੋਗਿੰਦਰ ਸਿੰਘ ਪੁਆਰ ਮਾਹਿਰ ਭਾਸ਼ਾ ਵਿਗਿਆਨੀ ਸੀ। ਉਸ ਦਾ ਪੰਜਾਬੀ ਭਾਸ਼ਾ ਦੇ ਸ਼ਬਦ ਜੋੜਾਂ ਬਾਰੇ ਆਪਣਾ ਸਥਾਪਤ ਕੀਤਾ ਹੋਇਆ ਦ੍ਰਿਸ਼ਟੀਕੋਣ ਸੀ। ਉਸਦੀ ਜ਼ਿੰਦਗੀ ਜੱਦੋ-ਜਹਿਦ ਵਾਲੀ ਸੀ। ਉਪ ਕੁਲਪਤੀ ਬਣਨਾ ਉਸ ਦਾ ਨਿਸ਼ਾਨਾ ਸੀ, ਜਿਸਦੀ ਪ੍ਰਾਪਤੀ ਦਾ ਬਿਖੜਾ ਪੈਂਡਾ ਇਸ ਪ੍ਰਕਾਰ ਸੀ। "ਆਹ ਜਿਹੜਾ ਝੋਲਾ ਜਿਹਾ ਚੁੱਕੀ ਫਿਰਦੈਂ, ਇਸ ਨੇ ਇਨਕਲਾਬ ਨਹੀਂ ਲਿਆਉਣਾ ਜੁਗਿੰਦਰ ਸਿਆਂ। ਇਨਕਲਾਬ ਲਿਆਉਣ ਲਈ ਤੁਹਾਡੇ ਵਰਗੇ ਯੂਨੀਵਰਸਿਟੀਆਂ ਦੇ ਪ੍ਰੋਫ਼ੈਸਰਾਂ, ਕਾਲਜਾਂ ਅਤੇ ਸਕੂਲਾਂ ਦੇ ਅਧਿਆਪਕਾਂ ਨੂੰ ਵਿਦਿਆਰਥੀਆਂ ਨੂੰ ਨਕਲ ਮਾਰ ਕੇ ਪਾਸ ਹੋਣ ਤੋਂ ਰੋਕਣਾ ਪਵੇਗਾ। ਜਿਹੜੇ ਵਿਦਿਆਰਥੀ ਨਕਲ ਮਾਰਕੇ ਪਾਸ ਹੋਣਗੇ, ਉਹ ਦੇਸ਼ ਦਾ ਭਵਿੱਖ ਤਹਿ ਨਹੀਂ ਕਰ ਸਕਦੇ। ਖਾਸ ਤੌਰ 'ਤੇ ਪੰਜਾਬ ਦੇ ਵਿਦਿਆਰਥੀਆਂ ਦਾ ਭਵਿੱਖ ਤੁਹਾਡੇ ਹੱਥ ਵਿਚ ਹੈ ਕਿਉਂਕਿ ਪੰਜਾਬ ਵਿਚ ਹਾਲਾਤ ਸਾਜ਼ਗਾਰ ਨਹੀਂ ਹਨ। ਨੌਜਵਾਨ ਗੁੰਮਰਾਹ ਹੋ ਕੇ ਭੱਟਕੇ ਹੋਏ ਹਨ। ਪੰਜਾਬ ਦੇ ਬੱਚਿਆਂ ਨੂੰ ਸਿੱਧੇ ਰਸਤੇ ਤੁਸੀਂ ਹੀ ਪਾਉਣਾ ਹੈ। ਮਾਪਿਆਂ ਨੂੰ ਸਮਝੌਣਾ ਵੀ ਅਧਿਆਪਕਾਂ ਨੇ ਹੀ ਹੈ, ਨਕਲ ਮਾਰ ਕੇ ਪਾਸ ਹੋਣ ਤੋਂ ਬਾਅਦ ਪੀ.ਸੀ.ਐੱਸ., ਆਈ.ਏ.ਐੱਸ. ਅਤੇ ਆਈ.ਪੀ.ਐੱਸ. ਨਹੀਂ ਬਣ ਸਕਦੇ। ਪੰਜਾਬ ਦਾ ਭਵਿੱਖ ਨੌਜਵਾਨਾਂ 'ਤੇ ਨਿਰਭਰ ਕਰਦਾ ਹੈ।" ਇਹ ਗੱਲਾਂ 1980-81 ਦੀਆਂ ਹਨ, ਜਦੋਂ ਤਤਕਾਲੀ ਮਾਲ ਮੰਤਰੀ ਪੰਜਾਬ ਸ. ਬੇਅੰਤ ਸਿੰਘ ਨੇ ਪਟਿਆਲਾ ਸਰਕਟ ਹਾਊਸ ਵਿਚ ਉਨ੍ਹਾਂ ਨੂੰ ਮਿਲਣ ਲਈ ਆਏ ਡਾ. ਜੋਗਿੰਦਰ ਸਿੰਘ ਪੁਆਰ ਨੂੰ ਕਹੀਆਂ ਸਨ। ਡਾ. ਜੋਗਿੰਦਰ ਸਿੰਘ ਪੁਆਰ ਕਹਿਣ ਲੱਗਿਆ 'ਮੈਂ ਵਿਦਿਅਕ ਇਨਕਲਾਬ ਤਾਂ ਲਿਆਵਾਂਗਾ ਪ੍ਰੰਤੂ ਜਦੋਂ ਤੁਸੀਂ ਪੰਜਾਬ ਦੇ ਮੁੱਖ ਮੰਤਰੀ ਅਤੇ ਮੈਂ ਪੰਜਾਬੀ ਯੂਨੀਵਰਸਿਟੀ ਦਾ ਉਪ ਕੁਲਪਤੀ ਬਣਾਂਗਾ' ਸ. ਬੇਅੰਤ ਸਿੰਘ ਕਹਿਣ ਲੱਗੇ, ਮੈਨੂੰ ਸਾਧਾਰਨ ਕਿਸਾਨ ਨੂੰ ਕਿਸ ਨੇ ਮੁੱਖ ਮੰਤਰੀ ਬਣਾਉਣੈ, ਐਵੇਂ ਖਿਆਲੀ ਪੁਲਾਓ ਨਾ ਬਣਾਓ, "ਨਾ ਮੈਂ ਮੁੱਖ ਮੰਤਰੀ ਬਣਨਾ ਅਤੇ ਨਾ ਹੀ ਜੋਗਿੰਦਰ ਸਿਆਂ ਤੂੰ ਉਪ ਕੁਲਪਤੀ ਬਣਨੈ।" ਡਾ. ਜੋਗਿੰਦਰ ਸਿੰਘ ਪੁਆਰ ਵਾਰ-ਵਾਰ ਕਹਿ ਰਹੇ ਸੀ ਕਿ "ਮੇਰਾ ਮਨ ਕਹਿੰਦਾ ਇੱਕ-ਨਾ-ਇੱਕ ਦਿਨ ਤੁਸੀਂ ਮੁੱਖ ਮੰਤਰੀ ਜ਼ਰੂਰ ਬਣੋਂਗੇ। ਮੈਨੂੰ ਤਾਂ ਉਪ ਕੁਲਪਤੀ ਤੁਸੀਂ ਹੀ ਬਨਾਉਣਾ ਹੈ। ਮੇਰੀਆਂ ਆਸਾਂ 'ਤੇ ਪਾਣੀ ਨਾ ਫੇਰੋ, ਤੁਹਾਡੇ ਤੋਂ ਬਿਨਾ ਹੋਰ ਤਾਂ ਮੈਨੂੰ ਕਿਸੇ ਨੇ ਬਣਾਉਣਾ ਹੀ ਨਹੀਂ"। ਸ. ਬੇਅੰਤ ਸਿੰਘ ਕਹਿਣ ਲੱਗੇ, ਚਲੋ ਛੱਡੋ ਇਨ੍ਹਾਂ ਗੱਲਾਂ ਨੂੰ ਤੁਸੀਂ ਕੰਮ ਦੱਸੋ ਕੀ ਹੈ ? ਡਾ. ਜੋਗਿੰਦਰ ਸਿੰਘ ਪੁਆਰ ਕਹਿੰਦਾ ਮੈਨੂੰ ਕੋਈ ਕੰਮ ਨਹੀਂ, ਮੈਂ ਤਾਂ ਤੁਹਾਨੂੰ ਮਿਲਣ ਹੀ ਆਇਆ ਹਾਂ। ਇਸ ਤੋਂ ਪਹਿਲਾਂ ਮੈਂ ਡਾ. ਪੁਆਰ ਨੂੰ ਜਾਣਦਾ ਨਹੀਂ ਸੀ। ਮੈਂ ਉਨ੍ਹਾਂ ਦੇ ਕੋਲ ਬੈਠਾ ਸੋਚੀ ਜਾ ਰਿਹਾ ਸੀ ਕਿ ਇਹ ਬਾਬੂ ਕੌਣ ਹੋ ਸਕਦੈ, ਜਿਹੜਾ ਐਨੀ ਅਪਣੱਤ ਨਾਲ ਗੱਲਾਂ ਕਰ ਰਿਹਾ ਹੈ, ਉਦੋਂ ਡਾ. ਪੁਆਰ ਕਲੀਨ ਸ਼ੇਵਨ ਹੁੰਦੇ ਸਨ। ਫਰਵਰੀ 1992 ਵਿਚ ਸ. ਬੇਅੰਤ ਸਿੰਘ ਪੰਜਾਬ ਦੇ ਮੁੱਖ ਮੰਤਰੀ ਬਣ ਗਏ। ਥੋੜ੍ਹੇ ਦਿਨਾਂ ਬਾਅਦ ਸ. ਬੇਅੰਤ ਸਿੰਘ ਦਾ ਪੁਰਾਣਾ ਸਾਥੀ ਅਤੇ ਗਰਾਈਂ



ਮਹਿੰਗਾ ਸਿੰਘ ਜਲੰਧਰ ਤੋਂ ਮੁੱਖ ਮੰਤਰੀ ਨੂੰ ਮਿਲਣ ਲਈ ਆਏ, ਤਾਂ ਉਨ੍ਹਾਂ ਦੇ ਨਾਲ ਉਹੀ ਬਾਬੂ ਜਿਹੜਾ ਪਟਿਆਲਾ ਸਰਕਟ ਹਾਊਸ ਵਿਚ ਸ. ਬੇਅੰਤ ਸਿੰਘ ਨੂੰ ਮਿਲਿਆ ਸੀ, ਆਇਆ। ਮੇਰੀਆਂ ਅੱਖਾਂ ਅੱਗੇ ਸਰਕਟ ਹਾਊਸ ਵਾਲਾ ਸੀਨ ਘੁੰਮਣ ਲੱਗ ਪਿਆ। ਮਹਿੰਗਾ ਸਿੰਘ ਨੇ ਕੁੱਝ ਕਾਗਜ਼ ਮੁੱਖ ਮੰਤਰੀ ਨੂੰ ਦੇ ਕੇ ਕਹਿਣ ਲੱਗਾ, ਜੋਗਿੰਦਰ ਸਿੰਘ ਨੂੰ ਵੀ.ਸੀ. ਬਣਾ ਦਿਓ। ਸ. ਬੇਅੰਤ ਸਿੰਘ ਕਾਗਜ਼ ਵੇਖਣ ਲੱਗ ਪਏ, ਪ੍ਰੰਤੂ ਬੋਲੇ ਕੁਝ ਨਹੀਂ ਤੇ ਕਾਗਜ਼ ਮੈਨੂੰ ਪਕੜਾ ਦਿੱਤੇ। ਉਨ੍ਹਾਂ ਦੀ ਚੰਗੀ ਆਓ ਭਗਤ ਕੀਤੀ ਗਈ। ਜਦੋਂ ਉਹ ਦੋਵੇਂ ਚਲੇ ਗਏ, ਤਾਂ ਮੈਂ ਮੁੱਖ ਮੰਤਰੀ ਨੂੰ ਕਿਹਾ, ਇਹ ਤਾਂ ਉਹੀ ਬਾਬੂ ਹੈ, ਜਿਹੜਾ ਪਟਿਆਲਾ ਸਰਕਟ ਹਾਊਸ ਵਿਚ ਤੁਹਾਨੂੰ ਮਿਲਿਆ ਸੀ, ਜਦੋਂ ਤੁਸੀਂ ਦਰਬਾਰਾ ਸਿੰਘ ਦੀ ਸਰਕਾਰ ਵਿਚ ਮਾਲ ਮੰਤਰੀ ਸੀ। ਇਸ ਦੀ ਗੱਲ ਤਾਂ ਸੱਚੀ ਹੋ ਗਈ, ਬੜਾ ਦੂਰ-ਅੰਦੇਸ਼ ਵਿਅਕਤੀ ਲੱਗਦਾ ਹੈ, ਤੁਸੀਂ ਮੁੱਖ ਮੰਤਰੀ ਬਣ ਗਏ। ਫਿਰ ਉਨ੍ਹਾਂ ਮੈਨੂੰ ਦੱਸਿਆ, ਆਜ਼ਾਦੀ ਤੋਂ ਪਹਿਲਾਂ ਜਦੋਂ ਮੇਰੇ ਪਿਤਾ ਕੈਪਟਨ ਹਜ਼ੂਰਾ ਸਿੰਘ ਫ਼ੌਜ ਵਿਚ ਨੌਕਰੀ ਕਰਦੇ ਸਨ, ਅਸੀਂ ਮਿੰਟਗੁਮਰੀ ਜ਼ਿਲ੍ਹੇ ਵਿਚ ਓਕਾੜੇ ਨੇੜੇ 53-ਐੱਲ. (ਵਰਤਮਾਨ ਪਾਕਿਸਤਾਨ) ਵਿਚ ਰਹਿੰਦੇ ਸੀ। ਇਹ ਦੋਵੇਂ ਸਾਡੇ ਪਿੰਡ ਦੇ ਹਨ। ਮਹਿੰਗਾ ਸਿੰਘ ਮੇਰਾ ਦੋਸਤ ਹੈ, ਜੋਗਿੰਦਰ ਸਿੰਘ ਛੋਟਾ ਹੈ, ਜਦੋਂ ਅਸੀਂ ਫੁੱਟਬਾਲ ਖੇਡਦੇ ਸੀ, ਤਾਂ ਜੋਗਿੰਦਰ ਗਰਾਊਂਡ ਤੋਂ ਬਾਹਰੋਂ ਫੁਟਬਾਲ ਚੁੱਕ ਕੇ ਲਿਆਉਂਦਾ ਹੁੰਦਾ ਸੀ। ਇਸ ਨੂੰ ਆਪਾਂ ਉਪ ਕੁਲਪਤੀ ਬਣਾਉਣਾ ਹੈ।

ਡਾ. ਐੱਚ.ਕੇ. ਮਨਮੋਹਨ ਸਿੰਘ ਪੰਜਾਬੀ ਯੂਨੀਵਰਸਿਟੀ ਦੇ ਉਪ ਕੁਲਪਤੀ ਸਨ। ਉਨ੍ਹਾਂ ਦੀ ਉਪ ਕੁਲਪਤੀ ਦੀ ਮਿਆਦ ਖ਼ਤਮ ਹੋ ਗਈ। ਉਨ੍ਹਾਂ ਦੇ ਅਹੁਦੇ ਦੀ ਮਿਆਦ ਟਿਲ ਫਰਦਰ ਆਰਡਰ ਤੱਕ ਵਧਾ ਕੇ ਡਾ. ਜੋਗਿੰਦਰ ਸਿੰਘ ਪੁਆਰ ਨੂੰ ਪ੍ਰੋ. ਵਾਈਸ ਚਾਂਸਲਰ ਲਗਾ ਦਿੱਤਾ ਗਿਆ। ਸ. ਬੇਅੰਤ ਸਿੰਘ ਨੇ ਡਾ. ਪੁਆਰ ਨੂੰ ਕਿਹਾ 'ਹੁਣ ਵਿਦਿਆਰਥੀਆਂ ਦੇ ਨਾਲ ਤੇਰਾ ਇਮਤਿਹਾਨ ਵੀ ਹੈ। ਵੇਖਾਂਗੇ ਤੂੰ ਕਿਹੜਾ ਇਨਕਲਾਬ ਲਿਆਵੇਂਗਾ।' ਉਨ੍ਹਾਂ ਦਿਨਾਂ ਵਿਚ ਯੂਨੀਵਰਸਿਟੀ ਦੇ ਹਾਲਾਤ ਬਹੁਤ ਮਾੜੇ ਸਨ। ਵਿਦਿਆਰਥੀ ਆਪਣੇ ਡੱਬ ਵਿਚ ਪਸਤੌਲ ਰੱਖਦੇ ਸਨ ਤੇ ਇਮਤਿਹਾਨ ਸਮੇਂ ਮੇਜਾਂ 'ਤੇ ਪਸਤੌਲ ਰੱਖ ਕੇ ਨਕਲ ਮਾਰਦੇ ਸਨ। ਇਮਤਿਹਾਨ ਲੈਣ ਵਾਲੇ ਅਧਿਆਪਕ ਡਰੇ ਹੋਏ ਸਨ। ਇਮਤਿਹਾਨ ਨਾਮ ਦੇ ਹੀ ਸਨ। ਕੋਈ ਵੀ ਅਧਿਆਪਕ ਵਿਦਿਆਰਥੀਆਂ ਅੱਗੇ ਕੁਸਕਦਾ ਨਹੀਂ ਸੀ। ਯੂਨੀਵਰਸਿਟੀ ਵਿਚ ਡਰ ਦਾ ਵਾਤਾਵਰਨ ਸੀ। ਡਾ. ਜੋਗਿੰਦਰ ਸਿੰਘ ਪੁਆਰ ਪ੍ਰੋ. ਵਾਈਸ ਚਾਂਸਲਰ ਨੂੰ ਇਮਤਿਹਾਨ ਕਰਵਾਉਣ ਦਾ ਚਾਰਜ ਦਿੱਤਾ ਗਿਆ। ਡਾ. ਜੋਗਿੰਦਰ ਸਿੰਘ ਪੁਆਰ ਨੇ ਥੋੜ੍ਹੇ ਸਮੇਂ ਵਿਚ ਹੀ ਵਿਖਾ ਦਿੱਤਾ ਕਿ ਉਹ ਸਖ਼ਤ ਅਤੇ ਸਫ਼ਲ ਪ੍ਰਬੰਧਕ ਹੈ। ਇਮਤਿਹਾਨਾਂ ਵਿਚ ਨਕਲ ਨੂੰ ਨਕੇਲ ਪਾ ਦਿੱਤੀ। ਅਧਿਆਪਕਾਂ ਨੂੰ ਵੰਗਾਰ ਦਿੱਤਾ ਕਿ ਤੁਸੀਂ ਨਕਲ ਕਿਸੇ ਕੀਮਤ 'ਤੇ ਨਹੀਂ ਮਾਰਨ ਦੇਣੀ, ਤੁਹਾਡੀ ਹਿਫ਼ਾਜ਼ਤ ਦਾ ਮੈਂ ਜ਼ਿੰਮੇਵਾਰ ਹੋਵਾਂਗਾ। ਅਧਿਆਪਕ ਅਤੇ ਵਿਦਿਆਰਥੀ ਯੂਨੀਵਰਸਿਟੀ ਆਉਂਦੇ ਹੀ ਨਹੀਂ ਸਨ, ਜਿਹੜੇ ਆਉਂਦੇ ਸੀ, ਦੁਪਹਿਰ ਨੂੰ ਘਰ ਚਲੇ ਜਾਂਦੇ ਸਨ। ਅਧਿਆਪਕਾਂ ਅਤੇ ਵਿਦਿਆਰਥੀਆਂ ਦੀ ਹਾਜ਼ਰੀ ਜ਼ਰੂਰੀ ਕਰ ਦਿੱਤੀ। ਸਵੇਰੇ ਯੂਨੀਵਰਸਿਟੀ ਦੇ ਗੇਟ ਬੰਦ ਕਰ ਦਿੰਦੇ ਸਨ ਤੇ ਸ਼ਾਮ ਨੂੰ ਪੰਜ ਵਜੇ ਖੋਲ੍ਹਦੇ ਸਨ। ਰਾਜਪਾਲ ਸੁਰਿੰਦਰ ਨਾਥ ਦੀ ਇਕ ਹਵਾਈ ਹਾਦਸੇ ਵਿਚ ਮੌਤ ਹੋ ਗਈ। ਉਸ ਤੋਂ ਬਾਅਦ ਡਾ. ਜੋਗਿੰਦਰ ਸਿੰਘ ਪੁਆਰ ਨੂੰ ਉਪ ਕੁਲਪਤੀ ਬਣਾ ਦਿੱਤਾ ਗਿਆ। ਉਪ ਕੁਲਪਤੀ ਬਣਦਿਆਂ ਹੀ ਡਾ. ਪੁਆਰ ਦੇ ਤੇਵਰ ਬਦਲ ਗਏ। ਉਸ ਦੇ ਦੋਸਤ ਵੀ ਨਾਰਾਜ਼ ਹੋ ਗਏ। ਯੂਨੀਵਰਸਿਟੀ ਦੇ ਅਧਿਆਪਕਾਂ ਦੀ ਧੜੇਬੰਦੀ ਬਹੁਤ ਸੀ। ਅਧਿਆਪਕਾਂ ਦੇ ਕਈ ਧੜੇ ਸਨ। ਖੱਬੇ ਪੱਖੀ ਅਧਿਆਪਕ ਉਸ ਨੂੰ ਆਪਣਾ ਹੀ ਸਮਝਦੇ ਸਨ। ਉਹ ਆਪਣੀ ਮਰਜ਼ੀ ਨਾਲ ਚਲਾਉਣਾ ਚਾਹੁੰਦੇ ਸਨ। ਪ੍ਰੰਤੂ ਹੁਣ ਡਾ. ਪੁਆਰ ਇੱਕ ਧੜੇ ਨਾਲ ਚੱਲ ਨਹੀਂ ਸਕਦੇ ਸਨ। ਇਸ ਦਾ ਨਤੀਜਾ ਇਹ ਹੋਇਆ ਕਿ ਉਸ ਦਾ ਧੜਾ ਵੀ ਦੋ ਗਰੁੱਪਾਂ ਵਿਚ ਵੰਡਿਆ ਗਿਆ। ਡਾ. ਪੁਆਰ ਨੇ ਵਿਦਿਆਰਥੀਆਂ ਅਤੇ ਪ੍ਰੋਫ਼ੈਸਰਾਂ 'ਤੇ ਸ਼ਿਕੰਜਾ ਕੱਸ ਦਿੱਤਾ। ਪ੍ਰੋਫ਼ੈਸਰ ਡਾ. ਪੁਆਰ ਨੂੰ ਥਾਣੇਦਾਰ ਕਹਿਣ ਲੱਗ ਪਏ ਪ੍ਰੰਤੂ ਥਾਣੇਦਾਰ ਨੇ ਯੂਨੀਵਰਸਿਟੀ ਲੀਹ 'ਤੇ ਪਾ ਦਿੱਤੀ। ਜਿਥੇ ਡਾ. ਪੁਆਰ ਵਿਦਿਅਕ ਮਾਹਿਰ ਪ੍ਰਸਿੱਧ ਭਾਸ਼ਾ ਵਿਗਿਆਨੀ ਸਨ, ਉਥੇ ਹੀ ਪ੍ਰਬੰਧਕ ਵੀ ਕਮਾਲ ਦੇ ਸਨ। ਡੰਡੇ ਦੇ ਜ਼ੋਰ ਨਾਲ ਅਨੁਸ਼ਾਸਨ ਬਣਾ ਕੇ ਰੱਖਦੇ ਸਨ। ਅਧਿਆਪਕਾਂ ਦੀਆਂ ਪ੍ਰਾਗਰੈਸ ਰਿਪੋਰਟਾਂ ਲੈਣ ਲੱਗ ਪਏ।

ਡਾ. ਜੋਗਿੰਦਰ ਸਿੰਘ ਪੁਆਰ ਦੇ ਉਪ ਕੁਲਪਤੀ ਬਣਨ ਦੀ ਵੀ ਅਜੀਬ ਕਹਾਣੀ ਹੈ। ਜਦੋਂ ਜੋਗਿੰਦਰ ਸਿੰਘ ਪੁਆਰ ਦੀ ਉਪ ਕੁਲਪਤੀ ਬਣਾਉਣ ਦੀ ਫਾਈਲ ਰਾਜਪਾਲ ਨੂੰ ਭੇਜੀ, ਤਾਂ ਉਦੋਂ ਰਾਜਪਾਲ ਸੁਰਿੰਦਰ ਨਾਥ ਕਹਿਣ ਲੱਗੇ, ਪੁਆਰ ਤਾਂ ਬਹੁਤੇ ਪ੍ਰੋਫ਼ੈਸਰਾਂ ਤੋਂ ਜੂਨੀਅਰ ਹੈ, ਤਿੰਨ ਪ੍ਰੋਫ਼ੈਸਰਾਂ ਦਾ ਪੈਨਲ ਭੇਜੋ। ਅਸਲ ਵਿਚ ਉਹ ਡਾ. ਜਸਵੀਰ ਸਿੰਘ ਆਹਲੂਵਾਲੀਆ ਨੂੰ ਉਪ ਕੁਲਪਤੀ ਬਣਾਉਣਾ ਚਾਹੁੰਦੇ ਸਨ ਕਿਉਂਕਿ ਆਹਲੂਵਾਲੀਆ ਰਾਜ ਭਵਨ ਵਿਚ ਜੁਆਇੰਟ ਸਕੱਤਰ ਸਨ। ਰਾਜਪਾਲ ਪੈਨਲ ਵਿਚੋਂ ਕਿਸੇ ਇੱਕ ਨੂੰ ਉਪ ਕੁਲਪਤੀ ਬਣਾ ਸਕਦੇ ਸਨ। ਡਾ. ਪੁਆਰ ਨੂੰ ਪ੍ਰੋ. ਵਾਈਸ ਚਾਂਸਲਰ ਬਣਨ ਲਈ ਕਿਹਾ ਗਿਆ ਪ੍ਰੰਤੂ ਉਹ ਪੈਰਾਂ 'ਤੇ ਪਾਣੀ ਨਾ ਪੈਣ ਦੇਵੇ, ਕਹੇ ਮੈਂ ਤਾਂ ਜੇ ਬਣਨਾ, ਤਾਂ ਉਪ ਕੁਲਪਤੀ ਹੀ ਬਣਨਾ ਹੈ। ਮੁੱਖ ਮੰਤਰੀ ਮੈਨੂੰ ਕਹਿਣ ਲੱਗੇ, ਜੋਗਿੰਦਰ ਸਿੰਘ ਨੂੰ ਮਨਾਓ ਕਿ ਉਸ ਨੂੰ ਪ੍ਰੋ. ਵਾਈਸ ਚਾਂਸਲਰ ਬਣਾ ਦਿੰਦੇ ਹਾਂ, ਥੋੜ੍ਹੀ ਦੇਰ ਬਾਅਦ ਜਦੋਂ ਉਸ ਦੀ ਸੀਨੀਅਰਿਟੀ ਬਣ ਜਾਵੇਗੀ, ਫਿਰ ਉਪ ਕੁਲਪਤੀ ਬਣਾ ਦੇਵਾਂਗੇ। ਇਸ ਦੇ ਨਾਲ ਹੀ ਉਸ ਨੂੰ ਕਹੋ ਕਿ ਉਹ ਦਸਤਾਰ ਸਜਾਉਣ ਲੱਗ ਜਾਵੇ। ਡਾ. ਪੁਆਰ ਨੂੰ ਬੜਾ ਔਖਾ ਮਨਾਇਆ। ਡਾ. ਜੋਗਿੰਦਰ ਸਿੰਘ ਪੁਆਰ ਦਾ ਪਰਿਵਾਰ ਦੇਸ਼ ਦੀ ਵੰਡ ਸਮੇਂ ਜਲੰਧਰ ਕੋਲ ਲੱਧੇਵਾਲੀ ਪਿੰਡ ਆ ਕੇ ਵਸ ਗਿਆ। ਪੁਆਰ ਨੇ ਸਕੂਲੀ ਪੜ੍ਹਾਈ ਪਿੰਡ ਦੇ ਸਕੂਲ ਤੋਂ ਕੀਤੀ ਅਤੇ ਉੱਚ ਪੜ੍ਹਾਈ ਲਈ ਬਰਤਾਨੀਆ ਚਲਾ ਗਿਆ। ਉਥੇ ਬਹੁਤ ਮਿਹਨਤ ਕੀਤੀ, ਭੱਠੇ 'ਤੇ ਮਜ਼ਦੂਰੀ ਕਰਦਾ ਰਿਹਾ ਅਤੇ ਨਾਲ ਹੀ ਪੜ੍ਹਦਾ ਰਿਹਾ। ਬਰਤਾਨੀਆ ਤੋਂ ਆਪਣੀ ਵਿਰਾਸਤ ਦਾ ਹੇਜ ਉਸ ਨੂੰ ਮੁੜ ਪੰਜਾਬ ਲੈ ਆਇਆ। ਇਥੇ ਆ ਕੇ ਪੀ.ਐੱਚ.ਡੀ. ਭਾਸ਼ਾ ਵਿਗਿਆਨ ਵਿਚ ਕੀਤੀ ਅਤੇ 1972 ਵਿਚ ਪੰਜਾਬੀ ਯੂਨੀਵਰਸਿਟੀ ਵਿਚ ਲੈਕਚਰਾਰ ਲੱਗ ਗਿਆ ਤੇ ਫਿਰ ਰੀਡਰ ਬਣ ਗਿਆ। 1986 ਵਿਚ ਪ੍ਰੋਫ਼ੈਸਰ ਬਣਕੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਚਲਾ ਗਿਆ। 1993 ਵਿਚ ਵਾਈਸ ਚਾਂਸਲਰ ਬਣਕੇ ਪੰਜਾਬੀ ਯੂਨੀਵਰਸਿਟੀ ਵਿਚ ਆ ਗਿਆ। 1996 ਵਿਚ ਉਸ ਦੇ ਅਹੁਦੇ ਦੀ ਮਿਆਦ ਖ਼ਤਮ ਹੋ ਗਈ। ਸ. ਬੇਅੰਤ ਸਿੰਘ ਦੀ ਮੌਤ ਤੋਂ ਬਾਅਦ ਹਰਚਰਨ ਸਿੰਘ ਬਰਾੜ ਮੁੱਖ ਮੰਤਰੀ ਬਣ ਗਏ। ਹਰਕਿਸ਼ਨ ਸਿੰਘ ਸੁਰਜੀਤ ਨੇ ਉਨ੍ਹਾਂ ਨੂੰ ਐਕਸਟੈਨਸ਼ਨ ਦੇਣ ਲਈ ਸਿਫਾਰਸ਼ ਕੀਤੀ। ਹਰਚਰਨ ਸਿੰਘ ਬਰਾੜ ਨੇ ਫਾਈਲ 'ਤੇ ਇਕ ਸਾਲ ਦੀ ਐਕਸਟੈਨਸ਼ਨ ਦੇ ਦਿੱਤੀ ਪ੍ਰੰਤੂ ਡਾ. ਪੁਆਰ ਨੇ ਇਕ ਸਾਲ ਦੀ ਐਕਸਟੈਨਸ਼ਨ ਲੈਣ ਤੋਂ ਇਨਕਾਰ ਕਰ ਦਿੱਤਾ। ਫਿਰ ਦੁਬਾਰਾ ਫਾਈਲ ਮੁੱਖ ਮੰਤਰੀ ਨੇ ਮੰਗਵਾ ਕੇ ਐਕਸਟੈਨਸ਼ਨ ਦਿੱਤੀ। ਉਹ 1999 ਤੱਕ ਪੰਜਾਬੀ ਯੂਨੀਵਰਸਿਟੀ ਦੇ ਉਪ ਕੁਲਪਤੀ ਰਹੇ। ਡਾ. ਜੋਗਿੰਦਰ ਸਿੰਘ ਪੁਆਰ ਦਲੇਰ, ਮਿਹਨਤੀ, ਦ੍ਰਿੜ੍ਹ ਇਰਾਦੇ ਵਾਲੇ ਜ਼ਿੱਦੀ ਕਿਸਮ ਦੇ ਇਨਸਾਨ ਸਨ। ਉਹ ਜੋ ਫ਼ੈਸਲਾ ਕਰ ਲੈਂਦੇ ਕਦੇ ਵੀ ਪਿੱਛੇ ਨਹੀਂ ਹੱਟਦੇ ਸਨ, ਭਾਵੇਂ ਉਸ ਦੇ ਦੋਸਤ-ਮਿੱਤਰ ਵੀ ਨਾਰਾਜ਼ ਹੋ ਜਾਣ। ਫਿਰ ਵੀ ਉਹ ਯਾਰਾਂ ਦੇ ਯਾਰ ਸਨ। ਉਪ ਕੁਲਪਤੀ ਦੇ ਅਹੁਦੇ ਤੋਂ ਸੇਵਾਮੁਕਤ ਹੋਣ ਤੋਂ ਬਾਅਦ ਉਹ ਰੋਜ਼ਾਨਾ ਦੇਸ਼ ਸੇਵਕ ਅਖ਼ਬਾਰ ਚੰਡੀਗੜ੍ਹ ਦੇ ਸੰਪਾਦਕ ਰਹੇ। ਉਨ੍ਹਾਂ ਦਾ ਜਨਮ 12 ਨਵੰਬਰ 1934 ਨੂੰ ਹੋਇਆ। ਡਾ. ਜੋਗਿੰਦਰ ਸਿੰਘ ਪੁਆਰ 87 ਸਾਲ ਦੀ ਉਮਰ ਵਿਚ 14 ਅਕਤੂਬਰ 2020 ਨੂੰ ਸਵਰਗ ਸਿਧਾਰ ਗਏ। ਉਨ੍ਹਾਂ ਦੀ ਪਤਨੀ ਡਾ. ਰਤਨੇਸ਼ ਪੁਆਰ ਅਤੇ ਲੜਕੀ ਮਨਿੰਦਰ ਪੁਆਰ ਪਿੰਡ ਲੱਧੇਵਾਲੀ ਜਲੰਧਰ ਰਹਿ ਰਹੇ ਹਨ।

# 2 ਮਿੰਨੀ ਕਹਾਣੀਆਂ

ਬਲਰਾਜ ਸਿੰਘ ਸਿੱਧੂ ਕਮਾਂਡੈਂਟ.
ਪੰਡੋਰੀ ਸਿੱਧਵਾਂ 95011-00062
ਪੰਜਾਬ ਮੇਲ USA



## ਹੁਣ ਤਾਂ ਸਾਰੇ ਲੈਣ ਈ ਆਉਂਦੇ ਆ।

ਇੰਸਪੈਕਟਰ ਹਰਜੀਤ ਬੁੱਟਰ ਅਤੇ ਸਰਬਜੀਤ ਟੋਕਾ ਦੋਵੇਂ ਪੁਰਾਣੇ ਬੇਲੀ ਸਨ ਤੇ ਤਕਰੀਬਨ ਸਾਰੀ ਨੌਕਰੀ ਐੱਸ.ਐੱਚ.ਉ. ਹੀ ਲੱਗਦੇ ਰਹੇ ਸਨ। ਇਸ ਕਾਰਨ ਦੋਵਾਂ ਨੇ ਵਧੀਆ ਮਾਲ ਕਮਾਇਆ ਸੀ। ਹਮਉਮਰ ਹੋਣ ਕਾਰਨ ਉਨ੍ਹਾਂ ਦੀ ਰਿਟਾਇਰਮੈਂਟ ਵੀ ਕੁਝ ਮਹੀਨਿਆਂ ਦੇ ਫਰਕ ਨਾਲ ਹੀ ਹੋਈ ਸੀ। ਇੱਕ ਦਿਨ ਅੰਮ੍ਰਿਤਸਰ ਹੋਣ ਵਾਲੀ ਮਹੀਨਾਵਾਰ ਰਿਟਾਇਰਡ ਪੁਲਿਸ ਅਫਸਰਾਂ ਦੀ ਮੀਟਿੰਗ ਵਿਚ ਹਿੱਸਾ ਲੈਣ ਲਈ ਆਏ, ਤਾਂ ਦੋਵਾਂ ਦੀ ਮੁਲਾਕਾਤ ਹੋ ਗਈ। ਮੀਟਿੰਗ ਤੋਂ ਬਾਅਦ ਪੁਰਾਣੀਆਂ ਯਾਦਾਂ ਤਾਜ਼ਾ ਕਰਨ ਲਈ ਉਨ੍ਹਾਂ ਨੇ ਸਸਤੀ ਜਿਹੀ ਸ਼ਰਾਬ ਦਾ ਅਧੀਆ ਲਿਆ ਤੇ ਇੱਕ ਅਹਾਤੇ ਵਿਚ ਜਾ ਬੈਠੇ। ਵੈਸੇ ਨੌਕਰੀ ਵੇਲੇ ਉਨ੍ਹਾਂ ਨੇ ਠੇਕੇਦਾਰਾਂ ਦੇ ਸਿਰ 'ਤੇ ਕਦੇ 100 ਪਾਈਪਰ ਤੋਂ ਘੱਟ ਸ਼ਰਾਬ ਨਹੀਂ ਸੀ ਪੀਤੀ। ਅਹਾਤੇ ਵਾਲਿਆਂ ਨੂੰ ਆਰਡਰ ਦੇ ਕੇ ਦੋਵੇਂ ਦੁੱਖ-ਸੁੱਖ ਫੋਲਣ ਲੱਗ ਪਏ। ਸ਼ਰਾਬ ਬੁੱਟਰ ਨੇ ਲਈ ਸੀ, ਜਿਸ ਕਾਰਨ ਅਹਾਤੇ ਦਾ ਬਿੱਲ ਟੋਕੇ ਦਾ ਬਣਦਾ ਸੀ। ਬਿੱਲ ਦੇਣ ਲੱਗਿਆਂ ਟੋਕੇ ਨੇ ਵੱਡਾ ਸਾਰਾ ਹੌਕਾ ਭਰਿਆ। ਬੁੱਟਰ ਨੇ ਚੌਂਕ ਉਸ ਵੱਲ ਵੇਖਿਆ, "ਐਡਾ ਹੌਕਾ ? ਭਰਾਵਾ ਆਮਲੇਟ ਦੇ 250 ਤਾਂ ਬਣੇ ਆ ਸਾਰੇ। ਆਪਾਂ ਕਿਹੜਾ ਮੁਰਗਾ ਖਾਧਾ ਆ।" ਟੋਕੇ ਨੇ ਭੇਤ ਖੋਲ੍ਹਿਆ, "ਯਾਰ ਪੁਰਾਣਾ ਸਮਾਂ ਯਾਦ ਆ ਗਿਆ। ਆਪਾਂ ਰਿਟਾਇਰ ਹੋਗੇ, ਨਈਂ ਇਸ 'ਹਾਤੇ ਵਾਲੇ ਦੀ ਕੀ ਜ਼ੁੱਰਅਤ ਹੋਣੀ ਸੀ ਸਾਥੋਂ ਪੈਸੇ ਮੰਗਣ ਦੀ। ਹੁਣ ਤਾਂ ਭਰਾਵਾ ਜਿਹੜਾ ਆਉਂਦਾ, ਲੈਣ ਈ ਆਉਂਦਾ ਆ, ਦੇਣ ਕੋਈ ਨਈਂ ਆਉਂਦਾ। ਕਦੇ ਕੇਬਲ ਵਾਲਾ, ਕਦੇ ਦੁੱਧ ਵਾਲਾ, ਕਦੇ ਕਰਿਆਨੇ ਵਾਲਾ, ਕਦੇ ਬਿਜਲੀ ਦਾ ਬਿੱਲ, ਇੰਟਰਨੈੱਟ ਦਾ ਬਿੱਲ ਤੇ ਕਦੇ ਮੋਬਾਇਲ ਰੀਚਾਰਜ਼। ਪੈਨਸ਼ਨ ਤਾਂ ਦਸ ਦਿਨ ਨਈਂ ਕੱਢਦੀ।" ਸੁਣ ਕੇ ਬੁੱਟਰ ਦਾ ਵੀ ਮਨ ਖਰਾਬ ਹੋ ਗਿਆ ਤੇ ਦੋਵੇਂ ਆਪੋ ਆਪਣੀਆਂ ਗੱਡੀਆਂ ਵੱਲ ਤੁਰ ਪਏ।



## ਚੋਣਾਂ ਹਰ ਮਹੀਨੇ ਹੋਣੀਆਂ ਚਾਹੀਦੀਆਂ ਹਨ

ਦੋ ਗੈਂਗਸਟਰ ਮੱਗੂ ਗੁਰਦਾਸਪੁਰੀਆ ਤੇ ਸੁੱਖਾ ਸਿਕਸਰ ਆਪਣੇ ਕਿਸੇ ਸਾਥੀ ਦੀ ਮੋਟਰ 'ਤੇ ਬੈਠੇ ਪਿਸਤੌਲ ਸਾਫ ਕਰ ਰਹੇ ਸਨ। ਉਹ ਹੁਣੇ-ਹੁਣੇ ਫਿਰੌਤੀ ਦੇਣ ਤੋਂ ਇਨਕਾਰ ਕਰਨ ਵਾਲੇ ਸੇਠ ਚਿਰੰਜੀ ਲਾਲ ਦੇ ਘਰ 'ਤੇ ਫਾਇਰਿੰਗ ਕਰ ਕੇ ਆਏ ਸਨ। ਪਿਸਤੌਲ ਵਿਚ ਫੁਲਤਰੂ ਫੇਰਦਾ ਹੋਇਆ ਮੱਗੂ ਹੱਸ ਕੇ ਬੋਲਿਆ, "ਸੁੱਖਿਆ, ਮੈਂ ਤਾਂ ਕਹਿੰਨਾਂ ਪੰਜਾਬ ਵਿਚ ਹਰ ਦੋ-ਚਾਰ ਮਹੀਨਿਆਂ ਬਾਅਦ ਕੋਈ ਨਾ ਕੋਈ ਚੋਣ ਹੋਣੀ ਚਾਹੀਦੀ ਐ। ਆਪਣਾ ਚੰਗਾ ਸੂਤਰ ਬਹਿ ਜਾਂਦਾ ਚੋਣਾਂ ਵੇਲੇ।" ਸੁੱਖਾ ਚੌਂਕਿਆ, "ਉਹ ਕਿਵੇਂ ? ਚੋਣਾਂ ਵੇਲੇ ਤਾਂ ਸਗੋਂ ਪੁਲਿਸ ਦੇ ਨਾਕੇ ਤੇ ਚੈਕਿੰਗ ਅੱਗੇ ਨਾਲੋਂ ਜ਼ਿਆਦਾ ਵਧ ਜਾਂਦੀ ਆ ਤੇ ਅਸਲ੍ਹਾ ਤੇ ਹੋਰ ਚਿੱਟਾ ਕਾਲਾ ਮਾਲ ਐਧਰੋਂ ਉਧਰ ਕਰਨਾ ਔਖਾ ਹੋ ਜਾਂਦਾ ਆ। ਚੇਤਾ ਨਈਂ ? ਪਿਛਲੀਆਂ ਚੋਣਾਂ ਵੇਲੇ ਪੁਲਿਸ ਵਾਲਿਆਂ ਨੇ ਆਪਣੀ ਕਾਰ ਘੇਰ ਲਈ ਸੀ, ਮਸਾਂ ਕਮਾਦ ਵਿਚ ਲੁੱਕ ਕੇ ਜਾਨ ਬਚਾਈ ਸੀ।" "ਉਹ ਤਾਂ ਚੱਲ ਆਪਣੇ ਧੰਦੇ ਵਿਚ ਚੱਲਦਾ ਈ ਰਹਿੰਦਾ ਆ। ਅਸਲ ਗੱਲ ਇਹ ਆ ਕਿ ਚੋਣਾਂ ਵੇਲੇ ਪੁਲਿਸ ਦਾ ਸਾਰਾ ਜ਼ੋਰ ਸ਼ਰੀਫ ਲੋਕਾਂ ਦਾ ਅਸਲ੍ਹਾ ਜਮ੍ਹਾਂ ਕਰਨ 'ਤੇ ਲੱਗ ਹੁੰਦਾ ਆ। ਉਹ ਤਾਂ ਇਹ ਵੀ ਨਹੀਂ ਵੇਖਦੇ ਕਿ ਕਿਸੇ ਦੀ ਕੋਈ ਦੁਸ਼ਮਣੀ ਜਾਂ ਕਿਸੇ ਤੋਂ ਖਤਰਾ ਤਾਂ ਨਈਂ ? ਇਹ ਤਾਂ ਆਪਣੇ ਲਟੈਰ (ਰਿਟਾਇਰਡ) ਪੁਲਿਸ ਮੁਲਾਜ਼ਮਾਂ ਦਾ ਅਸਲ੍ਹਾ ਵੀ ਨਈਂ ਬਖਸ਼ਦੇ। ਜੇ ਉਹ ਠਾਣੇ (ਥਾਣੇ) ਜਾਂਦੇ ਆ, ਤਾਂ ਐੱਸ.ਐੱਚ.ਉ. ਅੱਗੋਂ ਇਹ ਕਹਿ ਕੇ ਟਾਲ ਦੇਂਦੇ ਆ ਕਿ ਐੱਸ.ਐੱਸ.ਪੀ. ਨਾਲ ਗੱਲ ਕਰ ਲਉ। ਪਰ ਆਪਣਾ ਅਸਲ੍ਹਾ ਜਮ੍ਹਾਂ ਕਰਾਉਣ ਦੀ ਹਿੰਮਤ ਕਿਸੇ ਟੁੰਡੀ ਲਾਟ ਵਿਚ ਵੀ ਨਈਂ ਹੈਗੀ। ਆਪਾਂ ਨੂੰ ਪੂਰੀ ਖੁੱਲ੍ਹ ਆ ਕਿ ਭਾਵੇਂ ਕਿਸੇ ਨੂੰ ਸਰਪੰਚੀ ਦੇ ਕਾਗਜ਼ ਵਾਪਸ ਕਰਨ ਦੀ ਧਮਕੀ ਦੇ ਦਈਏ, ਫਿਰੌਤੀ ਮੰਗ ਲਈਏ ਤੇ ਨਾ ਦੇਣ 'ਤੇ ਗੱਡੀ ਚਾੜ੍ਹ ਦਈਏ। ਆ ਜਿਹੜੇ ਚਿਰੰਜੀ 'ਤੇ ਆਪਾਂ ਫਾਇਰਿੰਗ ਕਰ ਕੇ ਆਏ ਆਂ ਨਾ, ਇਸ ਦੀ ਰਫਲ ਤੇ ਪਿਸਤੌਲ ਥਾਣੇ ਵਾਲਿਆਂ ਨੇ ਜਮ੍ਹਾ ਕਰਵਾ ਰੱਖਿਆ ਆ। ਵੇਖੀਂ ਦੋ ਦਿਨਾਂ 'ਚ ਈ ਪੈਰੀਂ ਪੈ ਕੇ ਦਸ ਲੱਖ ਦੇ ਕੇ ਜਾਊਗਾ ਨਈਂ ਇਹਦੀ ਧੁਰ ਦੀ ਟਿਕਟ ਪੱਕੀ।" ਦੋਵੇਂ ਉੱਚੀ-ਉੱਚੀ ਹੱਸਣ ਲੱਗ ਪਏ ਤੇ ਕਿਸੇ ਨਵੇਂ ਸ਼ਿਕਾਰ ਨੂੰ ਧਮਕੀ ਭੇਜਣ ਬਾਰੇ ਸੋਚਣ ਲੱਗ ਪਏ।

-ਬਲਰਾਜ ਸਿੰਘ ਸਿੱਧੂ ਏ.ਆਈ.ਜੀ. (ਰਿਟਾ.)
ਪੰਡੋਰੀ ਸਿੱਧਵਾਂ : 95011-00062

# ਪਰਾਲੀ ਦਾ ਮੁੱਦਾ - ਹਵਾ ਪ੍ਰਦੂਸ਼ਣ



ਗੁਰਮੀਤ ਸਿੰਘ ਪਲਾਹੀ
# ਮੋਬਾਈਲ : 98158-02070
ਪੰਜਾਬ ਮੇਲ USA



ਜਦੋਂ ਮੌਸਮ ਬਦਲਦਾ ਹੈ, ਸਰਦੀ ਦਰਵਾਜ਼ਾ ਖੜਕਾਉਂਦੀ ਹੈ, ਪਰਾਲੀ ਦਾ ਮੁੱਦਾ, ਸਿਆਸੀ ਸਫਾਂ ਅਤੇ ਕੋਰਟ-ਕਚਿਹਰੀਆਂ 'ਚ ਵੱਡੀ ਚਰਚਾ ਬਣ ਜਾਂਦਾ ਹੈ। ਪਰਾਲੀ ਜਲਾਉਣ ਦੇ ਮਾਮਲੇ 'ਚ ਹਾਹਾਕਾਰ ਮਚਦੀ ਹੈ। ਦੇਸ਼ ਦੀ ਰਾਜਧਾਨੀ ਦਿੱਲੀ ਦੇ ਹਾਕਮ ਸਾਰਾ ਸਾਲ ਕੁੰਭਕਰਨ ਦੀ ਨੀਂਦ ਸੁੱਤੇ, ਸੁੱਤ-ਉਨੀਂਦੇ ਜਾਗਦੇ ਹਨ, ਫਰਮਾਨ ਜਾਰੀ ਕਰਦੇ ਹਨ, ਕਚਿਹਰੀਆਂ 'ਚ 'ਲੋਕ ਹਿਤੈਸ਼ੀ' ਰਿੱਟਾਂ ਪਾਉਂਦੇ ਹਨ, ਵੱਡੀ ਕਚਿਹਰੀ ਹੁਕਮ ਸਾਦਰ ਕਰਦੀ ਹੈ। ਪਰ ਪਰਨਾਲਾ ਉਥੇ ਦਾ ਉਥੇ ਰਹਿੰਦਾ ਹੈ।

ਬਿਨਾਂ ਸ਼ੱਕ ਪਰਾਲੀ ਪ੍ਰਬੰਧਨ ਵੱਡਾ ਮਸਲਾ ਹੈ। ਬਹੁਤੇ ਕਿਸਾਨ ਅਗਲੀ ਫਸਲ ਦੀ ਤਿਆਰੀ ਲਈ ਇਸ ਦਾ ਸੌਖਾ ਹੱਲ ਇਸ ਨੂੰ ਜਲਾਉਣ 'ਚ ਵੇਖਦੇ ਹਨ। ਇਸ ਨਾਲ ਵੱਡਾ ਨੁਕਸਾਨ ਹੁੰਦਾ ਹੈ। ਪਰਾਲੀ ਜਲਾਉਣ ਨਾਲ ਜ਼ਮੀਨ ਦੀ ਕੁੱਖ 'ਚ ਮੌਜੂਦ ਅਨੇਕਾਂ ਲਾਭਦਾਇਕ ਸੂਖਮ ਜੀਵ-ਜੰਤੂ ਨਸ਼ਟ ਹੋ ਜਾਂਦੇ ਹਨ, ਜੋ ਖੇਤੀ ਉਪਜ ਲਈ ਸਹਾਇਕ ਹਨ। ਇਕ ਅਧਿਐਨ ਦੇ ਅਨੁਸਾਰ ਇਕ ਟਨ ਪਰਾਲੀ ਜਲਾਉਣ 'ਚ ਜ਼ਮੀਨ ਦੀ ਕੁੱਖ ਵਿਚ ਮੌਜੂਦ 5.5 ਕਿਲੋਗ੍ਰਾਮ ਨਾਈਟ੍ਰੋਜਨ 2.3 ਕਿਲੋਗ੍ਰਾਮ ਫਾਸਫੋਰਸ, 25 ਕਿਲੋਗ੍ਰਾਮ ਪੋਟਾਸ਼ੀਅਮ, 1.2 ਕਿਲੋਗ੍ਰਾਮ ਸਲਫਰ ਸਮੇਤ ਹੋਰ ਲਾਭਦਾਇਕ ਪੌਸ਼ਟਿਕ ਤੱਤ ਨਸ਼ਟ ਹੋ ਜਾਂਦੇ ਹਨ। ਅੰਤਰਰਾਸ਼ਟਰੀ ਖਾਧ ਨੀਤੀ ਅਨੁਸੰਧਾਨ ਸੰਸਥਾ ਦੀ ਇਕ ਰਿਪੋਰਟ ਮੁਤਾਬਿਕ ਭਾਰਤ ਦੇ ਵੱਖੋ-ਵੱਖਰੇ ਸੂਬਿਆਂ 'ਚ ਪਰਾਲੀ ਜਲਾਉਣ ਨਾਲ ਲਗਭਗ 2 ਲੱਖ ਕਰੋੜ ਰੁਪਏ ਦਾ ਵਿੱਤੀ ਨੁਕਸਾਨ ਪੁੱਜਦਾ ਹੈ।

ਦੇਸ਼ ਦੀ ਸਭ ਤੋਂ ਵੱਡੀ ਅਦਾਲਤ ਸੁਪਰੀਮ ਕੋਰਟ ਨੇ 24 ਸਤੰਬਰ 2024 ਨੂੰ ਪਰਾਲੀ ਜਲਾਉਣ ਦੇ ਮੁੱਦੇ ਉੱਤੇ ਹਵਾ ਗੁਣਵਤਾ ਪ੍ਰਬੰਧਨ ਕਮਿਸ਼ਨ (ਸੀ.ਏ.ਕਿਊ.ਐੱਮ.) ਤੋਂ ਜਵਾਬ ਤਲਬੀ ਕੀਤੀ ਅਤੇ ਪੁੱਛਿਆ ਕਿ ਪਿਛਲੇ ਹੁਕਮਾਂ ਦੀ ਤਾਮੀਲ ਕਿਉਂ ਨਹੀਂ ਕੀਤੀ ਗਈ ਅਤੇ 15 ਸਤੰਬਰ ਦੇ ਹਫ਼ਤੇ 'ਚ ਹੀ ਪਰਾਲੀ ਜਲਾਉਣ ਦੀਆਂ ਘਟਨਾਵਾਂ 'ਚ ਵਾਧਾ ਕਿਉਂ ਹੋਇਆ। ਸੀ.ਏ.ਕਿਊ.ਐੱਮ. ਐਕਟ ਦੀ ਧਾਰਾ-14 ਅਧੀਨ ਸਤੰਬਰ ਅਧਿਕਾਰੀਆਂ ਕਰਮਚਾਰੀਆਂ ਖਿਲਾਫ਼ ਕਾਰਵਾਈ ਕਿਉਂ ਨਹੀਂ ਕੀਤੀ, ਜੋ ਪਰਾਲੀ ਸਾੜਨ ਦੇ ਮਾਮਲੇ 'ਚ ਜ਼ਿੰਮੇਵਾਰ ਹਨ। ਅਦਾਲਤ ਨੇ ਪੰਜਾਬ-ਹਰਿਆਣਾ ਸਰਕਾਰਾਂ ਨੂੰ ਵੀ ਫਿਟਕਾਰ ਲਗਾਈ ਕਿ ਉਨ੍ਹਾਂ ਨੇ ਕਿਸਾਨਾਂ ਵਿਰੁੱਧ ਪਰਾਲੀ ਜਲਾਉਣ ਦੇ ਅਮਲੇ 'ਚ ਕਠੋਰ ਕਾਰਵਾਈ ਕਿਉਂ ਨਹੀਂ ਕੀਤੀ।

ਅਸਲ ਵਿਚ ਵਰ੍ਹਿਆਂ ਤੋਂ ਸਰਕਾਰਾਂ ਚੁੱਪ ਹਨ। ਕਿਸਾਨਾਂ ਦੇ ਇਸ ਗੰਭੀਰ ਮਸਲੇ ਦਾ ਹੱਲ ਕਰਨ ਤੋਂ ਅਸਮਰਥ ਹਨ। ਜਿਹੜੇ ਨਿੱਕੇ-ਮੋਟੇ ਯਤਨ ਪਰਾਲੀ ਪ੍ਰਬੰਧਨ ਲਈ ਕੀਤੇ ਜਾਂਦੇ ਹਨ, ਉਹ ਸਹੀ ਅਰਥਾਂ 'ਚ 'ਸਰਕਾਰੀ ਸਕੀਮਾਂ' ਵਾਂਗਰ ਕਿਸਾਨਾਂ ਦੇ ਦਰ 'ਤੇ ਨਹੀਂ ਪੁੱਜਦੇ। ਜਦਕਿ ਬਹੁਤ ਸਾਰੀਆਂ ਸਕੀਮਾਂ ਬਣਦੀਆਂ ਹਨ, ਵਿੱਤੀ ਸਾਧਨਾਂ ਦੇ ਘਾਟ ਕਰਕੇ ਉਹ ਸਾਰੀਆਂ ਧਰੀਆਂ ਧਰਾਈਆਂ ਰਹਿ ਜਾਂਦੀਆਂ ਹਨ।

ਪਰਾਲੀ ਜਲਾਉਣ ਨਾਲ ਵਾਤਾਵਰਨ ਵਿਗੜਦਾ ਹੈ। ਪ੍ਰਦੂਸ਼ਿਤ ਹੁੰਦਾ ਹੈ। ਉਸ ਦਾ ਸਿਹਤ ਉੱਤੇ ਅਸਰ ਪੈਂਦਾ ਹੈ, ਸਿਰਫ਼ ਮਨੁੱਖੀ ਸਰੀਰ ਉੱਤੇ ਹੀ ਨਹੀਂ, ਸਗੋਂ ਹੋਰ ਜੀਵ-ਜਾਨਵਰਾਂ ਉੱਤੇ ਵੀ। ਸਰਦੀਆਂ ਦੇ ਸ਼ੁਰੂਆਤੀ ਦਿਨਾਂ 'ਚ ਇਸ ਪ੍ਰਦੂਸ਼ਣ ਵਾਧੇ ਨਾਲ ਸਾਹ ਘੁੱਟਣ ਲੱਗਦਾ ਹੈ। 24 ਸਤੰਬਰ 2024 ਤੱਕ ਦਿੱਲੀ ਖੇਤਰ ਵਿਚ ਹਵਾ ਦਾ ਗੁਣਵਤਾ ਅੰਸ਼ 203 ਦਰਜ ਕੀਤਾ ਗਿਆ। ਅਤੇ ਇਸ ਵਾਧੇ ਦਾ ਕਾਰਨ ਪੰਜਾਬ-ਹਰਿਆਣਾ 'ਚ ਪਰਾਲੀ ਜਲਾਉਣ ਦੇ ਮਾਮਲੇ ਨੂੰ ਮਿਥਿਆ ਜਾ ਰਿਹਾ ਹੈ। ਝੋਨੇ ਦੀ ਕਟਾਈ ਦੇ ਮੁੱਢਲੇ ਦਿਨਾਂ ਵਿਚ ਹੀ ਪੰਜਾਬ ਵਿਚ 23 ਅਤੇ ਹਰਿਆਣਾ ਵਿਚ 70 ਮਾਮਲੇ ਨੋਟਿਸ ਕੀਤੇ ਗਏ।

ਪਰ ਵੇਖਣ ਵਾਲੀ ਗੱਲ ਤਾਂ ਇਹ ਵੀ ਹੈ ਕਿ ਕੀ ਸਿਰਫ਼ ਪਰਾਲੀ ਜਲਾਉਣ ਨਾਲ ਹੀ ਹਵਾ ਪ੍ਰਦੂਸ਼ਨ ਹੁੰਦਾ ਹੈ। ਦਿੱਲੀ, ਹੋਰ ਵੱਡੇ ਸ਼ਹਿਰਾਂ 'ਚ ਚੱਲਦੇ ਵਾਹਨ ਮੋਟਰ, ਗੱਡੀਆਂ, ਟਰੱਕ, ਕਾਰਾਂ, ਇਨ੍ਹਾਂ ਖੇਤਰਾਂ 'ਚ ਲੱਗੀਆਂ ਫੈਕਟਰੀਆਂ ਬੇਇੰਤਹਾ ਬਿਨਾਂ ਰੋਕ-ਟੋਕ ਪ੍ਰਦੂਸ਼ਨ ਪੈਦਾ ਕਰਦੀਆਂ ਹਨ। ਉਨ੍ਹਾਂ ਦੀ ਨਿਗਰਾਨੀ ਕਰਨ ਤੋਂ ਸ਼ਾਸਨ, ਪ੍ਰਸ਼ਾਸਨ, ਸਰਕਾਰੀ ਸੰਸਥਾਵਾਂ ਆਖਿਰ ਚੁੱਪੀ ਕਿਉਂ ਵੱਟੀ ਬੈਠਦੀਆਂ ਹਨ। ਇਨ੍ਹਾਂ ਦਿਨਾਂ 'ਚ ਹੁੰਦੇ ਧਾਰਮਿਕ ਸਮਾਗਮਾਂ ਦੁਸਿਹਰਾ, ਦੀਵਾਲੀ ਤੇ ਹੋਰ ਤਿਉਹਾਰਾਂ 'ਤੇ ਹੁੰਦੀ ਪਟਾਕੇਬਾਜ਼ੀ ਵੱਡੇ ਹਵਾ ਪ੍ਰਦੂਸ਼ਨ ਦਾ ਕਾਰਨ ਬਣਦੀ ਹੈ। ਕੋਇਲਾ ਥਰਮਲ ਪਲਾਂਟ ਹਵਾ ਪ੍ਰਦੂਸ਼ਨ ਦਾ ਕਾਰਨ ਬਣਦੇ ਹਨ।

ਹਵਾ ਪ੍ਰਦੂਸ਼ਨ ਦੇ ਮਾਮਲੇ 'ਤੇ ਇਕ ਜਾਣਕਾਰੀ ਅਨੁਸਾਰ ਹੋਰ ਸ਼ਹਿਰਾਂ ਦੇ ਮੁਕਾਬਲੇ ਦਿੱਲੀ 'ਚ ਹਵਾ ਪ੍ਰਦੂਸ਼ਨ ਦੀ ਵੱਧ ਮਾਰ ਪੈ ਰਹੀ ਹੈ। ਇਸ ਪ੍ਰਦੂਸ਼ਨ ਨਾਲ ਦਿੱਲੀ ਵਾਸੀਆਂ ਦੀ ਉਮਰ 'ਚ ਸਾਢੇ ਛੇ ਸਾਲ ਦੀ ਕਮੀ ਆਈ ਹੈ। ਹਵਾ ਪ੍ਰਦੂਸ਼ਨ ਜਦੋਂ ਕਾਰਬਨ ਮੋਨੋਆਕਸਾਈਡ, ਕਾਰਬਨ ਡਾਈਆਕਸਾਈਡ, ਮੀਥੇਨ, ਹਾਈਡਰੋਕਾਰਬਨ ਜਿਹੀਆਂ ਜ਼ਹਿਰੀਲੀਆਂ ਗੈਸਾਂ ਪੈਦਾ ਕਰਦਾ ਹੈ, ਤਾਂ ਦਮੇ, ਦਿਲ ਅਤੇ ਕੈਂਸਰ ਦੇ ਰੋਗੀਆਂ ਨੂੰ ਵੱਧ ਅਸਰ ਕਰਦਾ ਹੈ ਅਤੇ ਇਹਦਾ ਸ਼ਿਕਾਰ ਬਜ਼ੁਰਗ ਅਤੇ ਬੱਚੇ ਜ਼ਿਆਦਾ ਹੁੰਦੇ ਹਨ।

ਸਾਇੰਸਦਾਨਾਂ ਦਾ ਕਹਿਣਾ ਹੈ ਕਿ ਹਵਾ ਪ੍ਰਦੂਸ਼ਣ ਦੁਨੀਆਂ ਦੀ ਵੱਡੀ ਸਿਹਤ ਮਹਾਂਮਾਰੀ ਹੈ। ਦੁਨੀਆਂ ਦੇ ਸਿਰਫ਼ 7 ਦੇਸ਼ਾਂ ਸਾਫ਼-ਸੁਥਰੀ ਹਵਾ ਵਾਲੇ ਹਨ। ਇਨ੍ਹਾਂ ਦੇਸ਼ਾਂ ਵਿਚ ਨਿਊਜ਼ੀਲੈਂਡ, ਫਿਨਲੈਂਡ ਦੇਸ਼ ਸ਼ਾਮਲ ਹਨ। ਭਾਰਤ ਦੁਨੀਆਂ ਦੇ 134 ਦੇਸ਼ਾਂ ਵਿਚੋਂ ਬੰਗਲਾ ਦੇਸ਼, ਪਾਕਿਸਤਾਨ ਤੋਂ ਬਾਅਦ ਤੀਜੇ ਨੰਬਰ 'ਤੇ ਹਵਾ ਪ੍ਰਦੂਸ਼ਿਤ ਦੇਸ਼ ਹੈ ਅਤੇ ਦੇਸ਼ ਦੀ ਰਾਜਧਾਨੀ ਦਿੱਲੀ ਪ੍ਰਮੁੱਖ 10 ਹਵਾ ਪ੍ਰਦੂਸ਼ਿਤ ਸ਼ਹਿਰਾਂ ਵਿਚ ਪਹਿਲੇ ਨੰਬਰ 'ਤੇ ਹੈ।

ਹਵਾ ਪ੍ਰਦੂਸ਼ਨ ਤਦ ਹੁੰਦਾ ਹੈ, ਜਦੋਂ ਹਾਨੀਕਾਰਕ ਗੈਸਾਂ ਅਤੇ ਧੂੜ ਵਾਤਾਵਰਨ 'ਚ ਵਿਖਰਦੀ ਹੈ। ਇਸ ਦੇ ਸਰੋਤਾਂ 'ਚ ਜੰਗਲਾਂ ਦੀ ਅੱਗ, ਜਵਾਲਾਮੁਖੀ ਵਿਸਫੋਟ, ਆਟੋਮੋਬਾਇਲ, ਬਿਜਲੀ ਉਪਕਰਨਾਂ ਦਾ ਜ਼ਿਆਦਾ ਯੋਗਦਾਨ ਹੈ। ਇਹ ਪ੍ਰਦੂਸ਼ਨ ਮਨੁੱਖੀ ਸਰੀਰ ਅਤੇ ਵਾਤਾਵਰਨ ਉੱਤੇ ਵਿਰੋਧੀ ਅਸਰ ਪਹੁੰਚਾਉਂਦਾ ਹੈ। ਇਕ ਅੰਤਰਰਾਸ਼ਟਰੀ ਖੋਜ ਅਨੁਸਾਰ ਕੀਤੇ 200 ਅਧਿਐਨਾਂ ਅਨੁਸਾਰ ਵਾਹਨਾਂ ਨਾਲ ਸਭ ਤੋਂ ਵੱਧ ਪ੍ਰਦੂਸ਼ਨ ਹੁੰਦਾ ਹੈ, ਜੋ ਸਿਹਤ ਲਈ ਅਤਿਅੰਤ ਖ਼ਤਰਨਾਕ ਹੈ। ਦੁਨੀਆਂ ਭਰ ਵਿਚ ਚਲਦੀਆਂ ਅਰਬਾਂ ਪ੍ਰਦੂਸ਼ਨੀ ਕਾਰਾਂ ਸਿਹਤ ਦੀਆਂ ਵੱਡੀਆਂ ਦੁਸ਼ਮਣ ਹਨ। ਇਸ ਹਵਾ ਪ੍ਰਦੂਸ਼ਨ 'ਚ ਫਸਲਾਂ ਦੀ ਰਹਿੰਦ-ਖੂੰਹਦ, ਪਰਾਲੀ ਆਦਿ ਮੌਸਮੀ ਪੱਧਰ 'ਤੇ ਵੱਡਾ ਅਸਰ ਪਾਉਂਦਾ ਹੈ। ਕਿਉਂਕਿ ਵਾਹਨਾਂ ਆਦਿ ਨੂੰ ਲੋਕਾਂ ਨੇ 'ਪ੍ਰਦੂਸ਼ਨ' ਵਜੋਂ ਮਨੋਂ ਪ੍ਰਵਾਨ ਕੀਤਾ ਹੋਇਆ ਹੈ, ਪਰ ਲੱਗਦੀਆਂ ਅੱਗਾਂ, ਜੋ ਨਾਲੀ, ਪਰਾਲੀ, ਰਹਿੰਦ-ਖੂੰਹਦ ਕਾਰਨ ਦਿਖਦੀਆਂ ਹਨ, ਉਹ ਵੱਡੀ ਚਰਚਾ ਦਾ ਵਿਸ਼ਾ ਬਣਦੀਆਂ ਹਨ।

ਇਸ ਦਾ ਭਾਵ ਇਹ ਨਹੀਂ ਹੈ ਕਿ ਫਸਲੀ ਰਹਿੰਦ-ਖੂੰਹਦ ਨੂੰ ਅੱਗ ਲਾਉਣਾ ਸਹੀ ਹੈ, ਸਗੋਂ ਇਸ ਦਾ ਪ੍ਰਬੰਧਨ ਅਤਿਅੰਤ ਜ਼ਰੂਰੀ ਹੈ, ਤਾਂ ਕਿ ਮਨੁੱਖੀ ਜਾਨ ਨੂੰ ਦਰਪੇਸ਼ ਖ਼ਤਰਿਆਂ 'ਤੇ ਕਾਬੂ ਪਾਇਆ ਜਾਵੇ।

ਸਰਕਾਰ ਨੇ ਪਿਛਲੇ ਵਰ੍ਹਿਆਂ ਤੋਂ ਪਰਾਲੀ ਜਲਾਉਣ ਦੇ ਮਾਮਲੇ ਦੇ ਹੱਲ ਲਈ ਮਾਨਯੋਗ ਸੁਪਰੀਮ ਕੋਰਟ ਦੇ ਹੁਕਮਾਂ ਅਨੁਸਾਰ ਯਤਨ ਕੀਤੇ ਹਨ। ਸਰਕਾਰ ਨੇ ਪਰਾਲੀ ਜਲਾਉਣ ਦੇ ਦੋਸ਼ੀ ਕਿਸਾਨਾਂ ਨੂੰ ਫਸਲ ਤੋਂ ਘੱਟੋ-ਘੱਟ ਕੀਮਤ ਲਾਭ ਨਾ ਦੇਣ ਦਾ ਫੈਸਲਾ ਕੀਤਾ ਹੈ। ਉਂਜ ਵੀ ਪਰਾਲੀ ਜਲਾਉਣ ਦੇ ਕੇਸਾਂ ਨੂੰ ਘੱਟ ਕਰਨ ਲਈ ਸੈਟੇਲਾਈਟ ਨਿਗਰਾਨੀ ਕੀਤੀ ਜਾਂਦੀ ਹੈ। ਇਹ ਵੀ ਤਹਿ ਹੋਇਆ ਕਿ ਸਰਕਾਰ ਪਰਾਲੀ ਨਾ ਜਲਾਉਣ ਵਾਲਿਆਂ ਨੂੰ ਪ੍ਰਤੀ ਏਕੜ ਪੰਜ ਹਜ਼ਾਰ ਰੁਪਏ ਦੀ ਆਰਥਿਕ ਮਦਦ ਦੇਵੇਗੀ। ਪਰ ਇਹ ਸਭ ਕੁਝ ਕਾਰਗਰ ਨਹੀਂ ਹੋ ਰਿਹਾ ਹੈ।

ਪਰਾਲੀ ਜਲਾਉਣ ਦਾ ਹੱਲ ਸਿਰਫ਼ ਸਰਕਾਰ ਹੀ ਨਹੀਂ ਕਰ ਸਕਦੀ। ਇਸ ਵਾਸਤੇ ਨਿੱਠ ਕੇ ਸਾਂਝੇ ਯਤਨਾਂ ਦੀ ਲੋੜ ਹੈ। ਕਿਸਾਨਾਂ ਨੂੰ ਵੀ ਜਾਗਰੂਕ ਹੋਣਾ ਪਵੇਗਾ ਕਿ ਪਰਾਲੀ ਜਲਾਉਣਾ ਉਨ੍ਹਾਂ ਦੀ ਜ਼ਮੀਨ ਲਈ ਹਾਨੀਕਾਰਕ ਹੈ। ਝੋਨੇ ਦੀਆਂ ਸੁਧਰੀਆਂ ਕਿਸਮਾਂ ਜੋ ਪਰਾਲੀ ਘੱਟ ਪੈਦਾ ਕਰਨ, ਲਗਾਉਣ ਦੀ ਜ਼ਰੂਰਤ ਹੋਏਗੀ। ਧਾਨ ਦੀ ਸਿੱਧੀ ਬਿਜਾਈ ਇਸ ਕੰਮ ਲਈ ਸਹਾਈ ਹੋ ਸਕਦੀ ਹੈ। ਪਰਾਲੀ ਦੇ ਬੰਡਲ ਬਣਾ ਕੇ ਇਹ ਥਰਮਲ ਪਲਾਟਾਂ ਵਿਚ ਵਰਤੇ ਜਾ ਸਕਦੇ ਹਨ। ਇਸ ਪਰਾਲੀ ਵਿਚ ਗੋਬਰ ਮਿਲਾ ਕੇ ਖਾਦ ਬਣਾਈ ਜਾ ਸਕਦੀ ਹੈ। ਗੋਬਰ ਗੈਸ ਪਲਾਟਾਂ 'ਚ ਇਸ ਦੀ ਵਰਤੋਂ ਸਹਾਇਕ ਸਿੱਧ ਹੋ ਸਕਦੀ ਹੈ।

ਪਰਾਲੀ ਵਰਗੀ ਰਹਿੰਦ-ਖੂੰਹਦ ਜਲਾਉਣ ਸਬੰਧੀ ਸਿਆਸਤ ਕਰਨ ਦੀ ਥਾਂ, ਹਵਾ ਪ੍ਰਦੂਸ਼ਨ ਦੇ ਮੁੱਖ ਮੁੱਦੇ ਨੂੰ ਸਮਝਣਾ ਹੋਵੇਗਾ। ਕਿੰਨਾ ਚੰਗਾ ਹੋਵੇਗਾ, ਜੇਕਰ ਵਾਹਣਾਂ ਦੀ ਗਿਣਤੀ ਘੱਟ ਕਰਕੇ ਬਾਈ-ਸਾਈਕਲ ਅਪਨਾਇਆ ਜਾਏ, ਪੈਰੀਂ ਤੁਰਿਆ ਜਾਏ।

ਕਰੋਨਾ-ਮਹਾਂਮਾਰੀ ਦੇ ਦਿਨ ਯਾਦ ਕਰਨ ਦੀ ਲੋੜ ਹੈ। ਜਦੋਂ ਸੜਕਾਂ 'ਤੇ ਵਾਹਣ ਨਾ ਦਿਸੇ, ਪ੍ਰਦੂਸ਼ਨ ਮੁਕਤ ਵਾਤਾਵਰਨ ਨੇ ਮਨੁੱਖ ਨੂੰ ਰਾਹਤ ਦਿੱਤੀ। ਮੈਦਾਨੀ ਇਲਾਕਿਆਂ 'ਚ ਪਹਾੜ ਪਰਬਤ ਦਿਸੇ।

ਪ੍ਰਦੂਸ਼ਣ ਰੋਕਣ ਸਬੰਧੀ ਬਣੇ ਕਾਨੂੰਨ ਲਾਗੂ ਕਰਨ ਨਾਲ ਇਸ ਸਮੱਸਿਆ ਉੱਤੇ ਕਾਬੂ ਪਾਉਣਾ ਸੌਖਾ ਹੋਏਗਾ। ਪ੍ਰਦੂਸ਼ਣ ਪੈਦਾ ਕਰਨ ਵਾਲੇ ਕਾਰਖਾਨੇਦਾਰਾਂ ਵਿਰੁੱਧ ਕਾਰਵਾਈ ਦੀ ਲੋੜ ਹੈ। ਖੇਤਾਂ 'ਚ ਕੀਟਨਾਸ਼ਕ ਅਤੇ ਖਾਦਾਂ ਸੀਮਤ ਤੌਰ 'ਤੇ ਵਰਤੀਆਂ ਜਾਣ। ਫਸਲੀ ਰਹਿੰਦ-ਖੂੰਹਦ ਲਈ ਜਿਥੇ 'ਕੰਪੋਸਟ ਬਾਇਓ ਗੈਸ' ਪਲਾਂਟ ਸਹਾਈ ਹੋ ਸਕਦੇ ਹਨ, ਉਥੇ ਪੰਜਾਬ-ਹਰਿਆਣਾ ਅਤੇ ਹੋਰ ਖੇਤੀ ਖੇਤਰਾਂ 'ਚ ਬਾਇਓ ਵੈਸਟ ਡੀਕੰਪੋਜ਼ਰ ਤਿਆਰ ਕੀਤੇ ਜਾਣ ਨਾਲ ਰਹਿੰਦ-ਖੂੰਹਦ ਤੋਂ ਖਾਦ ਤਿਆਰ ਹੋ ਸਕਦੀ ਹੈ, ਜੋ ਖੇਤਾਂ ਦੀ ਉਪਜਾਊ ਸ਼ਕਤੀ ਵਧਾਉਣ ਯੋਗ ਹੁੰਦੀ ਹੈ।

ਪੁਰਾਣੇ ਵਹੀਕਲਾਂ ਉੱਤੇ ਪਾਬੰਦੀ, ਸੋਲਰ ਊਰਜਾ ਅਤੇ ਆਵਾਜਾਈ ਲਈ ਸਾਂਝੇ ਵਹੀਕਲਾਂ, ਬੱਸਾਂ ਆਦਿ ਦੀ ਵਰਤੋਂ ਸਹਾਇਕ ਸਾਬਤ ਹੋਣ ਯੋਗ ਹੈ।

ਸਰਕਾਰ ਸੰਜੀਦਾ ਹੋਵੇ, ਕਿਸਾਨਾਂ ਲਈ ਕਿਸਾਨ ਹਿਤੈਸ਼ੀ ਖੇਤੀ ਨੀਤੀ ਬਣਾਏ, ਫਸਲਾਂ ਦਾ ਯੋਗ ਮੁੱਲ ਦੇਵੇ, ਤਾਂ ਕਿ ਕਿਸਾਨਾਂ ਨੂੰ ਘਾਟੇ ਦੀ ਖੇਤੀ ਤੋਂ ਮੁਕਤੀ ਮਿਲੇ ਤੇ ਉਹ ਫਸਲੀ ਰਹਿੰਦ-ਖੂੰਹਦ ਸੰਭਾਲ ਕੇ ਇਸ ਤੋਂ ਵੀ ਵਿੱਤੀ ਲਾਭ ਪ੍ਰਾਪਤ ਕਰਨ ਦੀ ਸਕੀਮਾਂ ਨੂੰ ਮਨੋਂ ਪ੍ਰਵਾਨ ਕਰਨ।

ਖੁਸ਼ਖਬਰੀ ਖੁਸ਼ਖਬਰੀ ਖੁਸ਼ਖਬਰੀ

Dr. Bindra Clinic
Dental Care & Hair Transplant
COSMETIC - IMPLANT - RESTORATIVE





ਐੱਨ.ਆਰ.ਆਈ. ਵੀਰ ਜਦੋਂ ਵੀ ਪੰਜਾਬ ਆਉਣ ਤਾਂ ਵਾਜ਼ਿਬ ਰੇਟਾਂ 'ਤੇ ਆਪਣੇ ਦੰਦਾਂ ਦਾ ਇਲਾਜ ਅਤੇ ਹੇਅਰ ਟਰਾਂਸਪਲਾਂਟ ਕਰਾਓ।



Dr. Simranpal Singh Bindra
M.D.S, Endodontist

HIG Flat No. 4, Ground Floor, Rajguru Nagar, Ludhiana
+91-95420-00009, 87109-00001
dr.simranpalsingh@yahoo.in



Dr. Samarpan Kaur
B.D.S, M.H.M

Editorial Board

Chief Editor
Gurjatinder Singh Randhawa

Sub Editors
Sandeep Kumar
Amit Saini

Distributor
Jai Singh

Website
Nikhil

Punjab Mail USA
9883 Novara Way,
Elk Grove, CA 95757
Ph: 916-320-9444
Fax : 916-209-8726
Email : punjabmailusa@yahoo.com
web : www.punjabmailusa.com

Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction.
ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

## ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ’ਤੇ

# ਸੋਈ ਰਾਮਦਾਸੁ ਗੁਰੁ ਬਲ੍ਯ੍ਯੁ ਭਣਿ . . .

-ਜਸਵਿੰਦਰ ਸਿੰਘ ਰੁਪਾਲ
98147-15796
ਪੰਜਾਬ ਮੇਲ USA



ਜੇ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਚ ਜਾਈਏ, ਤਾਂ ਧੰਨ ਗੁਰੂ ਰਾਮਦਾਸ! ਧੰਨ ਗੁਰੂ ਰਾਮਦਾਸ! ਦੀ ਮਿੱਠੀ ਧੁਨ ਇਸ ਦੇ ਜ਼ੱਰੇ-ਜ਼ੱਰੇ ਵਿਚੋਂ ਸੁਣਾਈ ਦਿੰਦੀ ਹੈ, ਤਾਂ ਇਸ ਧੁਨ ਦੇ ਪਿੱਛੇ ਨਜ਼ਰ ਆ ਰਹੀ ਸ਼ਰਧਾ, ਪ੍ਰੇਮ, ਸਾਂਝ, ਸ਼ਾਂਤੀ ਅਤੇ ਵਿਸਮਾਦੀ ਅਵਸਥਾ ਤੋਂ ਬਲਿਹਾਰ ਜਾਣ ਵੇਲੇ ਇਸ ਦੈਵੀ ਸ਼ਖਸ਼ੀਅਤ ਅੱਗੇ ਝੁੱਕਦੇ ਹੋਏ ਸਿਰ ਵਿਚ ਗੁਰੂ ਸਾਹਿਬ ਦੇ ਜੀਵਤ ਕਾਲ ਵਿਚ ਕੀਤੇ ਹੋਏ ਪਰਉਪਕਾਰੀ ਕਾਰਜ ਅਤੇ ਉਨ੍ਹਾਂ ਦੀ ਰਸਭਿੰਨੀ ਬਾਣੀ ਨੂੰ ਯਾਦ ਕਰ ਲੈਣਾ ਹਰ ਵਿਅਕਤੀ ਦਾ ਮੁੱਢਲਾ ਫਰਜ਼ ਹੈ। ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ’ਤੇ ਅਸੀਂ ਉਨ੍ਹਾਂ ਦੀਆਂ ਵਡਿਆਈਆਂ ਦਾ ਜ਼ਿਕਰ ਕਰਨ ਦੀ ਨਿਮਾਣੀ ਜਿਹੀ ਕੋਸ਼ਿਸ਼ ਕਰ ਰਹੇ ਹਾਂ।

ਗੁਰੂ ਰਾਮਦਾਸ ਜੀ ਦਾ ਜਨਮ ਪਿਤਾ ਹਰਿਦਾਸ ਜੀ ਦੇ ਘਰ, ਮਾਤਾ ਦਿਆ ਕੌਰ ਜੀ ਦੀ ਕੁੱਖ ਤੋਂ, ਚੂਨਾ ਮੰਡੀ, ਲਾਹੌਰ ਵਿਖੇ 24 ਸਤੰਬਰ 1534 ਈਸਵੀ ਨੂੰ ਹੋਇਆ। ਆਪ ਜੀ ਦੇ ਬਚਪਨ ਦਾ ਨਾਮ ਜੇਠਾ ਸੀ। ਆਪ ਜੀ ਦੀ ਉਮਰ ਅਜੇ 7 ਸਾਲ ਦੀ ਹੀ ਸੀ, ਜਦੋਂ ਪਹਿਲਾਂ ਮਾਤਾ ਜੀ ਅਤੇ ਫਿਰ ਪਿਤਾ ਜੀ ਚੜ੍ਹਾਈ ਕਰ ਗਏ। ਘਰ ਕਾਫੀ ਆਰਥਿਕ ਤੰਗੀ ਸੀ ਅਤੇ ਦਾਦਕਿਆਂ ਨੇ ਇਸ ਯਤੀਮ ਬੱਚੇ ਦੇ ਸਿਰ ’ਤੇ ਹੱਥ ਰੱਖਣ ਦੀ ਥਾਂ ਕਿਨਾਰਾ ਕਰਨਾ ਜ਼ਿਆਦਾ ਠੀਕ ਸਮਝਿਆ। ਆਪ ਜੀ ਦੀ ਨਾਨੀ ਆਪ ਜੀ ਨੂੰ ਪਿੰਡ ਬਾਸਰਕੇ ਲੈ ਆਈ। ਇਸ ਤਰ੍ਹਾਂ ਮੁੱਢਲਾ ਜੀਵਨ ਨਾਨੀ ਦੀ ਛਤਰ-ਛਾਇਆ ਹੇਠ ਬੀਤਿਆ। ਆਪ ਇਸ ਸਮੇਂ ਘੁੰਗਣੀਆਂ ਵੇਚਿਆ ਕਰਦੇ ਸਨ। ਸ਼ੁਰੂ ਤੋਂ ਹੀ ਨਿਮਰਤਾ, ਭੋਲਾਪਣ ਅਤੇ ਉਪਕਾਰੀ ਸੁਭਾਅ ਸੀ। ਕਦੇ ਕੋਈ ਲੋੜਵੰਦ ਸਾਧੂ ਆਦਿ ਮਿਲ ਜਾਂਦਾ, ਉਸ ਨੂੰ ਘੁੰਗਣੀਆਂ ਮੁਫ਼ਤ ਹੀ ਦੇ ਆਉਂਦੇ। ਅਗਲੇ 5 ਸਾਲ ਨਾਨੀ ਕੋਲ ਹੀ ਬਿਤਾਏ।

ਗੁਰੂ ਅੰਗਦ ਦੇਵ ਜੀ ਦੇ ਹੁਕਮ ਅਤੇ ਭਾਈ ਗੋਂਦੇ ਦੀ ਬੇਨਤੀ ’ਤੇ ਗੁਰੂ ਅਮਰਦਾਸ ਜੀ ਨੇ 1546 ਈਸਵੀ ਵਿਚ ਗੋਇੰਦਵਾਲ ਨਗਰ ਦੀ ਸਥਾਪਨਾ ਕੀਤੀ। ਬਾਸਰਕੇ ਪਿੰਡ ਦੇ ਵੀ ਕਾਫੀ ਸਾਰੇ ਲੋਕ ਇਸ ਨਗਰ ਵਿਚ ਰਹਿਣ ਲਈ ਆ ਗਏ। ਭਾਈ ਜੇਠਾ ਜੀ ਵੀ ਆਪਣੀ ਨਾਨੀ ਨਾਲ ਇੱਥੇ ਆ ਕੇ ਵੱਸ ਗਏ ਅਤੇ ਗੁਰੂ ਅਮਰਦਾਸ ਜੀ ਦੀ ਸੰਗਤ ਵਿਚ ਸੇਵਾ ਅਤੇ ਸਿਮਰਨ ਨੂੰ ਆਪਣੇ ਜੀਵਨ ਦਾ ਆਧਾਰ ਬਣਾਉਣ ਲੱਗੇ। ਇਕ ਦਿਨ ਗੁਰੂ ਅਮਰਦਾਸ ਜੀ ਨਾਲ ਬੀਬੀ ਭਾਨੀ ਲਈ ਵਰ ਲੱਭਣ ਦੀ ਗੱਲ ਕਰਦੇ ਹੋਏ ਮਾਤਾ ਮਾਨਸਾ ਦੇਵੀ ਨੇ ਜਦੋਂ ਸੇਵਾ ਕਰਦੇ ਹੋਏ ਭਾਈ ਜੇਠਾ ਜੀ ਵੱਲ ਇਸ਼ਾਰਾ ਕਰਕੇ ਕਿਹਾ ਕਿ ਇਸ ਤਰ੍ਹਾਂ ਦਾ ਜਵਾਨ ਹੋਵੇ। ਗੁਰੂ ਅਮਰਦਾਸ ਜੀ ਨੇ ਮੁਸਕਰਾਉਂਦਿਆਂ ਕਿਹਾ ਕਿ ਇਸ ਵਰਗਾ ਤਾਂ ਇਹ ਆਪ ਹੀ ਹੈ ਅਤੇ ਇਸ ਤਰ੍ਹਾਂ ਭਾਈ ਜੇਠਾ ਜੀ ਨਾਲ ਰਿਸ਼ਤਾ ਪੱਕਾ ਕਰ ਦਿੱਤਾ ਅਤੇ ਫਰਵਰੀ 1553 ਈਸਵੀ ਨੂੰ ਬੀਬੀ ਭਾਨੀ ਅਤੇ ਭਾਈ ਜੇਠਾ ਜੀ ਦਾ ਵਿਆਹ ਹੋ ਗਿਆ। ਇਸ ਸੰਜੋਗ ਤੋਂ ਪ੍ਰਿਥੀਚੰਦ, ਮਹਾਂਦੇਵ ਅਤੇ ਅਰਜਨ ਨਾਂ ਦੇ ਤਿੰਨ ਪੁੱਤਰ ਹੋਏ।

ਜਦੋਂ ਗੁਰੂ ਅਮਰਦਾਸ ਜੀ ਗੋਇੰਦਵਾਲ ਸਾਹਿਬ ਬਾਉਲੀ ਬਣਵਾ ਰਹੇ ਸਨ, ਤਾਂ ਉਹ ਭਾਈ ਜੇਠੇ ਦੀ ਸੇਵਾ ਤੋਂ ਬਹੁਤ ਪ੍ਰਭਾਵਿਤ ਹੋਏ। ਭਾਈ ਜੇਠਾ ਜੀ ਨੂੰ ਸ਼ਰੀਕ ਮਿਹਣੇ ਮਾਰਦੇ ਸਨ ਕਿ ਜੁਆਈ ਹੋ ਕੇ ਸਹੁਰਿਆਂ ਦੀ ਚਾਕਰੀ ਕਰਦਾ ਹੈਂ, ਪਰ ਜੇਠਾ ਜੀ ਅਜਿਹੇ ਬੋਲਾਂ ਤੋਂ ਬਿਲਕੁਲ ਵੀ ਪ੍ਰਭਾਵਿਤ ਨਹੀਂ ਹੋਏ ਅਤੇ ਪੂਰੀ ਨਿਮਰਤਾ ਨਾਲ ਸੇਵਾ ਜਾਰੀ ਰੱਖੀ। ਪੁਰਾਤਨ ਇਤਿਹਾਸਕ ਸਰੋਤਾਂ ਵਿਚ ਗੁਰੂ ਅਮਰਦਾਸ ਜੀ ਵਲੋਂ ਆਪ ਜੀ ਦੀ ਪ੍ਰੀਖਿਆ ਲਏ ਜਾਣ ਦਾ ਵੇਰਵਾ ਵੀ ਹੈ, ਜਿਸ ਅਨੁਸਾਰ ਗੁਰੂ ਜੀ ਬਾਉਲੀ ਦੀ ਸੇਵਾ ਦੀ ਨਿਗਰਾਨੀ ਕਰਨ ਲਈ ਬੈਠਣ ਵਾਸਤੇ ਥੜ੍ਹਾ ਬਨਵਾਉਣਾ ਚਾਹੁੰਦੇ ਸਨ। ਰਾਮਾ ਜੀ ਅਤੇ ਜੇਠਾ ਜੀ ਰੋਜ਼ ਥੜ੍ਹੇ ਬਣਾਉਂਦੇ, ਪਰ ਗੁਰੂ ਅਮਰਦਾਸ ਜੀ ਨਾਪਸੰਦ ਕਰ ਕੇ ਢਾਹੁਣ ਦਾ ਹੁਕਮ ਦੇ ਦਿੰਦੇ। ਰਾਮਾ ਜੀ ਛੇਤੀ ਹੀ ਹੌਂਸਲਾ ਛੱਡ ਗਏ, ਪਰ ਜੇਠਾ ਜੀ ਆਖਦੇ ਸਨ, “ਪਾਤਸ਼ਾਹ ਮੁਆਫ ਕਰਨਾ। ਮੈਂ ਅਨਜਾਣ ਹਾਂ। ਤੁਸੀਂ ਦੱਸਦੇ ਵੀ ਹੋ, ਪਰ ਮੈਨੂੰ ਹੀ ਠੀਕ ਸਮਝ ਨਹੀਂ ਆ ਰਹੀ। ਕਿਹਾ ਜਾਂਦਾ ਹੈ ਕਿ ਗੁਰੂ ਅਮਰਦਾਸ ਜੀ ਨੇ 70 ਵਾਰ ਥੜ੍ਹਾ ਬਣਵਾਇਆ ਸੀ। ਕੁਝ ਲੇਖਕ



ਇਸ ਘਟਨਾ ਨੂੰ ਗੁਰਗੱਦੀ ਦੇਣ ਦਾ ਮਾਪਦੰਡ ਮੰਨਦੇ ਹਨ। ਪਰ ਸਾਡੇ ਨਿੱਜੀ ਵਿਚਾਰ ਵਿਚ ਇਕੱਲੀ ਸੇਵਾ ਹੀ ਗੁਰਗੱਦੀ ਦਾ ਮਾਪਦੰਡ ਨਹੀਂ ਸੀ। ਭਾਈ ਜੇਠਾ ਜੀ ਦੀ ਗੁਰਮਤਿ ਸਿਧਾਂਤ ਦੀ ਵਾਕਫ਼ੀ ਅਤੇ ਪ੍ਰਪੱਕਤਾ, ਸ਼ਬਦ ਗੁਰੂ ਦਾ ਗਿਆਨ ਆਦਿ ਹੋਰ ਬਹੁਤ ਸਾਰੇ ਪੱਖ ਮਿਲ ਕੇ ਗੁਰਗੱਦੀ ਦਾ ਆਧਾਰ ਬਣਦੇ ਹਨ।

ਪੁਰਾਤਨ ਸਰੋਤਾਂ ਵਿਚ ਹੀ ਇਹ ਸਾਖੀ ਵੀ ਆਉਂਦੀ ਹੈ ਕਿ ਇਕ ਵਾਰ ਬੀਬੀ ਭਾਨੀ ਨੇ ਗੁਰੂ ਅਮਰਦਾਸ ਜੀ ਤੋਂ ਇਹ ਵਰ ਲਿਆ ਸੀ ਕਿ ਗੁਰਗੱਦੀ ਘਰ ਵਿਚ ਹੀ ਰਹਿਣੀ ਚਾਹੀਦੀ ਹੈ। ਪਰ ਪਹਿਲੀ ਗੱਲ ਕਿ ਗੁਰਮਤਿ ਵਰ ਅਤੇ ਸਰਾਪ ਨੂੰ ਨਹੀਂ ਮੰਨਦੀ। ਦੂਸਰੀ ਗੱਲ ਜੇ ਗੁਰਗੱਦੀ ਉਪਰੋਕਤ ਵਰ ਕਾਰਨ ਹੀ ਦਿੱਤੀ ਗਈ ਸੀ, ਫੇਰ ਥੜ੍ਹਾ ਬਣਵਾਉਣ ਦੀ ਪ੍ਰੀਖਿਆ ਕਿਉਂ ਲਈ ਗਈ? ਗੁਰਮਤਿ ਨੂੰ ਗਲਤ ਧਾਰਨਾਵਾਂ ਤੋਂ ਆਜ਼ਾਦ ਕਰਾਉਣਾ ਅਜੋਕੇ ਸਮੇਂ ਦੀ ਮੁੱਖ ਲੋੜ ਹੈ, ਜਿਸ ਖਾਤਰ ਸਾਨੂੰ ਅੰਨ੍ਹੀ ਸ਼ਰਧਾ ਤੋਂ ਦੂਰ ਰਹਿ ਕੇ, ਗੁਰਬਾਣੀ ਚਿੰਤਨ ਅਨੁਸਾਰ ਫ਼ੈਸਲੇ ਕਰਨ ਲਈ ਵਡੇਰੇ ਹੌਂਸਲੇ ਦੀ ਲੋੜ ਹੈ।

ਗੁਰੂ ਅਮਰਦਾਸ ਜੀ ਨੇ ਹਰ ਪਾਸਿਓਂ ਯੋਗ ਜਾਣ ਕੇ 1 ਸਤੰਬਰ 1574 ਈਸਵੀ ਨੂੰ ਗੁਰਮਤਿ ਸਿਧਾਂਤ ਦੇ ਪ੍ਰਚਾਰ ਦੀ ਵੱਡੀ ਜ਼ਿੰਮੇਵਾਰੀ ਭਾਈ ਜੇਠਾ ਜੀ ਨੂੰ ਸੌਂਪ ਦਿੱਤੀ ਅਤੇ ਇਸ ਦਿਨ ਤੋਂ ਉਹ ਗੁਰੂ ਰਾਮ ਦਾਸ ਜੀ ਕਹਿਲਾਏ। ਇਸ ਸਮੇਂ ਉਨ੍ਹਾਂ ਦੀ ਉਮਰ ਲਗਭਗ 40 ਸਾਲ ਦੇ ਕਰੀਬ ਸੀ।

ਪਿੰਡ ਤੁੰਗ ਦੇ ਜ਼ਿੰਮੀਦਾਰਾਂ ਤੋਂ 700 ਅਕਬਰੀ ਰੁਪਏ ਦੇ ਕੇ 500 ਵਿੱਘੇ ਜ਼ਮੀਨ ਖਰੀਦੀ ਗਈ ਅਤੇ ਮੌਜੂਦਾ ਅੰਮ੍ਰਿਤਸਰ ਸ਼ਹਿਰ ਦੀ ਸਥਾਪਨਾ ਕੀਤੀ ਗਈ। ਇਸ ਦਾ ਪਹਿਲਾ ਨਾਮ ਚੱਕ ਰਾਮਦਾਸ ਸੀ, ਜੋ ਬਦਲ ਕੇ ਰਾਮਦਾਸਪੁਰ ਬਣਿਆ ਅਤੇ ਅੰਤ ਵਿਚ ਅੰਮ੍ਰਿਤਸਰ ਕਹਾਇਆ। ਗੁਰੂ ਜੀ ਨੇ ਵੱਖ-ਵੱਖ 52 ਕਿੱਤਿਆਂ ਦੇ ਵਪਾਰੀ ਇੱਥੇ ਲਿਆ ਕੇ ਵਸਾਏ। ਪਵਿੱਤਰ ਸਰੋਵਰ ਦੀ ਖੁਦਾਈ ਵੀ 1577 ਈਸਵੀ ਵਿਚ ਆਰੰਭ ਹੋ ਗਈ ਸੀ।

**ਗੁਰਬਾਣੀ ਦੀ ਰਚਨਾ** :- ਗੁਰੂ ਰਾਮਦਾਸ ਜੀ ਰਚਿਤ ਸਾਰੀ ਦੀ ਸਾਰੀ ਬਾਣੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹੈ। ਇਸ ਵਿਚ 56 ਦੁਪਦੇ, 2 ਪੰਚਪਦੇ, 2 ਛੇ ਪਦੇ, 12 ਪੜਤਾਲ, 38 ਛੰਦ- ਛੰਦਾਂ ਨਾਲ ਸੰਬੰਧਿਤ ਸਲੋਕ, ਇਕ ਪਹਿਰਾ, ਇਕ ਵਣਜਾਰਾ, 2 ਕਰਹਲੈ, 2 ਘੋੜੀਆਂ, 2 ਸੋਲਹੇ, 30 ਸਲੋਕ ਵਾਰਾਂ ਤੇ ਵਧੀਕ ਵਿਚ, 105 ਵਾਰਾਂ ਨਾਲ ਸੰਬੰਧਿਤ ਸਲੋਕ। ਗੁਰੂ ਰਾਮਦਾਸ ਜੀ ਦੀਆਂ ਮੁੱਖ ਬਾਣੀਆਂ ਇਹ ਹਨ- ਵਾਰਾਂ, ਘੋੜੀਆਂ, ਲਾਵਾਂ, ਕਰਹਲੇ, ਮਾਰੂ ਸੋਲਹੇ, ਵਣਜਾਰਾ, ਛਕੇ ਛੰਤ।

**ਗੁਰੂ ਰਾਮਦਾਸ ਜੀ ਦੇ ਵਿਸ਼ੇਸ਼ ਗੁਣ**:-

1. **ਨਿਮਰਤਾ** :- ਗੁਰੂ ਸਾਹਿਬ ਜੀ ਵਿਚ ਅਤਿ ਦੀ ਨਿਮਰਤਾ ਸੀ। ਇਹ ਉਨ੍ਹਾਂ ਦੇ ਜੀਵਨ ਵਿਚੋਂ ਵੀ ਅਤੇ ਉਨ੍ਹਾਂ ਦੀ ਬਾਣੀ ਵਿਚੋਂ ਵੀ ਪ੍ਰਤੱਖ ਦਿਖਾਈ ਦਿੰਦੀ ਹੈ। ਜਦੋਂ ਬਾਬਾ ਨਾਨਕ ਜੀ ਦੇ ਪੁੱਤਰ ਸ੍ਰੀ ਚੰਦ ਜੀ ਨੇ ਆਪ ਜੀ ਦੀ ਦਾੜ੍ਹੀ ਵੱਲ ਇਸ਼ਾਰਾ ਕਰਦੇ ਪੁੱਛਿਆ ਕਿ ਐਡਾ ਲੰਮਾ ਦਾਹੜਾ ਕਿਉਂ ਵਧਾਇਆ ਹੈ? ਤਾਂ ਗੁਰੂ ਰਾਮਦਾਸ ਜੀ ਨੇ ਗੁੱਸਾ ਕਰਨ ਦੀ ਥਾਂ ਪੂਰੀ ਆਜਜ਼ੀ ਅਤੇ ਨਿਮਰਤਾ ਨਾਲ ਕਿਹਾ, ਆਪ ਵਰਗੇ ਮਹਾਂਪੁਰਸ਼ਾਂ ਦੇ ਚਰਨ ਝਾੜ੍ਹਨ ਲਈ। ਇਹ ਉਨ੍ਹਾਂ ਅੰਦਰਲੀ ਨਿਮਰਤਾ ਦਾ ਸਬੂਤ ਸੀ।

ਜਦੋਂ ਪ੍ਰਿਥੀ ਚੰਦ ਆਪ ਜੀ ਨਾਲ ਤਕਰਾਰ ਕਰਨ ਲੱਗਿਆ, ਕਿ ਗੁਰਗੱਦੀ ਮੈਨੂੰ ਮਿਲਣੀ ਚਾਹੀਦੀ ਸੀ, ਤਾਂ ਵੀ ਗੁਰੂ ਸਾਹਿਬ ਨੇ ਬਹੁਤ ਹੀ ਪਿਆਰ ਨਾਲ ਉਸਨੂੰ ਸਮਝਾਇਆ ਅਤੇ ਕਿਹਾ..

ਕਾਹੇ ਪੂਤ ਝਗਰਤ ਹਉ ਸੰਗਿ ਬਾਪ॥
ਜਿਨ ਕੇ ਜਣੇ ਬਡੀਰੇ ਤੁਮ ਹਉ ਤਿਨ ਸਿਉ ਝਗਰਤ ਪਾਪ॥.... (ਪੰਨਾ 1200, ਸਾਰਗ ਮਹਲਾ 4 ਘਰੁ 3 ਦੁਪਦਾ)

2. **ਪ੍ਰਬੰਧਕੀ ਗੁਣ** :- ਆਪ ਜੀ ਜਿੱਥੇ ਅੰਮ੍ਰਿਤਸਰ ਸ਼ਹਿਰ ਅਤੇ ਪਵਿੱਤਰ ਸਰੋਵਰ ਦੀ ਖੁਦਾਈ ਦਾ ਕੰਮ ਆਪਣੀ ਦੇਖ-ਰੇਖ ਹੇਠ ਕਰਵਾ ਰਹੇ ਸਨ, ਉੱਥੇ ਨਾਲ ਦੀ ਨਾਲ ਇਨ੍ਹਾਂ ਉਸਾਰੀ ਦੇ ਕਾਰਜਾਂ ਲਈ ਅਤੇ ਲੰਗਰ ਆਦਿ ਲਈ ਵਧੇਰੇ ਮਾਇਆ ਦੀ ਲੋੜ ਮਹਿਸੂਸ ਕੀਤੀ। ਗੁਰੂ ਅਮਰਦਾਸ ਜੀ ਵੱਲੋਂ ਚਲਾਈਆਂ ਗਈਆਂ ਮੰਜੀਆਂ ਅਤੇ ਪੀੜ੍ਹੀਆਂ ਦੇ ਸੰਚਾਲਕ ਆਪੋ-ਆਪਣੇ ਪ੍ਰਚਾਰ ਖੇਤਰ ਵਿਚ ਰੁੱਝੇ ਹੋਣ ਕਰਕੇ ਮਾਇਆ ਪਹੁੰਚਾਉਣ ’ਚ ਲੇਟ ਹੋ ਜਾਂਦੇ ਸਨ। ਗੁਰੂ ਰਾਮਦਾਸ ਜੀ ਨੇ ਮਸੰਦ ਪ੍ਰਥਾ ਚਲਾਈ, ਜਿਸ ਰਾਹੀਂ ਵੱਖੋ-ਵੱਖਰੇ ਖੇਤਰ ਵਿਚ ਥਾਪੇ ਗਏ ਮਸੰਦਾਂ ਨੇ ਆਪੋ-ਆਪਣੇ ਇਲਾਕੇ ਦੇ ਗੁਰਸਿੱਖਾਂ ਦੇ ਦਸਵੰਧ ਦੀ ਰਕਮ ਗੁਰੂ ਘਰ ਪਹੁੰਚਾਉਣੀ ਹੁੰਦੀ ਸੀ। ਸ਼ੁਰੂ ਵਿਚ ਇਹ ਪ੍ਰਥਾ ਬਹੁਤ ਵਧੀਆ ਰਹੀ ਪਰ ਦੇਰ ਬਾਅਦ ਮਸੰਦਾਂ ਦੇ ਕਿਰਦਾਰ ਵਿਚ ਗਿਰਾਵਟ ਆਉਂਦੀ ਗਈ।

3. **ਸਮਾਜ ਸੁਧਾਰ ਦੇ ਕਾਰਜ**:- ਗੁਰੂ ਸਾਹਿਬ ਨੇ ਸਮਾਜ ਅੰਦਰ ਫੈਲੀਆਂ ਕੁਰੀਤੀਆਂ ਨੂੰ ਨਾ ਸਿਰਫ ਮਹਿਸੂਸ ਹੀ ਕੀਤਾ, ਸਗੋਂ ਉਨ੍ਹਾਂ ਵਿਰੁੱਧ ਆਵਾਜ਼ ਵੀ ਉਠਾਈ ਅਤੇ ਉਨ੍ਹਾਂ ਨੂੰ ਦੂਰ ਕਰਨ ਵਿਚ ਆਪਣਾ ਬਣਦਾ ਯੋਗਦਾਨ ਵੀ ਪਾਇਆ। ਸਤੀ ਪ੍ਰਥਾ ਦਾ ਵਿਰੋਧ, ਵਿਧਵਾ ਵਿਆਹ ਨੂੰ ਪ੍ਰੋਤਸ਼ਾਹਨ ਆਦਿ ਕਾਰਜ ਵੀ ਕਰਦੇ ਰਹੇ।

4. **ਸਿੱਖ ਜੀਵਨ ਜਾਚ** :- ਅਜੋਕੇ ਸਮੇਂ ਜਿਸ ਨੂੰ ਸਿੱਖ ਰਹਿਤ ਮਰਿਯਾਦਾ ਕਹਿ ਦਿੰਦੇ ਹਾਂ, ਇਸ ਦਾ ਮੁੱਢ ਗੁਰੂ ਰਾਮਦਾਸ ਜੀ ਨੇ ਬੱਝਾ। ਇਕ ਸਿੱਖ ਦੀ ਰਹਿਣੀ ਕਿਸ ਤਰ੍ਹਾਂ ਦੀ ਹੋਵੇ, ਪੂਰੇ ਵਿਸਥਾਰ ਵਿਚ ਬਿਆਨ ਕੀਤਾ। ਅੰਮ੍ਰਿਤ ਵੇਲੇ ਉਠ ਕੇ ਪ੍ਰਭੂ ਦਾ ਨਾਮ ਜਪਣਾ, ਗੁਰਬਾਣੀ ਅਧਿਐਨ ਕਰਨਾ, ਧਰਮ ਦੀ ਕਿਰਤ ਕਰਨੀ ਆਦਿ ਰਹਿਤ ਦੱਸੀ।

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠ ਹਰਿ ਨਾਮੁ ਧਿਆਵੈ॥
ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥... (ਪੰਨਾ 305, ਮ :4)

ਆਪ ਜੀ ਨੇ ਸੂਹੀ ਰਾਗੁ ਵਿਚ ਲਾਵਾਂ ਦੀ ਬਾਣੀ ਉਚਾਰਨ ਕਰਕੇ ਗ੍ਰਹਿਸਥੀ ਜੀਵਨ ਦੇ ਪਤੀ ਪਤਨੀ ਦੇ ਮਿਲਾਪ ਅਤੇ ਪਿਆਰ ਦੇ ਪ੍ਰਤੀਕ ਵਰਤ ਕੇ ਅਕਾਲ ਪੁਰਖ ਨਾਲ ਮਿਲਾਪ ਦੀਆਂ ਚਾਰ ਅਵਸਥਾਵਾਂ ਦਾ ਬਿਆਨ ਕੀਤਾ।

5. **ਦ੍ਰਿੜ੍ਹਤਾ** :- ਅਕਬਰ ਦੇ ਦਰਬਾਰ ਵਿਚ ਜਾਤ ਅਭਿਮਾਨੀਆਂ ਦੁਆਰਾ ਸ਼ਿਕਾਇਤ ਕੀਤੀ ਗਈ ਕਿ ਗੁਰੂ ਘਰ ’ਚ ਪੰਡਤਾਂ ਦਾ ਸਤਿਕਾਰ ਨਹੀਂ ਕੀਤਾ ਜਾਂਦਾ ਅਤੇ ਨੀਵੀਂ ਜਾਤ ਵਾਲਿਆਂ ਤੋਂ ਪਰਹੇਜ਼ ਨਹੀਂ ਕੀਤਾ ਜਾਂਦਾ। ਗੁਰੂ ਰਾਮਦਾਸ ਜੀ ਨੇ ਗੁਰਮਤਿ ਦੇ ਸਮਦ੍ਰਿਸ਼ਟੀ ਦੇ ਸਿਧਾਂਤ ਨੂੰ ਏਨੀ ਖੂਬਸੂਰਤੀ ਅਤੇ ਦਲੀਲਾਂ ਨਾਲ ਅਕਬਰ ਸਾਹਮਣੇ ਪੇਸ਼ ਕੀਤਾ ਕਿ ਉਹ ਆਪ ਜੀ ਦੀਆਂ ਦਲੀਲਾਂ ਦਾ ਕਾਇਲ ਹੋ ਗਿਆ ਅਤੇ ਸ਼ਿਕਾਇਤਨਾਮਾ ਖਾਰਜ ਕਰ ਦਿੱਤਾ।

ਜਦੋਂ ਗੁਰੂ ਅਮਰਦਾਸ ਜੀ ਯਾਤਰਾ ’ਤੇ ਗਏ, ਤਾਂ ਉਨ੍ਹਾਂ ਯਾਤਰੀ ਟੈਕਸ ਦੇਣ ਤੋਂ ਇਨਕਾਰ ਕਰ ਦਿੱਤਾ ਕਿਉਂਕਿ ਇਹ ਟੈਕਸ ਹਿੰਦੂ, ਮੁਸਲਮਾਨਾਂ ਵਿਚ ਭਿੰਨ-ਭੇਦ ਕਰਕੇ ਨਫਰਤ ਦਾ ਕਾਰਨ ਬਣਦਾ ਸੀ। ਅਕਬਰ ਦੇ ਦਰਬਾਰ ਵਿਚ ਸ਼ਿਕਾਇਤ ਹੋਣ ’ਤੇ ਗੁਰੂ ਅਮਰਦਾਸ ਜੀ ਨੂੰ ਆਪਣਾ ਪੱਖ ਰੱਖਣ ਲਈ ਕਿਹਾ ਗਿਆ, ਤਾਂ ਉਨ੍ਹਾਂ ਰਾਮ ਦਾਸ ਜੀ ਨੂੰ ਸਪੱਸ਼ਟੀਕਰਨ ਦੇਣ ਅਤੇ ਗੁਰਮਤਿ ਸਿਧਾਂਤ ਸਮਝਾਉਣ ਲਈ ਭੇਜਿਆ ਗਿਆ। ਰਾਮਦਾਸ ਜੀ ਨੇ ਗੁਰਮਤਿ ਸਿਧਾਂਤ ਏਨੇ ਵਧੀਆ ਤਰੀਕੇ ਨਾਲ ਸਮਝਾਇਆ ਕਿ ਅਕਬਰ ਦੀ ਤਸੱਲੀ ਹੋ ਗਈ ਅਤੇ ਉਸਨੇ ਯਾਤਰੀ ਟੈਕਸ ਮੁਆਫ ਕਰ ਦਿੱਤਾ।

6. **ਸੇਵਾ ਸਿਮਰਨ ਦਾ ਉਪਦੇਸ਼** :- ਗੁਰੂ ਰਾਮਦਾਸ ਜੀ ਨੇ ਆਪਣੇ ਜੀਵਨ ਅਤੇ ਆਪਣੀ ਬਾਣੀ ਰਾਹੀਂ ਸਿੱਖੀ ਦੇ ਥੰਮ੍ਹ ਕਰਕੇ ਜਾਣੇ ਜਾਂਦੇ ਸਿਧਾਂਤ ਸੇਵਾ ਅਤੇ ਸਿਮਰਨ ਦਾ ਉਪਦੇਸ਼ ਆਪਣੇ ਸਿੱਖਾਂ ਨੂੰ ਦਿੱਤਾ। ਗੁਰ ਫੁਰਮਾਨ ਦੇਖੀਏ:-

ਰਾਮ ਮੋ ਕਉ ਹਰਿ ਜਨ ਕਾਰੈ ਲਾਈਐ॥
ਹਉ ਪਾਣੀ ਪਖਾ ਪੀਸਉਂ ਸੰਤ ਆਗੈ ਪਗ ਮਲਿ ਮਲਿ ਧੂਰਿ ਮੁਖਿ ਲਾਈਐ॥.... (ਪੰਨਾ 881, ਰਾਮਕਲੀ ਮਹਲਾ 4)

ਆਪ ਜੀ ਦਾ ਵਿਸ਼ਵਾਸ ਹੈ ਕਿ ਸੇਵਾ ਕਰਦਿਆਂ ਇੱਕ ਰੱਤੀ ਭਰ ਵੀ ਹਉਮੈ ਨਹੀਂ ਆਉਣੀ ਚਾਹੀਦੀ। ਕਿਉਂਕਿ ਅਜਿਹੀ ਸੇਵਾ ਥਾਇ ਨਹੀਂ ਪੈਂਦੀ।

ਵਿਚਿ ਹਉਮੈ ਸੇਵਾ ਥਾਇ ਨ ਪਾਇ॥
ਜੰਮੀ ਮਰੈ ਫਿਰਿ ਆਵੈ ਜਾਇ॥... (ਪੰਨਾ1071, ਮਾਰੂ ਮਹਲਾ 4)

7. **ਬੇਪ੍ਰਵਾਹੀ ਅਤੇ ਪਰਉਪਕਾਰ** :- ਆਪ ਜੀ ਦਾ ਮਨ ਦੁਨਿਆਵੀ ਵਸਤਾਂ ਦੇ ਮੋਹ ਤੋਂ ਕਿੰਨਾ ਉੱਚਾ ਸੀ, ਕੁਝ ਉਦਾਹਰਣਾਂ ਦੇਖਦੇ ਹਾਂ:-

-ਸੇਠ ਜਗਤ ਰਾਮ ਨੇ ਆਪ ਜੀ ਨੂੰ ਇਕ ਕੈਂਠਾ ਦਿੱਤਾ, ਜੋ ਆਪ ਜੀ ਨੇ ਉਸੇ ਸਮੇਂ ਇਕ ਲੋੜਵੰਦ ਨੂੰ ਦੇ ਦਿੱਤਾ। ਇੱਕ ਵਾਰੀ ਇੱਕ ਮਾਈ ਨੇ ਆਪ ਜੀ ਨੂੰ ਇਕ ਮੋਤੀਆਂ ਦੀ ਮਾਲਾ ਦਿੱਤੀ, ਜੋ ਆਪ ਜੀ ਨੇ ਰਸਤੇ ਵਿਚ ਬੈਠੇ ਇਕ ਮਲੰਗ ਨੂੰ ਦੇ ਦਿੱਤੀ। ਅਕਬਰ ਰਾਜੇ ਨੇ ਵੀ ਮੋਹਰਾਂ ਦੇਣ ਦੀ ਕੋਸ਼ਿਸ਼ ਕੀਤੀ ਪਰ ਆਪ ਜੀ ਨੇ ਦ੍ਰਿੜ੍ਹਤਾ ਨਾਲ ਇਨਕਾਰ ਕਰ ਦਿੱਤਾ ਸੀ।

8. **ਬਾਣੀ ਦਾ ਪ੍ਰਧਾਨ ਰਸ ਸ਼ਾਂਤ ਰਸ** :- ਪ੍ਰੇਮ ਬੈਰਾਗ ਅਤੇ ਸ਼ਾਂਤੀ ਆਪ ਜੀ ਦੀ ਬਾਣੀ ਵਿਚ ਪ੍ਰਮੁੱਖ ਸਥਾਨ ਗ੍ਰਹਿਣ ਕਰਦੇ ਹਨ। ਸ਼ਬਦ ਗੁਰੂ ਨੂੰ ਵਡਿਆਈ ਦਿੰਦੇ ਹੋਏ ਆਪ ਜੀ ਪ੍ਰੇਮ ਰਾਹੀਂ ਪ੍ਰਭੂ ਨੂੰ ਮਿਲਣ ਦਾ ਰਸਤਾ ਦੱਸਦੇ ਹਨ ਅਤੇ ਉਸਦੀ ਖਲਕਤ ਨਾਲ ਪਿਆਰ ਨਾਲ ਰਹਿਣ ਦੀ ਤਾਕੀਦ ਕਰਦੇ ਹਨ। ਆਪ ਜੀ ਦੀਆਂ ਮੁੱਖ ਬਾਣੀਆਂ ਹਨ:- 8 ਰਾਗਾਂ ਵਿਚ ਲਿਖੀਆਂ ਵਾਰਾਂ – ਸਿਰੀ, ਗਉੜੀ, ਵਡਹੰਸ, ਬਿਲਾਵਲੁ, ਬਿਹਾਗੜਾ, ਸੋਰਠਿ, ਸਾਰੰਗ ਅਤੇ ਕਾਨੜਾ ਰਾਗੁ ਵਿਚ ਆਪ ਜੀ ਨੇ ਅਧਿਆਤਮਕ ਵਾਰਾਂ ਲਿਖੀਆਂ ਹਨ। ਇਸ ਤੋਂ ਬਿਨਾਂ ਪੰਜਾਬੀ ਲੋਕਧਾਰਾ ਨੂੰ ਮੁੱਖ ਰੱਖ ਕੇ ਉਚਾਰੀਆਂ ਬਾਣੀਆਂ ਘੋੜੀਆਂ, ਲਾਵਾਂ, ਕਰਹਲੇ, ਮਾਰੂ ਸੋਲਹੇ, ਪਹਿਰੇ, ਅਤੇ ਵਣਜਾਰਾ ਬਾਣੀਆਂ ਹਨ। ਆਪ ਜੀ ਦੀ ਬਾਣੀ ਸਰਲ ਬੋਲੀ ਅਤੇ ਰਵਾਨੀ ਵਿਚ ਹੋਣ ਕਾਰਨ ਆਮ ਲੋਕਾਂ ਦੀ ਜ਼ੁਬਾਨ ’ਤੇ ਬਹੁਤ ਜਲਦੀ ਚੜ੍ਹ ਜਾਂਦੀ ਹੈ। ਆਪ ਜੀ ਦੀਆਂ ਲਿਖੀਆਂ ਹੇਠ ਲਿਖੀਆਂ ਪੰਕਤੀਆਂ ਹਰ ਗੁਰਸਿੱਖ ਨੂੰ ਯਾਦ ਹਨ:-

“ਕੀਤਾ ਲੋੜੀਐ ਕੰਮੁ ਸੁ ਹਰਿ ਪਹਿ ਆਖੀਐ॥
ਕਾਰਜੁ ਦੇਇ ਸਵਾਰਿ ਸਤਿਗੁਰ ਸਚੁ ਸਾਖੀਐ॥”.... (ਪੰਨਾ 91, ਪਉੜੀ )

“ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥
ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥”... (ਪੰਨਾ 982, ਨਟ ਮਹਲਾ 4)

“ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥
ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥”.... (ਪੰਨਾ 305, ਮ : 4)

“ਹਰਿ ਅੰਮ੍ਰਿਤ ਭਿੰਨੇ ਲੋਇਣਾ ਮਨੁ ਪ੍ਰੇਮਿ ਰਤੰਨਾ ਰਾਮ ਰਾਜੇ॥
ਮਨੁ ਰਾਮਿ ਕਸਵਟੀ ਲਾਇਆ ਕੰਚਨੁ ਸੋਵਿੰਨਾ॥”.... (ਪੰਨਾ 448, ਆਸਾ ਮਹਲਾ 4 ਛੰਤ ਘਰੁ 4)

“ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ ਸਾ ਬਿਧਿ ਤੁਮ ਹਰਿ ਜਾਣਹੁ ਆਪੇ॥
ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ॥”..... (ਪੰਨਾ 167, ਗਉੜੀ ਬੈਰਾਗਣਿ ਮਹਲਾ 4)

ਅੰਤ ਵਿਚ ਆਪ ਜੀ ਨੇ ਆਪਣੇ ਛੋਟੇ ਪੁੱਤਰ ਅਰਜਨ ਨੂੰ ਹਰ ਪਾਸਿਓਂ ਯੋਗ ਜਾਣ ਕੇ ਉਸਨੂੰ ਗੁਰਗੱਦੀ ਦਿੱਤੀ ਅਤੇ ਆਪ ਜੀ 1 ਸਤੰਬਰ 1581 ਈਸਵੀ ਨੂੰ ਇਸ ਫਾਨੀ ਦੁਨੀਆਂ ਨੂੰ ਅਲਵਿਦਾ ਆਖ ਕੇ ਜੋਤੀ ਜੋਤ ਸਮਾ ਗਏ।

ਭੱਟ ਬੱਲ ਜੀ ਆਪਣੇ ਸਵਈਏ ਵਿਚ ਆਪ ਜੀ ਦੀ ਉਸਤਤ ਕਰਦੇ ਹੋਏ ਲਿਖਦੇ ਹਨ:-

“ਸੋਈ ਰਾਮਦਾਸੁ ਗੁਰੁ ਬਲ੍ਯ੍ਯੁ ਭਣਿ ਮਿਲਿ ਸੰਗਤਿ ਧੰਨਿ ਧੰਨਿ ਕਰਹੁ॥”.... (ਪੰਨਾ 1405, ਸਵਈਏ ਮਹਲੇ ਚਉਥੇ ਕੇ 4 )

ਗੁਰਪ੍ਰੀਤ ਸਿੰਘ ਤਲਵੰਡੀ
ਵੈਨਕੂਵਰ, ਬ੍ਰਿਟਿਸ਼ ਕੋਲੰਬੀਆ (ਕੈਨੇਡਾ)
001-778-980-9196
ਪੰਜਾਬ ਮੇਲ USA




# ਪਵਿੱਤਰ ਗੰਗਾ ਸਾਗਰ ਦਾ ਵਾਰਿਸ ਰਾਏ ਪਰਿਵਾਰ

## ਰਾਏ ਅਜੀਜ਼ ਉੱਲਾ ਖਾਨ ਵਲੋਂ ਆਪਣੇ ਪਰਿਵਾਰ ਦੀ ਅਮੀਰ ਵਿਰਾਸਤ ਨੂੰ ਕਿਤਾਬ ਦੁਆਰਾ ਸੰਭਾਲਣ ਦੀ ਤਿਆਰੀ

ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਜੀ ਚਮਕੌਰ ਦੀ ਗੜ੍ਹੀ ਵਿਚ ਲੱਖਾਂ ਦੀ ਮੁਗਲ ਫੌਜ ਨਾਲ ਲੜਦੇ ਸ਼ਹੀਦ ਹੋ ਗਏ ਸਨ ਅਤੇ ਛੋਟੇ ਸਾਹਿਬਜ਼ਾਦੇ ਤੇ ਮਾਤਾ ਗੁਜਰੀ ਜੀ ਨੂੰ ਗੰਗੂ ਬ੍ਰਾਹਮਣ ਆਪਣੇ ਨਾਲ ਆਪਣੇ ਪਿੰਡ ਲੈ ਗਿਆ ਸੀ, ਉਨ੍ਹਾਂ ਬਾਰੇ ਗੁਰੂ ਸਾਹਿਬ ਨੂੰ ਅਜੇ ਕੋਈ ਖਬਰ ਨਹੀਂ ਮਿਲੀ ਸੀ। ਗੁਰੂ ਸਾਹਿਬ ਖੁਦ ਮਾਛੀਵਾੜਾ ਪਹੁੰਚਕੇ ਉੱਥੋਂ ਗਨੀ ਖਾਂ ਤੇ ਨਬੀ ਖਾਂ ਦੀ ਮਦਦ ਨਾਲ ਉੱਚ ਦਾ ਪੀਰ ਬਣਕੇ ਰਾਏਕੋਟ ਪਹੁੰਚੇ। ਉੱਥੇ ਉਨ੍ਹਾਂ ਨੂੰ ਨੂਰਾ ਨਾਮ ਦਾ ਵਿਅਕਤੀ ਮਿਲਿਆ, ਜੋ ਮੱਝਾਂ ਚਾਰ ਰਿਹਾ ਸੀ। ਨੂਰਾ ਰਿਆਸਤ ਰਾਏਕੋਟ ਦੇ ਨਵਾਬ ਰਾਏ ਕੱਲ੍ਹਾ ਦਾ ਘਰੇਲੂ ਨੌਕਰ ਸੀ। ਉਸਨੇ ਗੁਰੂ ਸਾਹਿਬ ਦੇ ਦਰਸ਼ਨ ਕਰਨ ਲਈ ਰਾਏ ਕੱਲ੍ਹਾ ਨੂੰ ਸੱਦਾ ਭੇਜਿਆ। ਰਾਏ ਕੱਲ੍ਹਾ ਗੁਰੂ ਸਾਹਿਬ ਨੂੰ ਆਪਣੀ ਹਵੇਲੀ ਵਿਚ ਲੈ ਗਿਆ ਅਤੇ ਗੁਰੂ ਸਾਹਿਬ ਦੇ ਕਹਿਣ 'ਤੇ ਨੂਰਾ ਮਾਹੀ ਨੂੰ ਸਰਹਿੰਦ ਵਿਖੇ ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਬਾਰੇ ਖਬਰ ਲੈਣ ਲਈ ਭੇਜਿਆ। ਨੂਰੇ ਦੀ ਭੈਣ ਸਰਹਿੰਦ ਵਿਆਹੀ ਹੋਈ ਸੀ। ਰਾਏਕੋਟ ਵਿਚ ਹੀ ਨੂਰੇ ਮਾਹੀ ਨੇ ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਬਾਰੇ ਗੁਰੂ ਸਾਹਿਬ ਨੂੰ ਖਬਰ ਦਿੱਤੀ। ਗੁਰੂ ਸਾਹਿਬ ਇੱਥੋਂ ਹੀ ਰਾਏ ਕੱਲ੍ਹਾ ਨੂੰ ਆਪਣੀ ਨਿਸ਼ਾਨੀ ਵਜੋਂ ਪਵਿੱਤਰ ਗੰਗਾ ਸਾਗਰ, ਇੱਕ ਪੋਥੀ ਰੱਖਣ ਵਾਲੀ ਰਹਿਲ ਅਤੇ ਇੱਕ ਖੜਗ (ਤਲਵਾਰ) ਦੇ ਕੇ ਅੱਗੇ ਦੀਨਾ ਕਾਂਗੜ ਵੱਲ ਨਿਕਲ ਗਏ। ਰਾਏ ਕੱਲ੍ਹਾ ਦੇ ਪਰਿਵਾਰ ਵਲੋਂ ਗੁਰੂ ਜੀ ਦੀ ਕੀਤੀ ਗਈ ਸੇਵਾ ਨੂੰ ਸਮੁੱਚਾ ਸਿੱਖ ਜਗਤ ਹਮੇਸ਼ਾ ਚੇਤਿਆਂ ਵਿਚ ਵਸਾ ਕੇ ਰੱਖੇਗਾ। ਇਹ ਉਹ ਸਮਾਂ ਸੀ, ਜਦ ਗੁਰੂ ਜੀ ਦੀ ਸੇਵਾ ਕਰਨਾ ਮੁਗਲ ਹਕੂਮਤ ਨਾਲ ਆਢਾ ਲਗਾਉਣ ਬਰਾਬਰ ਸੀ। ਉਸ ਵਕਤ ਤਾਂ ਗੁਰੂ ਸਾਹਿਬ ਲਈ ਆਪਣਿਆਂ ਵਲੋਂ ਵੀ ਮੁਗਲਾਂ ਤੋਂ ਡਰਦਿਆਂ ਦਰਵਾਜ਼ੇ ਬੰਦ ਕਰ ਲਏ ਗਏ। ਰਾਏ ਕੱਲ੍ਹਾ ਵਲੋਂ ਮੁਗਲ ਸਲਤਨਤ ਖਿਲਾਫ ਗੁਰੂ ਜੀ ਦੇ ਪ੍ਰਤੀ ਦਿਖਾਈ ਸ਼ਰਧਾ ਉੱਪਰ ਰਾਏ ਪਰਿਵਾਰ ਦੇ ਵੰਸ਼ਜ ਹਾਲੇ ਵੀ ਮਾਣ ਕਰਦੇ ਹਨ।

ਰਾਏ ਕੱਲ੍ਹਾ ਦੀ ਪੀੜ੍ਹੀ ਦੇ ਨੌਵੇਂ ਵਾਰਿਸ ਰਾਏ ਅਜੀਜ ਉੱਲ੍ਹਾ ਖਾਨ, ਪਾਕਿਸਤਾਨ ਦੇ ਮੈਂਬਰ ਪਾਰਲੀਮੈਂਟ ਵੀ ਰਹਿ ਚੁੱਕੇ ਹਨ ਅਤੇ ਇਸ ਵਕਤ ਸਰੀ (ਕੈਨੇਡਾ) ਵਿਚ ਰਹਿੰਦੇ ਹਨ। ਰਾਏ ਅਜੀਜ ਉੱਲ੍ਹਾ ਖਾਨ ਆਪਣੇ ਪਰਿਵਾਰ ਦਾ 15ਵੀਂ ਸਦੀ ਤੋਂ ਪਹਿਲਾਂ ਦਾ ਇਤਿਹਾਸ ਸਿਰਫ ਸੰਭਾਲੀ ਹੀ ਨਹੀਂ ਬੈਠੇ, ਸਗੋਂ ਇਤਿਹਾਸ ਨੂੰ ਹਿੱਕ ਨਾਲ ਲਗਾਈ ਬੈਠੇ ਹਨ। ਉਨ੍ਹਾਂ ਦੇ ਦੱਸਣ ਮੁਤਾਬਿਕ ਰਾਏ ਪਰਿਵਾਰ ਦੇ ਬਜ਼ੁਰਗ ਜੈਸਲਮੇਰ ਰਾਜਸਥਾਨ ਤੋਂ ਚੱਲ ਕੇ ਲੁਧਿਆਣਾ ਦੇ ਜਗਰਾਉਂ ਲਾਗੇ ਪਿੰਡ ਚਕਰ ਨੂੰ ਰਾਏ ਤੁਲਸੀਦਾਸ ਤੇ ਰਾਏ ਸਿਰਾਜੂਦੀਨ ਦੁਆਰਾ ਆਬਾਦ ਕੀਤਾ ਗਿਆ। ਇਹ ਵੀ ਦੱਸਣਯੋਗ ਹੈ ਕਿ ਰਾਏ ਪਰਿਵਾਰ ਦੇ ਬਜ਼ੁਰਗ ਉੱਚ ਦੇ ਪੀਰ ਕੋਲੋਂ ਹੀ ਹਿੰਦੂ ਤੋਂ ਮੁਸਲਮਾਨ ਬਣੇ ਸਨ। ਇਹ ਪਰਿਵਾਰ ਰਾਜਪੂਤ ਘਰਾਣੇ ਨਾਲ ਸੰਬੰਧਿਤ ਹੈ। ਸੰਨ 1478 ਵਿਚ ਰਾਏ ਕੱਲ੍ਹਾ (ਅੱਵਲ) ਦੁਆਰਾ ਪਿੰਡ ਤਲਵੰਡੀ ਰਾਏ, ਸੰਨ੍ਹ 1648 ਵਿਚ ਰਾਏ ਅਹਿਮਦ ਦੁਆਰਾ ਰਾਏਕੋਟ, ਸੰਨ 1680 ਵਿਚ ਰਾਏ ਕਮਾਲੂਦੀਨ ਦੁਆਰਾ ਜਗਰਾਉਂ ਵਸਾਇਆ ਗਿਆ। ਇਹੀ ਰਾਏ ਕਮਾਲੂਦੀਨ ਗੁਰੂ ਸਾਹਿਬ ਦੀ ਦੇਵਾ ਕਰਨ ਵਾਲੇ ਰਾਏ ਕੱਲ੍ਹਾ ਦੇ ਪਿਤਾ ਸਨ। ਰਾਏ ਅਜੀਜ ਉਲ੍ਹਾ ਦੱਸਦੇ ਹਨ ਕਿ ਉਨ੍ਹਾਂ ਦੇ ਪਰਿਵਾਰ ਨੂੰ ਗੁਰੂ ਸਾਹਿਬ ਦੀ ਸੇਵਾ ਕਰਨ ਬਦਲੇ ਸਮੁੱਚੇ ਸਿੱਖ ਜਗਤ ਨੇ ਬੇਹੱਦ ਸਤਿਕਾਰ ਦਿੱਤਾ ਹੈ, ਜਿਸਦੇ ਉਹ ਸਦਾ ਰਿਣੀ ਰਹਿਣਗੇ। ਉਨ੍ਹਾਂ ਅਨੁਸਾਰ ਉਹ ਆਪਣੇ ਪਰਿਵਾਰ ਦੀ ਅਮੀਰ ਵਿਰਾਸਤ ਨੂੰ ਸੰਭਾਲਣ ਲਈ ਹਮੇਸ਼ਾ ਯਤਨ ਕਰਦੇ ਰਹੇ ਹਨ। ਉਨ੍ਹਾਂ ਆਪਣੇ ਪਰਿਵਾਰ ਬਾਰੇ ਇਤਿਹਾਸਕ ਹਵਾਲੇ ਇਕੱਠੇ ਕਰਨ ਲਈ ਲਾਹੌਰ (ਪਾਕਿਸਤਾਨ) ਹੀ ਨਹੀਂ, ਸਗੋਂ ਭਾਰਤ ਸਮੇਤ ਹੋਰ ਵੀ ਦੇਸ਼ਾਂ ਦੀਆਂ ਲਾਇਬ੍ਰੇਰੀਆਂ ਅਤੇ ਇਤਿਹਾਸਕਾਰਾਂ ਨਾਲ ਸੰਪਰਕ ਕਰਕੇ ਕਾਫੀ ਸਾਰਾ ਇਤਿਹਾਸ ਇਕੱਠਾ ਕੀਤਾ ਹੈ। ਹੁਣ ਉਨ੍ਹਾਂ ਦੀ ਦਿਲੀ ਇੱਛਾ ਹੈ ਕਿ ਇਸ ਇਤਿਹਾਸ ਨੂੰ ਇੱਕ ਕਿਤਾਬ ਦਾ ਰੂਪ ਦੇ ਕੇ ਸੰਭਾਲਿਆ ਜਾਵੇ, ਤਾਂ ਕਿ ਇਸ ਮਾਣਮੱਤੇ ਇਤਿਹਾਸ ਨੂੰ ਇੰਨ-ਬਿੰਨ ਅਗਲੀਆਂ ਪੀੜ੍ਹੀਆਂ ਤੱਕ ਪਹੁੰਚਾਇਆ ਜਾ ਸਕੇ। ਉਹ ਇਨ੍ਹੀਂ ਦਿਨੀਂ ਕਿਤਾਬ ਦੀ ਰੂਪ ਰੇਖਾ ਤਿਆਰ ਕਰਨ ਲਈ ਲੱਗੇ ਹੋਏ ਹਨ। ਉਨ੍ਹਾਂ ਦੇਸ਼ਾਂ-ਵਿਦੇਸ਼ਾਂ ਦੀਆਂ ਸੰਗਤਾਂ ਨੂੰ ਅਪੀਲ ਕੀਤੀ ਕਿ ਜੇਕਰ ਉਨ੍ਹਾਂ ਦੇ ਪਰਿਵਾਰ ਬਾਰੇ ਕਿਸੇ ਨੂੰ ਕੋਈ ਵੀ ਜਾਣਕਾਰੀ ਹੋਵੇ ਜਾਂ ਕਿਸੇ ਕੋਲ ਕੋਈ ਇਤਿਹਾਸਕ ਪ੍ਰਮਾਣ ਮੌਜੂਦ ਹੋਣ, ਉਹ ਉਨ੍ਹਾਂ ਨਾਲ ਸੰਪਰਕ ਕਰ ਸਕਦਾ ਹੈ, ਤਾਂ ਕਿ ਕਿਤਾਬ ਨੂੰ ਅਮਲੀ ਰੂਪ ਦਿੱਤਾ ਜਾ ਸਕੇ।



# ਤੇਜਿੰਦਰ ਸਿੰਘ ਅਨਜਾਨਾ ਦਾ 'ਮਨ ਦੀ ਵੇਈਂ' ਗ਼ਜ਼ਲ ਸੰਗ੍ਰਹਿ ਸਮਾਜਿਕਤਾ ਦਾ ਪ੍ਰਤੀਕ

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA



ਤੇਜਿੰਦਰ ਸਿੰਘ ਅਨਜਾਨਾ ਦਾ ਪਲੇਠਾ ਗ਼ਜ਼ਲ ਸੰਗ੍ਰਹਿ 'ਮਨ ਦੀ ਵੇਈਂ' ਸਮਾਜਿਕ ਸਰੋਕਾਰਾਂ ਦਾ ਪ੍ਰਤੀਕ ਹੈ। ਇਸ ਗ਼ਜ਼ਲ ਸੰਗ੍ਰਹਿ ਵਿਚ 7 ਸ਼ਿਅਰਾਂ ਵਾਲੀਆਂ 47 ਗ਼ਜ਼ਲਾਂ ਹਨ। ਇਹ ਗ਼ਜ਼ਲਾਂ ਪਿੰਗਲ ਦੇ ਨਿਯਮਾਂ 'ਤੇ ਪੂਰੀਆਂ ਉਤਰਦੀਆਂ ਹਨ। ਅਨਜਾਨਾ ਸੰਵੇਦਨਸ਼ੀਲ ਸ਼ਾਇਰ ਹੈ। ਉਸ ਦੀਆਂ ਗ਼ਜ਼ਲਾਂ ਬਹੁ-ਪੱਖੀ ਵਿਸ਼ਿਆਂ ਦੀ ਪ੍ਰਤੀਨਿਧਤਾ ਕਰਦੀਆਂ ਹਨ। ਉਹ ਸੱਚਾਈ ਦੇ ਮਾਰਗ 'ਤੇ ਚਲਣ ਵਾਲਾ ਸ਼ਾਇਰ ਹੈ। ਉਸ ਦੀਆਂ ਗ਼ਜ਼ਲਾਂ ਸਮਾਜਿਕ ਕਦਰਾਂ-ਕੀਮਤਾਂ 'ਤੇ ਪਹਿਰਾ ਦਿੰਦੀਆਂ ਹਨ। ਸਮਾਜ ਵਿਚ ਵਾਪਰ ਰਹੀਆਂ ਅਸਮਾਜਿਕ ਘਟਨਾਵਾਂ ਸ਼ਾਇਰ ਨੂੰ ਲੋਕ ਹਿੱਤਾਂ 'ਤੇ ਪਹਿਰਾ ਦੇਣ ਵਾਲੀਆਂ ਗ਼ਜ਼ਲਾਂ ਲਿਖਣ ਲਈ ਪ੍ਰੇਰਦੀਆਂ ਹਨ। ਸਮਾਜ ਵਿਚ ਕੁਝ ਲੋਕ ਪ੍ਰਾਕ੍ਰਿਤਕ ਵਾਤਾਵਰਨ ਨਾਲ ਖਿਲਵਾੜ ਕਰ ਰਹੇ ਹਨ, ਉਨ੍ਹਾਂ ਦੀਆਂ ਸਰਗਰਮੀਆਂ ਦਾ ਪਰਦਾਫਾਸ਼ ਕਰਨ ਵਾਲੀਆਂ ਗ਼ਜ਼ਲਾਂ ਵੀ ਉਹ ਲਿਖਦਾ ਹੈ। ਪਰਿਵਾਰਿਕ ਰਿਸ਼ਤਿਆਂ ਵਿਚ ਆ ਰਹੀ ਗਿਰਾਵਟ ਨੂੰ ਵੀ ਉਹ ਆਪਣੀਆਂ ਗ਼ਜ਼ਲਾਂ ਦਾ ਵਿਸ਼ਾ ਬਣਾ ਰਿਹਾ ਹੈ। ਪੰਜਾਬੀਆਂ ਵਿਚ ਕਿਰਤ ਸੱਭਿਆਚਾਰ ਖ਼ਤਮ ਹੋਣ ਦੇ ਕਿਨਾਰੇ ਪਹੁੰਚ ਗਿਆ ਹੈ। ਪੰਜਾਬੀ ਨੌਜਵਾਨੀ ਆਪਣੇ ਦੇਸ਼ ਵਿਚ ਕੰਮ ਕਰਨ ਨੂੰ ਤਿਆਰ ਨਹੀਂ ਪ੍ਰੰਤੂ ਪਰਵਾਸ ਵਿਚ ਜਾ ਕੇ ਹਰ ਕਿਸਮ ਦਾ ਕੰਮ ਕਰਨ ਨੂੰ ਤਿਆਰ ਹੈ। ਆਲਸੀ ਲੋਕਾਂ ਬਾਰੇ ਤੇਜਿੰਦਰ ਸਿੰਘ ਅਨਜਾਨਾ ਦਾ ਸ਼ਿਅਰ ਹੈ:

ਬਣਾਉਣੇ ਕੀ ਉਨ੍ਹਾਂ ਨੇ ਆਸ਼ਿਆਨੇ ਤਿਣਕਿਆਂ ਦੇ ਸੰਗ,
ਜੋ ਡੂੰਘੀ ਨੀਂਦਰੇ ਰਹਿੰਦੇ ਨੇ ਸੁਤੇ ਸੁਪਨਿਆਂ ਦੇ ਸੰਗ।

ਤੇਜਿੰਦਰ ਸਿੰਘ ਅਨਜਾਨਾ ਦੀਆਂ ਗ਼ਜ਼ਲਾਂ ਪੜ੍ਹਕੇ ਮਹਿਸੂਸ ਹੁੰਦਾ ਹੈ ਕਿ ਉਹ ਸਮਾਜ ਵਿਚ ਵਾਪਰ ਰਹੀਆਂ ਅਣਸੁਖਾਵੀਆਂ ਘਟਨਾਵਾਂ ਨੂੰ ਮਾਨਵਤਾ ਦੀ ਨੈਤਿਕ ਗਿਰਾਵਟ ਦਾ ਜ਼ਿੰਮੇਵਾਰ ਸਮਝਦਾ ਹੈ। ਇਸ ਲਈ ਸਮਾਜਿਕ ਤਾਣੇ-ਬਾਣੇ ਵਿਚ ਲੋਕਾਈ ਨੂੰ ਨੈਤਿਕਤਾ ਦਾ ਪੱਲਾ ਫੜ੍ਹਕੇ ਜੀਵਨ ਬਸਰ ਕਰਨਾ ਚਾਹੀਦਾ ਹੈ। ਲੋਕਾਈ ਦੇ ਮਨਾਂ ਵਿਚ ਗੰਧਲਾਪਣ ਆ ਗਿਆ ਹੈ। ਇਸ ਨੂੰ ਸਾਫ਼ ਕਰਨ ਲਈ ਪੜ੍ਹਾਈ ਦੀ ਅਤਿਅੰਤ ਜ਼ਰੂਰਤ ਹੈ, ਜਿਹੜੀ ਇਨਸਾਨ ਨੂੰ ਸਿੱਧੇ ਰਸਤੇ ਚਲਣ ਦਾ ਰਾਹ ਵਿਖਾ ਸਕਦੀ ਹੈ। ਦੋ ਸ਼ਿਅਰਾਂ ਤੋਂ ਗ਼ਜ਼ਲਗੋ ਦੀ ਸੋਚ ਦਾ ਪ੍ਰਗਟਾਵਾ ਹੁੰਦਾ ਹੈ ਕਿ ਪੜ੍ਹਾਈ ਤੋਂ ਬਿਨਾਂ ਇਨਸਾਨ ਦੀ ਮਾਨਸਿਕਤਾ ਤੰਦਰੁਸਤ ਨਹੀਂ ਹੋ ਸਕਦੀ:

ਭਾਵੇਂ ਗੰਧਲੀ ਹੁੰਦੀ ਜਾਂਦੀ ਅੱਜ ਕਲ੍ਹ ਮਨ ਦੀ ਵੇਈਂ,
ਸ਼ਬਦਾਂ ਦੀ ਸਿੱਖਿਆ ਨੇ ਕਰਨੀ ਨਿਰਮਲ ਮਨ ਦੀ ਵੇਈਂ।
ਮਨ ਦੀ ਵੇਈਂ ਵਿਚ ਸਮਾਧੀ ਲਾਈ ਅਨਜਾਨੇ ਜਿਨ੍ਹਾਂ,
ਆਣੀ ਜਾਣੀ ਵਾਲੀ ਉਹ ਤਾਣੀ ਤੋਂ ਵੱਖਰੇ ਹੋ ਗਏ।

ਤੇਜਿੰਦਰ ਸਿੰਘ ਅਨਜਾਨਾ ਨੂੰ ਸਮਾਜ ਵਿਚ ਹੋ ਰਹੇ ਬਲਾਤਕਾਰਾਂ ਵਰਗੀਆਂ ਘਿਨੌਣੀਆਂ ਹਰਕਤਾਂ ਬਹੁਤ ਦੁੱਖੀ ਕਰਦੀਆਂ ਜਾਪਦੀਆਂ ਹਨ, ਜਿਸ ਕਰਕੇ ਉਹ ਇਨ੍ਹਾਂ ਨੂੰ ਆਪਣੀਆਂ ਗ਼ਜ਼ਲਾਂ ਵਿਚ ਲਿਖਦਾ ਹੈ ਕਿ ਪਾਕਿ ਪਵਿੱਤਰ, ਪਿਆਰ ਮੁਹੱਬਤ ਵਰਗੇ ਅਫ਼ਸਾਨੇ ਵਰਤਮਾਨ ਸਮਾਜ ਵਿਚ ਸਾਰਥਿਕ ਸਾਬਤ ਨਹੀਂ ਹੋ ਰਹੇ। ਪਿਆਰ ਦੇ ਨਾਮ 'ਤੇ ਸਰੀਰਕ ਹਵਸ ਪੂਰੀ ਕਰਕੇ ਪਿਆਰ ਮੁਹੱਬਤ ਨੂੰ ਕਲੰਕਤ ਕੀਤਾ ਜਾ ਰਿਹਾ ਹੈ। ਸਾਡੀ ਨੌਜਵਾਨੀ ਆਪਣੇ ਰਸਤੇ ਤੋਂ ਥਿੜਕ ਚੁੱਕੀ ਹੈ, ਜਿਸ ਕਰਕੇ ਉਹ ਗ਼ਲਤ ਰਸਤੇ ਪੈ ਚੁੱਕੇ ਹਨ। ਇਨਸਾਨ ਦੀ ਗੰਧਲੀ ਫਿਤਰਤ ਬਾਰੇ ਇਹ ਸ਼ਿਅਰ ਪ੍ਰਗਟਾਵਾ ਕਰ ਰਹੇ ਹਨ:

ਮਸਲ ਲਿਆ ਹੈ ਹਵਸ ਦੀ ਅਗਨੀ ਨੇ ਕਲੀਆਂ ਨੂੰ,
ਚਮਨ 'ਚ ਛਾਈ ਕਿਵੇਂ ਦੋਸਤੋ! ਬਹਾਰ ਮਿਲੇ।
ਹਵਸ ਦੀ ਡੂੰਘੀ ਦਲ ਦਲ ਵਿੱਚ ਗਲੇ ਤੀਕਰ ਫਸੇ ਰਹਿੰਦੇ,
ਨਾ ਪੁੱਛੋ ਹਾਲ ਮੇਰੇ ਦੌਰ ਦੇ ਰਾਂਝੇ ਤੇ ਹੀਰਾਂ ਦਾ।

ਤੇਜਿੰਦਰ ਸਿੰਘ ਅਨਜਾਨਾ ਦੀਆਂ ਬਹੁਤ ਸਾਰੀਆਂ ਗ਼ਜ਼ਲਾਂ ਸਮਾਜ ਵਿਚ ਝੂਠ ਦੇ ਬੋਲਬਾਲੇ ਦਾ ਜ਼ਿਕਰ ਆਉਂਦਾ ਹੈ। ਲੋਕਾਈ ਸੱਚਾਈ ਦੇ ਮਾਰਗ 'ਤੇ ਚੱਲਣ ਦੀ ਥਾਂ ਧੋਖ਼ੇ, ਫ਼ਰੇਬ ਅਤੇ ਝੂਠ ਦਾ ਸਹਾਰਾ ਲੈ ਰਹੀ ਹੈ। ਵਰਤਮਾਨ ਯੁੱਗ ਵਿਚ ਸੱਚਾਈ ਦਾ ਮਾਰਗ ਵੀ ਬਹੁਤ ਕਠਿਨ ਹੋ ਗਿਆ ਹੈ ਕਿਉਂਕਿ ਹਰ ਪਾਸੇ ਝੂਠ ਦਾ ਪਸਾਰਾ ਹੈ। ਲੋਕਾਂ ਨੇ ਜ਼ਮੀਰ ਨੂੰ ਮਾਰ ਲਿਆ ਹੈ। ਸ਼ਾਇਰ ਦੇ ਝੂਠ ਬਾਰੇ ਕੁਝ ਸ਼ਿਅਰ ਇਹ ਹਨ:

ਸੱਚਾਈ ਦਾ ਬਿਖੜਾ ਪੈਂਡਾ 'ਅਨਜਾਨੇ' ਕਰ ਸੌਖਾ ਇੰਝ,
ਚਾਰ ਦਿਵਾਰੀ ਵਾਂਗੂੰ ਰੱਖ ਦੁਆਲੇ ਬਲਦੇ ਅੱਖਰ, ਵੇਖ।
ਲਿਖੀਂ ਹਮੇਸ਼ਾ, ਤੂੰ ਸੱਚ ਹੀ ਮਿੱਤਰ, ਤੇ ਰੱਖੀਂ ਜ਼ਿੰਦਾ, ਜ਼ਮੀਰ ਆਪਣਾ,
ਨ ਝੂਠ ਖ਼ਾਤਿਰ, ਨ ਕੁਫ਼ਰ ਖ਼ਾਤਿਰ, ਕਦੀ ਤੂੰ ਆਪਣਾ, ਕਲਮ ਉਠਾਵੀਂ।
ਕਦੀ ਸੂਰਜ ਵੀ ਛੁਪਿਐ ਸੱਚ ਦਾ ਸੋਚੋ, ਜ਼ਰਾ ਸੋਚੋ,
ਨਹੀਂ ਛੁਪਦਾ ਨਹੀਂ ਛੁਪਦਾ ਹਜ਼ਾਰਾਂ ਪਰਦਿਆਂ ਸੰਗ।
ਝੂਠ ਆਖਿਰ ਝੂਠ ਹੈ ਤੇ ਸੱਚ ਅੰਤਿਮ ਸੱਚ ਹੈ,
ਨਹੀਂ ਹੈ ਸ਼ਹਿਰ ਤੇਰਾ, ਸ਼ਹਿਰ ਮੇਰੇ ਤੋਂ ਕੋਈ ਵੱਖਰਾ,
ਦੁਹਾਂ ਸ਼ਹਿਰਾਂ 'ਚ ਹੀ ਵਿਓਪਾਰ ਹੁੰਦਾ ਹੈ ਜ਼ਮੀਰਾਂ ਦਾ।

ਸਮਾਜਿਕ ਤਾਣੇ-ਬਾਣੇ ਵਿਚ ਇਤਨਾ ਨਿਘਾਰ ਆ ਗਿਆ ਹੈ ਕਿ ਵਫ਼ਾ ਵੀ ਪਰ ਲਾ ਕੇ ਉੱਡ ਗਈ ਹੈ। ਲੋਕ ਵਿਸ਼ਵਾਸਘਾਤ ਕਰ ਰਹੇ ਹਨ। ਆਪਣਿਆਂ 'ਤੇ ਯਕੀਨ ਕਰਨ ਤੋਂ ਡਰ ਲੱਗਦਾ ਹੈ। ਲੋਕ ਆਪਣਾ ਬਣਾਕੇ ਮਾਰਦੇ ਹਨ। ਬੇਵਫ਼ਾਈ ਬਾਰੇ ਸ਼ਾਇਰ ਦੇ ਸ਼ਿਅਰ ਹਨ:

ਉਹੀ ਮਕਤਲ, ਉਹੀ ਕਾਤਿਲ, ਉਹੀ ਮੁਨਸਿਫ਼ ਬਣ ਗਿਆ,
ਬੇਵਫ਼ਾਈ ਸਹਿੰਦੇ ਆਏ ਹਾਂ ਵਫ਼ਾ ਦੇ ਹੀ ਭੁਲੇਖੇ।
ਮਰ ਗਏ ਅਨਜਾਨੇ ਹੁੰਦੇ, ਨਾ ਉਮੀਦੇ ਹੁੰਦੇ ਜੇਕਰ,
ਜੀਂਦੇ ਆਏ ਪਰ ਅਸੀਂ ਤੇਰੀ ਵਫ਼ਾ ਦੇ ਹੀ ਭੁਲੇਖ਼ੇ।
ਨਿਰਾਲੀ ਮੁਹੱਬਤ, ਨਿਰਾਲੀ ਵਫ਼ਾ ਹੈ,
ਸ਼ਹਿਦ ਵਿਚ ਉਹ ਦਿੰਦਾ ਹੈ ਮੁਹਰਾ ਮਿਲਾ ਕੇ।

ਸਮਾਜਿਕ ਰਿਸ਼ਤਿਆਂ ਨੂੰ ਵੀ ਲੋਕ ਕਲੰਕਿਤ ਕਰਨ ਲੱਗ ਪਏ ਹਨ। ਅਜਿਹੀਆਂ ਘਟਨਾਵਾਂ ਨਾਲ ਸਮੁੱਚੇ ਸਮਾਜ ਵਿਚ ਗਿਰਾਵਟ ਆ ਗਈ ਹੈ। ਮਾਂ ਬਾਪ, ਭੈਣ ਭਰਾ ਅਤੇ ਦੋਸਤ ਮਿੱਤਰ ਵੀ ਦਗ਼ਾ ਦੇਣ ਲੱਗ ਪਏ ਹਨ, ਅਜਿਹੇ ਹਾਲਾਤ ਹੋਣ ਕਰਕੇ ਪਰਿਵਾਰਾਂ ਵਿਚ ਖਟਾਸ ਪੈਦਾ ਹੋ ਗਈ ਹੈ। ਸ਼ਾਇਰ ਲੋਕਾਈ ਨੂੰ ਆਪਣੀਆਂ ਗ਼ਜ਼ਲਾਂ ਰਾਹੀਂ ਰਿਸ਼ਤਿਆਂ ਨੂੰ ਬਣਾਈ ਰੱਖਣ ਦੀ ਪ੍ਰੇਰਨਾ ਦਿੰਦਾ ਹੈ। ਕੁਝ ਸ਼ਿਅਰ ਇਸ ਪ੍ਰਕਾਰ ਹਨ:

ਸਦਾ ਹੀ ਰਿਸ਼ਤਿਆਂ ਦੇ ਬੋਝ ਨੂੰ ਨ ਬੋਝ ਸਮਝੋ,
ਕਦੇ ਖ਼ੁਦ ਨੂੰ ਤੁਸੀਂ ਐਨਾ ਵੀ ਨ ਲਾਚਾਰ ਰੱਖਣਾ।
ਬਗ਼ਲ ਵਿਚ ਜੋ ਛੁਰੀ ਰੱਖੇ ਤੇ ਮਿਸਰੀ ਬੋਲ ਬੋਲੇ,
ਕਦੇ ਨੇੜੇ ਨ ਅਨਜਾਨੇ ਅਜੇਹਾ ਯਾਰ ਰੱਖਣਾ।
ਅਸੀਸਾਂ ਮਾਂ ਦੀਆਂ ਤੇ ਥਾਪੜੇ ਬਾਪੂ ਦੇ ਵੰਡੋ,
ਘਰਾਂ ਖ਼ਾਤਿਰ ਨ ਇੱਕ ਦੂਜੇ ਦੇ ਸਿਰ ਤਲਵਾਰ ਰੱਖਣਾ।
ਇਸ ਕਦਰ ਗ੍ਰਿਹਸਥੀ ਦੀ ਸੰਸਥਾ ਵਿਚ ਗਿਰਾਵਟ ਆ ਗਈ,
ਇੱਕ ਦਾ ਰਾਜਾ ਹੋਰ ਹੈ ਦੂਜੇ ਦੀ ਰਾਣੀ ਹੋਰ ਹੈ।

ਮਿਹਨਤ ਕਰਨ ਵਾਲੇ ਇਨਸਾਨ ਹਮੇਸ਼ਾ ਬੁਲੰਦੀਆਂ 'ਤੇ ਪਹੁੰਚਕੇ ਨਾਮਣਾ ਖੱਟਦੇ ਹਨ। ਸਮਾਜ ਵਿਚ ਅਜਿਹਾ ਕੋਈ ਕੰਮ ਨਹੀਂ, ਜਿਸ ਨੂੰ ਕੀਤਾ ਨਾ ਜਾ ਸਕੇ ਪ੍ਰੰਤੂ ਮਨੁੱਖ ਵਿਚ ਦ੍ਰਿੜ੍ਹਤਾ, ਹੌਂਸਲਾ ਅਤੇ ਲਗਨ ਹੋਣੀ ਜ਼ਰੂਰੀ ਹੈ। ਤੇਜਿੰਦਰ ਸਿੰਘ ਅਨਜਾਨਾ ਲੋਕਾਈ ਨੂੰ ਕਿਰਤ ਕਰਨ ਦੀ ਪ੍ਰੇਰਨਾ ਦਿੰਦਾ ਹੋਇਆ ਲਿਖਦਾ ਹੈ:

ਹੌਂਸਲੇ ਦੀ ਅੱਗ ਭਖਦੀ ਰੱਖਣਾ ਅੰਦਰ ਸਦਾ,
ਯੱਖ਼ ਤੂਫ਼ਾਨਾਂ 'ਚ ਕਿਧਰੇ ਠਰ ਨ ਜਾਵਣ ਕਿਸ਼ਤੀਆਂ।

ਕੁਝ ਲੋਕ ਕਹਿੰਦੇ ਕੁਝ ਅਤੇ ਕਰਦੇ ਕੁਝ ਹੋਰ ਹਨ, ਭਾਵ ਲੋਕ ਮਖੌਟੇ ਪਾਈ ਫਿਰਦੇ ਹਨ। ਉਹ ਆਪਣੀ ਅਸਲੀ ਪਛਾਣ ਨੂੰ ਲੁਕੋਈ ਫਿਰਦੇ ਹਨ। ਇਸ ਲਈ ਇਨਸਾਨੀਅਤ ਦੀ ਪਛਾਣ ਕਰਨੀ ਮੁਸ਼ਕਲ ਹੋਈ ਪਈ ਹੈ। ਸ਼ਾਇਰ ਲਿਖਦਾ ਹੈ:

ਬਸ਼ਰ ਮਿਲਦੇ ਅਸਾਨੂੰ ਰੋਜ਼ ਨਕਲੀ ਚਿਹਰਿਆਂ ਦੇ ਸੰਗ।
ਮੈਂ ਜੋ ਵੀ ਹਾਂ, ਮਿਰੀ ਪਹਿਚਾਣ ਤਾਂ ਵੱਖ਼ਰੀ ਰਹੇ ਯਾਰੋ!
ਮੁਖੌਟਾ ਪਹਿਨਣਾ ਮੈਨੂੰ ਗਵਾਰਾ ਹੀ ਨਹੀਂ ਕੋਈ।

ਸਾਹਿਤਕਾਰਾਂ ਅਤੇ ਵਾਰਤਕਾਰਾਂ ਦੇ ਕਿਰਦਾਰ ਵਿਚ ਆਈ ਗਿਰਾਵਟ ਵੀ ਸ਼ਾਇਰ ਦੀ ਮਾਨਸਿਕਤਾ ਨੂੰ ਝੰਜੋੜ ਰਹੀ ਹੈ। ਲੋਭ ਲਾਲਚ ਦੀ ਪ੍ਰਵਿਰਤੀ ਕਰਕੇ ਅਜਿਹੇ ਲੋਕ ਆਪਣੀ ਇੱਜ਼ਤ ਗੁਆ ਲੈਂਦੇ ਹਨ ਤੇ ਅਸਲੀਅਤ ਨੂੰ ਸਾਹਮਣੇ ਨਹੀਂ ਆਉਣ ਦਿੰਦੇ। ਇਸ ਸੰਬੰਧੀ ਤੇਜਿੰਦਰ ਸਿੰਘ ਅਨਜਾਨਾ ਦੇ ਕੁਝ ਸ਼ਿਅਰ ਹਨ:


ਕਲਮ ਜਿਸ ਦਿਨ ਹੈ ਵਿਕ ਜਾਂਦੀ ਮਿਰੇ ਯਾਰ! ਉਸੇ ਦਿਨ ਤੋਂ,
ਭਲਾਂ ਕੀ ਕੀ ਨਹੀਂ ਹੁੰਦਾ ਲਿਖਾਰੀ ਨਾਲ, ਕੀ ਦੱਸਾਂ?
ਜਿਹੜੇ ਕਲਮਾ ਵਾਲੇ ਵਿਕ ਜਾਵਣ ਸਨਮਾਨਾ ਖ਼ਾਤਿਰ ਹੀ,
ਸੱਜਣ ਠੱਗਾਂ ਦੀ ਉਸ ਮਹਿਫ਼ਿਲ ਤੋਂ ਚੰਗਾ ਇੱਕ ਪਾਸਾ ਹੈ।
ਮਿਰਾ ਸ਼ੌਕ ਮੇਰਾ, ਤਿਰਾ ਸ਼ੌਕ ਤਿਰਾ,
ਮੈਂ ਚੁਣਦਾ ਹਾਂ ਕੰਡੇ, ਤੂੰ ਜਾਵੇਂ ਵਿਛਾ ਕੇ।
ਤਿਰੀ ਕੀਮਤ ਤਿਰੇ ਕਿਰਦਾਰ ਨੇ ਕਰਨੀ ਹੈ ਤੈਅ ਆਖ਼ਿਰ, ਹਕੀਕਤ ਹੈ,
ਇਹ ਜ਼ਿੰਮਾ ਸਾਰੇ ਦਾ ਸਾਰਾ ਖ਼ੁਦਾ ਦੀ ਜ਼ਾਤ 'ਤੇ ਧਰਨਾ ਨਹੀਂ ਚੰਗਾ।
ਰੱਖ ਭਾਵੇਂ ਪਾਸ ਗੀਤਾ, ਗ੍ਰੰਥ ਜਾਂ ਕੁਰਆਨ ਰੱਖ।
ਕਿਵੇਂ ਪਹਿਚਾਨ ਪਾਵਾਂਗੇ ਅਸੀਂ ਚੰਗੇ ਬੁਰੇ ਨੂੰ ਵੀ,
ਜਿਸ ਨੂੰ ਬਾਹਰ ਲੱਭਦਾ ਫਿਰਦੈਂ ਜੰਗਲ, ਬੇਲੇ, ਪਰਬਤ,
ਅੰਗ ਸੰਗ ਉਹ ਤੇਰੇ ਹਰਦਮ ਵੇਖ ਤੂੰ ਆਪਣੇ ਅੰਦਰ।

ਇੰਟਰਨੈੱਟ ਦੇ ਜ਼ਮਾਨੇ ਨੇ ਬਾਲਪਨ ਹੀ ਬੱਚਿਆਂ ਤੋਂ ਖੋਹ ਲਿਆ ਹੈ। ਦੋਸਤਾਂ ਮਿੱਤਰਾਂ ਨਾਲ ਬਚਪਨ ਗੁਜ਼ਾਰਨ ਤੋਂ ਪ੍ਰਹੇਜ਼ ਕੀਤਾ ਜਾ ਰਿਹਾ ਹੈ। ਬੱਚਿਆਂ ਵੱਲੋਂ ਮੋਬਾਈਲ ਦੀ ਵਰਤੋਂ ਕਰਨ ਬਾਰੇ ਇੱਕ ਸ਼ਿਅਰ ਹੈ:

ਇੱਕ ਮੁਬਾਈਲ ਨੇ ਹੀ ਬੱਚੇ ਘਰ 'ਚ ਕੈਦ ਕਰ ਲਏ,
ਦੋਸਤਾਂ ਦੀ ਆਪਣੀ ਢਾਣੀ ਤੋਂ ਵੱਖਰੇ ਹੋ ਗਏ।

ਤੇਜਿੰਦਰ ਸਿੰਘ ਅਨਜਾਨਾ ਤੋਂ ਭਵਿੱਖ ਵਿੱਚ ਹੋਰ ਵਡਮੁੱਲੀਆਂ ਗ਼ਜ਼ਲਾਂ ਲਿਖਣ ਦੀ ਕਾਮਨਾ ਕਰਦਾ ਹਾਂ।

112 ਪੰਨਿਆਂ, 250 ਰੁਪਏ ਕੀਮਤ ਵਾਲਾ ਗ਼ਜ਼ਲ ਸੰਗ੍ਰਹਿ ਸੰਗਮ ਪਬਲੀਕੇਸ਼ਨਜ਼ ਸਮਾਣਾ (ਸਪਟਿਆਲਾ) ਨੇ ਪ੍ਰਕਾਸ਼ਤ ਕੀਤਾ ਹੈ।



# ਮਾਤਾ ਗੁਜਰੀ ਜੀ ਤੋਂ ਬਹੁਪੱਖੀ ਗਿਆਨ ਪ੍ਰਾਪਤ ਕਰਨ ਵਾਲੇ ਬਾਬਾ ਜੱਸਾ ਸਿੰਘ ਆਹਲੂਵਾਲੀਆ

## 23 ਅਕਤੂਬਰ ਨੂੰ ਬਰਸੀ 'ਤੇ ਵਿਸ਼ੇਸ਼

-ਦਿਲਜੀਤ ਸਿੰਘ ਬੇਦੀ
ਮੋ: 76579-68570
ਪੰਜਾਬ ਮੇਲ USA





ਉਨ੍ਹਾਂ ਮਾਵਾਂ ਦੀਆਂ ਕੁੱਖਾਂ ਹੀ ਵੱਡਭਾਗੀਆਂ ਹੁੰਦੀਆਂ ਹਨ, ਜਿਨ੍ਹਾਂ 'ਚ ਸੁਲਤਾਨ-ਉਲ-ਕੌਮ ਸ. ਜੱਸਾ ਸਿੰਘ ਆਹਲੂਵਾਲੀਏ ਵਰਗੇ ਮਹਾਨ ਯੋਧੇ ਜਰਨੈਲ ਤੇ ਪੰਥ ਸੇਵਕ ਪੈਦਾ ਹੁੰਦੇ ਹਨ। ਨਵਾਬ ਕਪੂਰ ਸਿੰਘ ਦੇ ਇਸ ਜਹਾਨ ਤੋਂ ਅਕਾਲ ਚਲਾਣਾ ਕਰ ਜਾਣ ਉਪਰੰਤ ਸਮੁੱਚੇ ਪੰਥ ਵਲੋਂ ਇਕ ਰਾਏ ਹੋ ਸ. ਜੱਸਾ ਸਿੰਘ ਆਹਲੂਵਾਲੀਏ ਨੂੰ ਪੰਥ ਦਾ ਸ਼੍ਰੋਮਣੀ ਜਥੇਦਾਰ ਪ੍ਰਵਾਨਿਆ ਗਿਆ। ਖਾਲਸੇ ਦੇ ਧਾਰਮਿਕ ਤੇ ਸਿਆਸੀ ਮਾਮਲਿਆਂ ਤੇ ਮੋਹਰ ਜਥੇਦਾਰ ਦੀ ਪ੍ਰਵਾਨ ਹੋਈ। ਉਹ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਚੌਥੇ ਮੁਖੀ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੀ ਰਹੇ।

ਜੱਸਾ ਸਿੰਘ ਨੇ ਸ. ਬਦਰ ਸਿੰਘ ਦੇ ਘਰ ਮਾਤਾ ਜੀਵਨ ਕੌਰ ਦੀ ਪਵਿੱਤਰ ਕੁੱਖੋਂ ਪਿੰਡ ਆਹਲੂ ਜ਼ਿਲ੍ਹਾ ਲਾਹੌਰ (ਪਾਕਿਸਤਾਨ) ਵਿਖੇ 3 ਮਈ 1718 ਈ: ਨੂੰ ਜਨਮ ਲਿਆ। ਬਾਪ ਦਾ ਛੋਟੀ ਉਮਰੇ ਸਿਰ ਤੋਂ ਸਾਇਆ ਉਠ ਗਿਆ। ਮਾਤਾ ਜੀਵਨ ਕੌਰ ਸੰਗਤ ਨਾਲ ਦਿੱਲੀ ਗਏ ਤੇ ਮਾਤਾ ਸੁੰਦਰੀ ਜੀ ਦੀ ਸੇਵਾ ਵਿਚ ਹੀ ਜੁੱਟ ਗਏ। ਉਥੇ ਹੀ ਬਾਲ ਜੱਸਾ ਸਿੰਘ ਨੇ ਕੀਰਤਨ ਤੇ ਸੇਵਾ ਦੀ ਅਸੀਸ ਪ੍ਰਾਪਤ ਕੀਤੀ। ਮਾਤਾ ਸੁੰਦਰੀ ਜੀ ਦੀ ਸਰਪ੍ਰਸਤੀ ਵਿਚ ਹੀ ਸਿੱਖ ਵਿਚਾਰਧਾਰਾ, ਆਤਮਿਕ ਤੇ ਸਮਾਜਿਕ ਪੱਖਾਂ ਤੇ ਬਹੁਪੱਖੀ ਸਿੱਖਿਆ ਤੇ ਵੱਖ-ਵੱਖ ਭਾਸ਼ਾਵਾਂ ਦਾ ਗਿਆਨ, ਸ਼ੁੱਧ ਗੁਰਬਾਣੀ ਪੜ੍ਹਨ ਅਤੇ ਯੁੱਧਨੀਤੀ ਦੀ ਵਿੱਦਿਆ ਸ. ਜੱਸਾ ਸਿੰਘ ਨੇ ਪ੍ਰਾਪਤ ਕੀਤਾ। ਦਿੱਲੀ ਤੋਂ ਤੁਰਨ ਸਮੇਂ ਮਾਤਾ ਸੁੰਦਰੀ ਜੀ ਨੇ ਬਾਲਕ ਜੱਸਾ ਸਿੰਘ ਨੂੰ ਦਸਮੇਸ਼ ਪਿਤਾ ਦੇ ਕਰ ਕਮਲਾਂ ਦੀ ਛੋਹ ਪ੍ਰਾਪਤ ਸ਼ਸ਼ਤਰ, ਤਲਵਾਰ, ਤੀਰਾਂ ਦਾ ਭੱਥਾ, ਕਮਾਨ, ਗੁਰਜ ਆਦਿ ਬਖਸ਼ਿਸ਼ ਕੀਤੇ।

ਮਾਤਾ ਜੀਵਨ ਕੌਰ, ਪੁੱਤਰ ਜੱਸਾ ਸਿੰਘ ਤੇ ਮਾਮਾ ਸ. ਬਾਘ ਸਿੰਘ ਹਲੋਵਾਲੀਆ, ਨਵਾਬ ਕਪੂਰ ਸਿੰਘ ਪਾਸ ਕਰਤਾਰਪੁਰ ਜਲੰਧਰ ਵਿਖੇ ਪੁੱਜੇ। ਗੁਰੂ ਘਰੋਂ ਅਸੀਸ ਪ੍ਰਾਪਤ ਕਰਕੇ ਆਏ ਗੁੱਭਰੂ ਜੱਸਾ ਸਿੰਘ ਨੇ ਅੰਮ੍ਰਿਤ ਵੇਲੇ ਕੀਰਤਨ ਕਰਕੇ ਸਭ ਨੂੰ ਨਿਹਾਲੋ ਨਿਹਾਲ ਕੀਤਾ। ਸ. ਜੱਸਾ ਸਿੰਘ ਦੀ ਸ਼ਖਸੀਅਤ ਨਵਾਬ ਕਪੂਰ ਸਿੰਘ ਨੂੰ ਚੰਗੀ ਲੱਗੀ। ਉਨ੍ਹਾਂ ਮਾਤਾ ਜੀਵਨ ਕੌਰ ਨੂੰ ਕਿਹਾ ਕਿ ਜੱਸਾ ਸਿੰਘ ਨੂੰ ਸਾਡੇ ਕੋਲ ਰਹਿਣ ਦਿਉ। ਇਸ 'ਤੇ ਭੈਣ ਭਰਾ ਨੇ ਜੱਸਾ ਸਿੰਘ ਨੂੰ ਪੰਥ ਦੇ ਮਹਾਨ ਆਗੂ ਨਵਾਬ ਕਪੂਰ ਸਿੰਘ ਦੇ ਸਪੁਰਦ ਕਰ ਦਿੱਤਾ। ਇਹੋ ਸ. ਜੱਸਾ ਸਿੰਘ ਬਾਅਦ ਵਿਚ ਨਵਾਬ ਸਾਹਿਬ ਦਾ ਧਰਮ ਪੁੱਤਰ ਪ੍ਰਸਿੱਧ ਹੋਇਆ। ਉਹ ਗੁਰਬਾਣੀ ਤੇ ਗੁਰਮਤਿ ਸੰਗੀਤ ਦੇ ਰਈਏ ਸਨ।

ਨਵਾਬ ਕਪੂਰ ਸਿੰਘ ਨੇ ਸ. ਜੱਸਾ ਸਿੰਘ ਨੂੰ ਘੋੜ ਸਵਾਰੀ, ਤੇਗ ਜੌਹਰ, ਨੇਜ਼ਾਬਾਜ਼ੀ ਤੇ ਤੀਰਕਮਾਨ ਆਦਿ ਦੀ ਬਰੀਕੀ ਨਾਲ ਸਿੱਖਿਆ ਦਿਵਾਈ। ਸ. ਜੱਸਾ ਸਿੰਘ ਇਸ ਸਿਖਲਾਈ ਦੇ ਨਾਲ ਦੀਵਾਨਾਂ ਵਿਚ ਸੰਗਤ ਨੂੰ ਪੱਖਾ ਝੱਲਣ ਤੇ ਭਾਂਡੇ ਮਾਂਜਣ ਦੀ ਸੇਵਾ ਵੀ ਖੂਬ ਕਰਦਾ। ਪੁੱਤ ਗੱਭਰੂ ਹੋਇਆ ਤਾਂ ਨਵਾਬ ਕਪੂਰ ਸਿੰਘ ਨੇ ਉਸ ਨੂੰ ਖੰਡੇ-ਬਾਟੇ ਦੇ ਅੰਮ੍ਰਿਤ ਦੀ ਦਾਤ ਦਿੱਤੀ ਤੇ ਰਹਿਤ-ਬਹਿਤ ਵਿਚ ਪਰਪੱਕ ਰਹਿਣ ਲਈ ਕਿਹਾ। ਫਿਰ ਨਵਾਬ ਕਪੂਰ ਸਿੰਘ ਜੀ ਨੇ ਖਾਲਸੇ ਦੇ ਘੋੜਿਆਂ ਨੂੰ ਖੁਰਾਕ ਮੁਹੱਈਆ ਕਰਨ ਦੀ ਸੇਵਾ ਸੌਂਪ ਦਿੱਤੀ, ਜੋ ਸ. ਜੱਸਾ ਸਿੰਘ ਨੇ ਪੂਰੀ ਤਨਦੇਹੀ ਤੇ ਲਗਨ ਨਾਲ ਨਿਭਾਈ। ਸ. ਜੱਸਾ ਸਿੰਘ ਆਪਣੇ ਧਰਮ ਪਿਤਾ ਨਵਾਬ ਕਪੂਰ ਸਿੰਘ ਦੀਆਂ ਬਹੁਤ ਸਾਰੀਆਂ ਮੁਹਿੰਮਾਂ ਸਮੇਂ ਉਨ੍ਹਾਂ ਦੇ ਨਾਲ ਰਹੇ ਤੇ ਜਿੱਤਾਂ ਪ੍ਰਾਪਤ ਕੀਤੀਆਂ। ਉਹ 1738 ਦੇ ਲਗਭਗ ਸਿੱਖ ਸਰਦਾਰਾਂ ਦੀ ਪਹਿਲੀ ਕਤਾਰ ਵਿਚ ਸ਼ਾਮਲ ਹੋ ਗਏ ਸਨ। ਸ. ਜੱਸਾ ਸਿੰਘ ਨੇ ਜਿਥੇ ਅਫਗਾਨੀਆਂ ਨੂੰ ਸੋਧਿਆ, ਉਥੇ 1761 ਨੂੰ ਅਮਿਦਸ਼ਾਹ ਅਬਦਾਲੀ ਕੋਲੋਂ ਬਾਈ ਸੌ ਜਵਾਨ ਹਿੰਦੂ ਲੜਕੀਆਂ ਨੂੰ ਛਡਾ ਕੇ ਬਾਇੱਜ਼ਤ ਘਰੋਂ-ਘਰੀਂ ਪਹੁੰਚਾਇਆ। 1761 ਨੂੰ ਖਾਲਸੇ ਨੇ ਲਾਹੌਰ ਫਤਹਿ ਕੀਤਾ ਅਤੇ ਇਸ ਖੁਸ਼ੀ ਵਿਚ ਸ. ਜੱਸਾ ਸਿੰਘ ਆਹਲੂਵਾਲੀਆ ਨੂੰ ਪੰਥ ਦਾ ਪਹਿਲਾ ਬਾਦਸ਼ਾਹ ਸੁਲਤਾਨ-ਉਲ-ਕੌਮ ਐਲਾਨਿਆ ਗਿਆ। ਸੁਲਤਾਨ-ਉਲ-ਕੌਮ ਨੇ ਸਿੱਖਾਂ ਦੀ ਸੁਤੰਤਰਤਾ ਦਾ ਐਲਾਨ ਕੀਤਾ ਤੇ ਸਿੱਖ ਗੁਰੂ ਸਾਹਿਬਾਨ ਦੇ ਨਾਂ ਦੇ ਸਿੱਕੇ ਜਾਰੀ ਕੀਤੇ। ਜਥੇਦਾਰ ਜੱਸਾ ਸਿੰਘ ਆਹਲੂਵਾਲੀਆ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਚੌਥੇ ਜਥੇਦਾਰ ਬਣੇ ਤੇ ਇਹ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵਜੋਂ ਵੀ ਕੌਮ ਦੀ ਅਗਵਾਈ ਕਰਦੇ ਰਹੇ। ਏਸੇ ਤਰ੍ਹਾਂ ਹੀ ਇਸ ਮਹਾਨ ਜਥੇਬੰਦੀ ਦੇ ਆਗੂ ਦੀਵਾਨ ਦਰਬਾਰਾ ਸਿੰਘ, ਨਵਾਬ ਕਪੂਰ ਸਿੰਘ, ਸ. ਜੱਸਾ ਸਿੰਘ ਆਹਲੂਵਾਲੀਆ, ਜਥੇਦਾਰ ਨੈਣਾ ਸਿੰਘ, ਜਥੇ. ਅਕਾਲੀ ਫੂਲਾ ਸਿੰਘ, ਬਾਬਾ ਹਨੁਮਾਨ ਸਿੰਘ, ਬਾਬਾ ਪ੍ਰਲਾਹਦ ਸਿੰਘ, ਬਾਬਾ ਗਿਆਨ ਸਿੰਘ, ਬਾਬਾ ਤੇਜਾ ਸਿੰਘ, ਇਹ ਸਾਰੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੁੱਖ ਸੇਵਾਦਾਰ ਵਜੋਂ ਸੇਵਾ ਵੀ ਨਿਭਾਉਂਦੇ ਰਹੇ। ਲੰਮਾਂ ਸਮਾਂ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪਾਸ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸੇਵਾ ਸੰਭਾਲ ਦਾ ਪ੍ਰਬੰਧ ਰਿਹਾ। ਬਾਅਦ ਵਿਚ ਬਾਬਾ ਸਾਹਿਬ ਸਿੰਘ ਕਲਾਧਾਰੀ, ਬਾਬਾ ਚੇਤ ਸਿੰਘ, ਬਾਬਾ ਸੰਤਾ ਸਿੰਘ ਨੇ ਸ਼ਾਨਦਾਰ ਸੇਵਾਵਾਂ ਹੁਣ ਬਾਬਾ ਬਲਬੀਰ ਸਿੰਘ ਬੁੱਢਾ ਦਲ ਦੇ 14ਵੇਂ ਮੁਖੀ ਵਜੋਂ ਸੇਵਾ ਨਿਭਾ ਰਹੇ ਹਨ। ਇਤਿਹਾਸਕਾਰ ਲਿਖਦੇ ਹਨ ਕਿ ਵੱਡਾ ਘੱਲੂਘਾਰਾ ਜੋ 5 ਫਰਵਰੀ 1762 ਨੂੰ ਕੁੱਪ ਰੁਹੀੜੇ ਦੇ ਸਥਾਨ ਉਪਰ ਵਾਪਰਿਆ, ਉਸ ਸਮੇਂ ਸ. ਜੱਸਾ ਸਿੰਘ ਨੇ ਬਹੁਤ ਦਲੇਰੀ ਤੇ ਸਮਝਦਾਰੀ ਨਾਲ ਕੌਮ ਦੀ ਅਗਵਾਈ ਕੀਤੀ। ਇਸ ਸਾਕੇ ਸਮੇਂ ਉਨ੍ਹਾਂ ਦੇ ਸਰੀਰ 'ਤੇ ਦੋ ਦਰਜਨ ਤੋਂ ਵੱਧ ਫੱਟ ਲੱਗੇ। 1764 ਵਿਚ ਸਰਹਿੰਦ ਫਤਹਿ ਕਰਨ ਉਪਰੰਤ ਖਾਲਸੇ ਨੇ ਮਾਤਾ ਗੁਜਰੀ ਜੀ ਦੀ ਯਾਦ ਵਿਚ ਗੁਰਦੁਆਰਾ ਸਾਹਿਬ ਉਸਾਰਿਆ।

ਸ. ਜੱਸਾ ਸਿੰਘ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਸੇਵਾ ਲਈ ਨੌਂ ਲੱਖ ਰੁਪੈ ਅਤੇ ਬਾਕੀ ਸਿੰਘ ਸਰਦਾਰਾਂ ਨੇ ਪੰਜ ਲੱਖ ਰੁਪਏ ਭੇਟ ਕੀਤੇ। ਇਹ ਮਾਇਆ ਆਪ ਨੇ ਗੁਰੂ ਘਰ ਦੇ ਅਨਿਨ ਭਾਈ ਦੇਸ ਰਾਜ ਬਿਧੀ ਚੰਦੀਏ ਨੂੰ ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਲਈ ਸੌਂਪ ਦਿੱਤੀ। ਇੱਕ ਹੋਰ ਇਤਿਹਾਸਕ ਘਟਨਾ ਸਾਹਮਣੇ ਆਉਂਦੀ ਹੈ ਕਿ ਇਸ ਸਮੇਂ ਨੌਸ਼ਹਿਰਾ ਪੰਨੂਆਂ ਦੇ ਚੌਧਰੀ ਰਾਏ ਜਿਸ ਤਿੰਨ ਲੱਖ ਰੁਪਏ ਵਿਚ ਸ੍ਰੀ ਹਰਿਮੰਦਰ ਸਾਹਿਬ ਗਿਰਵੀ ਸੀ, ਉਸਦਾ ਬਣਦਾ ਕਰਜ ਚੁੱਕਾ ਕੇ ਜੱਸਾ ਸਿੰਘ ਆਹਲੂਵਾਲੀਆ ਨੇ ਸਿੱਖ ਪੰਥ ਦੇ ਸਿਰੋਂ ਵੱਡਾ ਭਾਰ ਉਤਾਰਿਆ। ਇਨ੍ਹਾਂ ਪੰਥਕ ਨਿਸ਼ਕਾਮ ਸੇਵਾਵਾਂ ਦੇ ਉਤਰਫਲ ਵਜੋਂ ਹੀ ਬਜ਼ਾਰ (ਕਟੜਾ) ਦਾ ਨਾਂ ਆਹਲੂਵਾਲੀਆ ਰੱਖਿਆ ਗਿਆ। 11 ਮਾਰਚ 1783 ਨੂੰ ਆਹਲੂਵਾਲੀਆ ਦੀ ਅਗਵਾਈ ਵਿਚ ਸਿੱਖ ਸਰਦਾਰਾਂ ਸ. ਜੱਸਾ ਸਿੰਘ ਰਾਮਗੜ੍ਹੀਆ, ਸ. ਬਘੇਲ ਸਿੰਘ, ਸ. ਭਾਗ ਸਿੰਘ, ਸ. ਗੁਰਦਿੱਤ ਸਿੰਘ ਨੇ ਮਿਲ ਕੇ ਲਾਲ ਕਿਲੇ 'ਤੇ ਕੇਸਰੀ ਪਰਚਮ ਲਹਿਰਾਇਆ ਤੇ ਸੁਲਤਾਨ-ਉਲ-ਕੌਮ ਸ. ਜੱਸਾ ਸਿੰਘ ਆਹਲੂਵਾਲੀਆ ਨੂੰ ਭਾਰਤ ਦਾ ਬਾਦਸ਼ਾਹ ਐਲਾਨਿਆ। ਇਸ ਸਮੇਂ ਸਿੱਖ ਪੰਥ ਪੂਰੀ ਜਾਹੋ ਜਲਾਲ ਵਿਚ ਸੀ, ਪੰਥ ਦੇ ਜੈਕਾਰਿਆਂ ਦੀਆਂ ਧੁੰਮਾਂ ਅਕਾਸ਼ ਵਿਚ ਗੂੰਜਦੀਆਂ ਸਨ। ਹਰ ਪਾਸੇ ਕੇਸਰੀ ਨਿਸ਼ਾਨ ਲਹਿਰਾਉਂਦੇ ਸਨ। ਅਖੀਰ ਸ. ਜੱਸਾ ਸਿੰਘ ਆਹਲੂਵਾਲੀਆ 20 ਅਕਤੂਬਰ 1783 ਨੂੰ ਕੌਮ ਦੇ ਤੇਜਤਪ ਨੂੰ ਬੁਲੰਦੀਆਂ 'ਤੇ ਪਹੁੰਚਾ ਅਕਾਲ ਚਲਾਣਾ ਕਰ ਗਏ। ਉਨ੍ਹਾਂ ਦਾ ਅੰਗੀਠਾ ਬਾਕੀ ਸਿੰਘ ਸਾਹਿਬਾਨਾਂ ਦੇ ਨਾਲ ਗੁਰਦੁਆਰਾ ਬਾਬਾ ਅਟੱਲ ਰਾਏ ਸਾਹਿਬ ਦੀ ਪ੍ਰਕਰਮਾ ਵਿਚ ਬਣਿਆ ਹੋਇਆ ਹੈ। ਹਰ ਸਾਲ ਦੀ ਤਰ੍ਹਾਂ ਉਨ੍ਹਾਂ ਦੀ 241ਵੀਂ ਬਰਸੀ ਦੇ ਗੁਰਮਤਿ ਸਮਾਗਮ ਗੁਰਦੁਅਰਾ ਮੱਲ ਅਖਾੜਾ ਸਾਹਿਬ ਪਾਤਸ਼ਾਹੀ ਛੇਵੀਂ, ਗੁ: ਬੁਰਜ ਅਕਾਲੀ ਬਾਬਾ ਫੂਲਾ ਸਿੰਘ ਛਾਉਣੀ ਬੁੱਢਾ ਦਲ ਸ੍ਰੀ ਅੰਮ੍ਰਿਤਸਰ ਸਾਹਿਬ ਅਤੇ ਸ੍ਰੀ ਹਰਿਮੰਦਰ ਸਾਹਿਬ ਦੇ ਨਜ਼ਦੀਕ ਗੁ: ਬਾਬਾ ਅਟੱਲ ਰਾਏ ਸਾਹਿਬ ਵਿਖੇ ਹੋਣਗੇ। ਜਿਸ ਵਿਚ ਤਖ਼ਤ ਸਾਹਿਬਾਨਾਂ ਦੇ ਜਥੇਦਾਰ, ਧਾਰਮਿਕ ਪ੍ਰਮੁੱਖ ਸਖਸ਼ੀਅਤਾਂ, ਰਾਗੀ, ਢਾਡੀ, ਕਥਾਵਾਚਕ ਪ੍ਰਚਾਰਕ ਵੀ ਸਿੱਖ ਇਤਿਹਾਸ ਤੋਂ ਸੰਗਤਾਂ ਜਾਣੂੰ ਕਰਵਾਉਣਗੇ। ਸੰਨ 2031 ਵਿਚ ਬਾਬਾ ਜੱਸਾ ਸਿੰਘ ਆਹਲੂਵਾਲੀਏ ਦੇ 250ਵੀਂ ਬਰਸੀ ਸਮਾਗਮ ਅਰਥ ਸ਼ਤਾਬਦੀ ਵਜੋਂ ਮਨਾਏ ਜਾਣਗੇ।

**ਮਾਤਾ ਜੀਵਨ ਕੌਰ, ਪੁੱਤਰ ਜੱਸਾ ਸਿੰਘ ਤੇ ਮਾਮਾ ਸ. ਬਾਘ ਸਿੰਘ ਹਲੋਵਾਲੀਆ, ਨਵਾਬ ਕਪੂਰ ਸਿੰਘ ਪਾਸ ਕਰਤਾਰਪੁਰ ਜਲੰਧਰ ਵਿਖੇ ਪੁੱਜੇ। ਗੁਰੂ ਘਰੋਂ ਅਸੀਸ ਪ੍ਰਾਪਤ ਕਰਕੇ ਆਏ ਗੁੱਭਰੂ ਜੱਸਾ ਸਿੰਘ ਨੇ ਅੰਮ੍ਰਿਤ ਵੇਲੇ ਕੀਰਤਨ ਕਰਕੇ ਸਭ ਨੂੰ ਨਿਹਾਲੋ ਨਿਹਾਲ ਕੀਤਾ। ਸ. ਜੱਸਾ ਸਿੰਘ ਦੀ ਸ਼ਖਸੀਅਤ ਨਵਾਬ ਕਪੂਰ ਸਿੰਘ ਨੂੰ ਚੰਗੀ ਲੱਗੀ। ਉਨ੍ਹਾਂ ਮਾਤਾ ਜੀਵਨ ਕੌਰ ਨੂੰ ਕਿਹਾ ਕਿ ਜੱਸਾ ਸਿੰਘ ਨੂੰ ਸਾਡੇ ਕੋਲ ਰਹਿਣ ਦਿਉ।**

## 'ਯਾਦ ਰੱਖਣ ਯੋਗ ਗੱਲਾਂ'

ਹਰਦੀਪ ਸਿੰਘ ਸੋਢੀ ਨੜਾਲਾ
ਫੀਨਿਕਸ 480-794-0325



- ਜਿਸ ਇਸਤਰੀ ਦੀ ਗੋਦ ਖਾਲੀ ਅਤੇ ਜਿਸ ਮਰਦ ਦੀ ਜੇਬ ਖਾਲੀ ਹੋਵੇ, ਉਨ੍ਹਾਂ ਨੂੰ ਆਮ ਲੋਕਾਂ ਨਾਲੋਂ ਘੱਟ ਸਤਿਕਾਰ ਮਿਲਦਾ ਹੈ।
- ਪਹਿਰੇ 'ਤੇ ਖੜ੍ਹਾ ਸੰਤਰੀ ਅਤੇ ਬਿਨਾਂ ਅੰਦਰਲੀ ਕੁੰਡੀ ਵਾਲੇ ਬਾਥਰੂਮ ਵਿਚ ਬੈਠਾ ਵਿਅਕਤੀ ਇੱਕੋ ਜਿੰਨੇ ਚੁਕੰਨੇ ਹੁੰਦੇ ਹਨ।
- ਅੱਜ ਕਹਿਣ ਦਾ ਹੀ ਲੋਕਤੰਤਰ ਹੈ, ਜਦਕਿ ਰਾਜਨੀਤੀ ਤਾਂ ਭੁੱਖੀ ਮੱਝ ਵਾਂਗ ਹੈ, ਚਾਹੇ ਤਾਂ ਸਾਰਾ ਸੰਸਾਰ ਖਾ ਜਾਵੇ।
- ਜਦੋਂ ਕੋਈ ਸਿਆਣਾ ਵਿਅਕਤੀ ਕਿਸੇ ਮੂਰਖ ਨਾਲ ਬਹਿਸ ਕਰਨ ਲੱਗ ਪਵੇ, ਤਾਂ ਉਥੇ ਇੱਕ ਨਹੀਂ, ਦੋ ਮੂਰਖ ਹੁੰਦੇ ਹਨ।
- ਮਿੱਤਰ ਪਿਆਰਿਉ ਸਿਰਫ ਸਰੀ ਅਤੇ ਬਰੈਂਪਟਨ ਹੀ ਮਿੰਨੀ ਪੰਜਾਬ ਨਹੀਂ ਬਣਿਆ, ਲੁਧਿਆਣਾ, ਖੰਨਾ, ਮੁਹਾਲੀ ਵੀ ਮਿੰਨੀ ਬਿਹਾਰ ਬਣ ਗਿਆ ਹੈ।
- ਦੋਸਤ ਨਾਲ ਹੋਣ ਤਾਂ ਰੋਣ ਵਿਚ ਵੀ ਹਾਸੇ ਜਿਹੀ ਸ਼ਾਨ ਹੈ, ਜੇ ਦੋਸਤ ਨਾਰਾਜ਼ ਹੋਵਣ ਤਾਂ ਮਹਿਫ਼ਿਲ ਵੀ ਸ਼ਮਸ਼ਾਨ ਹੈ। ਸਾਰਾ ਖੇਡ ਦੋਸਤੀ ਦਾ ਹੈ ਮੇਰੇ ਦੋਸਤ, ਵਰਨਾ ਕੀ ਜਨਾਜ਼ਾ ਅਤੇ ਬਾਰਾਤ ਸਭ ਕੁਝ ਇੱਕ ਸਮਾਨ ਹੈ (ਹਰਿਵੰਸ਼ ਰਾਏ ਬੱਚਨ)

ਕਮਲ ਗਿੱਲ
ਯੂ.ਕੇ.
07454394684
ਪੰਜਾਬ ਮੇਲ USA




# ਬਾਪੂ ਜੀ ਦੀ ਲਾਡਲੀ



**ਦੇਖਦਿਆਂ-ਦੇਖਦਿਆਂ ਸਮਾਂ ਝੱਟ ਲੰਘ ਗਿਆ। ਆਪਣੀ ਹੈਸੀਅਤ ਮੁਤਾਬਿਕ ਪੁਰੋ ਦੇ ਮਾਪਿਆਂ ਨੇ ਧੀ ਦਾ ਵਿਆਹ ਕਰ ਦਿੱਤਾ। ਪਰ ਉਸ ਦੇ ਸਹੁਰਿਆਂ ਨੇ ਆਪਣੇ ਪਾਸੇ ਬਹੁਤ ਤੱਕੜਾ ਵਿਆਹ ਕੀਤਾ। ਤਿੰਨ ਦਿਨ ਗਾਉਣ ਵਾਲਾ ਲਾਈ ਰੱਖਿਆ। ਇੰਨਾ ਤੱਕੜਾ ਕਿ ਆਲੇ-ਦੁਆਲੇ ਦੇ ਇਲਾਕੇ 'ਚ ਧੰਨ-ਧੰਨ ਕਰਾ ਦਿੱਤਾ। ਬਚਿੱਤਰ ਸਿਓਂ ਨੇ ਆਪਣੇ ਪੈਸਿਆਂ ਦਾ ਪੂਰਾ-ਪੂਰਾ ਰੋਹਬ ਦਿਖਾਇਆ। ਗਾਉਣ ਵਾਲਾ ਲਾਇਆ ਗਿਆ, ਸ਼ਰਾਬ ਮੀਟ ਸਭ ਰੱਜ ਕੇ ਵਰਤਾਇਆ। ਪੂਰੇ ਪਿੰਡ ਵਿਚ ਬਚਿੱਤਰ ਸਿਓਂ ਨੇ ਆਪਣੇ ਪੁੱਤ ਦੇ ਵਿਆਹ ਦੀ ਧੰਨ-ਧੰਨ ਕਰਾ ਦਿੱਤੀ। ਡੋਲੀ ਤੁਰਨ ਲੱਗਿਆਂ ਪੁਰੋ ਆਪਣੇ ਪਿਓ ਦੇ ਗੱਲ ਲੱਗ ਰੋਈ, ਤਾਂ ਬਚਿੱਤਰ ਸਿਓਂ ਨੇ ਪਿਓ ਦੇ ਗਲ ਲੱਗ ਰੋਂਦੀ ਪੁਰੋ ਨੂੰ ਵਰਾਉਂਦਿਆਂ ਆਖਿਆ ਸੀ, ਨਾ ਮੇਰੀ ਲਾਡਲੀ ਧੀ ਰੋਣਾ ਨਹੀਂ ਕਿਹੜਾ ਬੇਗਾਨੇ ਘਰ ਚੱਲੀ ਏ, ਤੂੰ ਤੇ ਸਾਡੀ ਧੀ ਏ ਕਮਲੀਏ ਲਾਡਲੀ ਧੀ। ਜਿਹੋ ਜਿਹਾ ਤੇਰਾ ਪਿਓ ਉਹੋ ਜਿਹਾ ਮੈਂ ਹਾਂ।**

ਪੁਰੋ ਦਾ ਚਾਅ ਥੰਮਿਆ ਨੀ ਜਾਂਦਾ ਸੀ, ਕੱਚੀ ਕੰਧ ਦੀ ਛੋਟੀ ਜਿਹੀ ਮੋਰੀ ਵਿਚੋਂ ਉਸ ਨੇ ਜਾਂਦੇ-ਜਾਂਦੇ ਆਪਣੇ ਹੋਣ ਵਾਲੇ ਵਰ ਦੀ ਪਿੱਠ ਵੇਖੀ ਸੀ। ਸੋਹਣਾ, ਸਢੋਲ ਜਿਹਾ ਜੁੱਸਾ, ਉੱਚਾ-ਲੰਮਾ ਗੱਭਰੂ, ਚਿੱਟੇ ਕੁੜਤੇ-ਚਾਦਰੇ ਅਤੇ ਤੁਰਲੇ ਵਾਲੀ ਪੱਗ ਵਿਚ ਖੂਬ ਫੱਬ ਰਿਹਾ ਸੀ। ਉਹ ਕਿਸੇ ਰਸਾਲਦਾਰ ਦੇ ਰੁੱਤਬੇ ਜਿੰਨਾ ਟੋਹਰੀ ਬੰਦਾ ਲੱਗ ਰਿਹਾ ਸੀ।

ਸੰਗਦਿਆਂ ਮਾਰੇ ਉਹ ਪਹਿਲਾਂ ਉਸ ਵੱਲ ਇੱਕ ਨਜ਼ਰ ਭਰ ਕੇ ਨਹੀਂ ਵੇਖ ਸਕੀ ਸੀ। ਉਂਝ ਵੀ ਮਾਂ ਅਤੇ ਭਾਬੀ ਨੇ ਸੌ ਨਸੀਹਤਾਂ ਦੇ ਕੇ ਬਾਹਰ ਪ੍ਰੋਹਣਿਆ ਵੱਲ ਚਾਹ ਦੇ ਕੇ ਤੋਰਿਆ ਸੀ। ਹਾਲੇ ਦੋ ਕੁ ਮਹੀਨੇ ਪਹਿਲਾਂ ਹੀ ਭੂਆ ਨੇ ਕਰਮ ਸਿਓਂ ਦੀ ਦਸ ਪੁਰੋ ਲਈ ਪਾਈ ਸੀ। ਪੁਰੋ ਦੀ ਮਾਂ ਹਾਲੇ ਰੋਕ-ਟੋਕ ਕਰ ਰਹੀ ਸੀ ਕਿ ਕੁੜੀ ਨਿਆਣੀ ਹੈ, ਹਾਲੇ ਨਹੀਂ ਵਿਹਾਉਣੀ ਪਰ ਪੁਰੋ ਦਾ ਪਿਓ ਕਾਹਲਾ ਪਿਆ ਹੋਇਆ ਸੀ, ਧੀ ਦਾ ਧੰਨ ਹੈ, ਧੀ ਸੁੱਖ ਸਵੀਲੀ ਆਪਣੇ ਘਰ ਆਪਣੀ ਇੱਜ਼ਤ ਲੈ ਕੇ ਜਾਵੇ, ਬੱਸ ਇਹੋ ਸੁੱਖਣਾ ਸੁੱਖਦਾ ਸੀ। ਆਲੇ-ਦੁਆਲੇ ਦੇ ਪਿੰਡਾਂ ਵਿਚ ਦੋ ਕੁ ਕੁੜੀਆਂ ਦੀਆਂ ਗੱਲਾਂ ਉੱਡਦੀਆਂ-ਉੱਡਦੀਆਂ ਉਸ ਦੇ ਕੰਨਾਂ 'ਚ ਪਈਆਂ ਸਨ ਕਿ ਉਹ ਘਰਦਿਆਂ ਦੀ ਮਰਜ਼ੀ ਤੋਂ ਬਿਨਾਂ ਨਾਲ ਦੇ ਪਿੰਡ 'ਚ ਕਿਸੇ ਨਾਲ ਉੱਦਲ ਗਈਆਂ ਸਨ। ਉਨ੍ਹਾਂ ਦਾ ਸੁਣ ਉਦੋਂ ਤੋਂ ਉਸ ਦਾ ਮਨ ਬਹੁਤ ਡਰ ਗਿਆ ਸੀ। ਜਵਾਨ ਪੰਜ ਧੀਆਂ ਦੇ ਪਿਓ ਦਾ ਡਰਨਾ ਲਾਜ਼ਮੀ ਹੀ ਸੀ।

ਹਾਲੇ ਪੁਰੋ ਮਸਾਂ ਸੋਹਲਾਂ ਵਰ੍ਹਿਆਂ ਦੀ ਹੀ ਹੋਈ ਸੀ। ਸੱਜਣ ਸਿਓਂ ਨੇ ਆਪਣੇ ਸਾਕ-ਸੰਬੰਧੀਆਂ ਨੂੰ ਕੁੜੀ ਲਈ ਮੁੰਡੇ ਦੀ ਦੱਸ ਪਾਉਣ ਨੂੰ ਕਹਿ ਦਿੱਤਾ ਸੀ। ਉਂਝ ਵੀ ਪੁਰੋ ਤੋਂ ਬਾਅਦ ਘਰ 'ਚ ਚਾਰ ਹੋਰ ਧੀਆਂ ਉੱਪਰੋ-ਥਲੀ ਦੀਆਂ ਵਿਆਹੁਣ ਲਈ ਖੜ੍ਹੀਆਂ ਸਨ।

ਕਰਮ ਸਿਓਂ ਦੋ ਮੱਰਬਿਆ ਦਾ ਮਾਲਕ ਸੀ, ਮਾਂ-ਪਿਓ ਦਾ ਇੱਕਲੌਤਾ ਪੁੱਤ, ਪੰਜ ਧੀਆਂ ਤੋਂ ਬਾਅਦ ਜਨਮਿਆ। ਬੜੇ ਲਾਡਾਂ ਨਾਲ ਪਾਲਿਆ। ਪੂਰੇ ਇੱਕੀ ਵਰ੍ਹਿਆਂ ਦਾ ਜਵਾਨ ਸੋਹਣਾ ਸੁਨੱਖਾ ਮੁੰਡਾ।

ਅੱਜ ਬੱਚਿਤਰ ਸਿਓਂ ਆਪਣੇ ਪੁੱਤਰ ਕਰਮ ਸਿਓਂ ਲਈ ਪੁਰੋ ਨੂੰ ਪੂਰੇ ਇੱਕੀ ਰੁੱਪੇ ਦਾ ਪਿਆਰ ਝੋਲੀ ਪਾ ਕੇ ਮੰਗ ਗਿਆ ਸੀ ਤੇ ਹਾੜ ਦਾ ਵਿਆਹ ਵੀ ਪੱਕਾ ਕਰ ਗਿਆ ਸੀ।

ਕਰਮ ਸਿਓਂ ਦਾ ਪਿਓ ਬਚਿੱਤਰ ਸਿਓਂ ਵੀ ਸਿਰੇ ਦਾ ਸ਼ੌਕੀਨ ਸੀ, ਆਪਣੇ ਪੁੱਤ ਦੇ ਸਾਰੇ ਚਾਅ ਪੂਰੇ ਕੀਤੇ ਸਨ। ਘਰ ਵਿਚ ਕੋਈ ਤੰਗੀ ਨਹੀਂ ਸੀ, ਬੱਸ ਜੇ ਕੋਈ ਕਮੀ ਸੀ, ਤਾਂ ਇੱਕ ਸੋਹਣੀ ਅਤੇ ਸੁਸ਼ੀਲ ਨੂੰਹ ਦੀ ਤੇ ਹੁਣ ਉਹ ਵੀ ਪੁਰੋ ਦੇ ਆਉਣ ਨਾਲ ਪੂਰੀ ਹੋ ਜਾਣੀ ਸੀ।

ਦੇਖਦਿਆਂ-ਦੇਖਦਿਆਂ ਸਮਾਂ ਝੱਟ ਲੰਘ ਗਿਆ। ਆਪਣੀ ਹੈਸੀਅਤ ਮੁਤਾਬਿਕ ਪੁਰੋ ਦੇ ਮਾਪਿਆਂ ਨੇ ਧੀ ਦਾ ਵਿਆਹ ਕਰ ਦਿੱਤਾ। ਪਰ ਉਸ ਦੇ ਸਹੁਰਿਆਂ ਨੇ ਆਪਣੇ ਪਾਸੇ ਬਹੁਤ ਤੱਕੜਾ ਵਿਆਹ ਕੀਤਾ। ਤਿੰਨ ਦਿਨ ਗਾਉਣ ਵਾਲਾ ਲਾਈ ਰੱਖਿਆ। ਇੰਨਾ ਤੱਕੜਾ ਕਿ ਆਲੇ-ਦੁਆਲੇ ਦੇ ਇਲਾਕੇ 'ਚ ਧੰਨ-ਧੰਨ ਕਰਾ ਦਿੱਤਾ। ਬਚਿੱਤਰ ਸਿਓਂ ਨੇ ਆਪਣੇ ਪੈਸਿਆਂ ਦਾ ਪੂਰਾ-ਪੂਰਾ ਰੋਹਬ ਦਿਖਾਇਆ।

ਗਾਉਣ ਵਾਲਾ ਲਾਇਆ ਗਿਆ, ਸ਼ਰਾਬ ਮੀਟ ਸਭ ਰੱਜ ਕੇ ਵਰਤਾਇਆ। ਪੂਰੇ ਪਿੰਡ ਵਿਚ ਬਚਿੱਤਰ ਸਿਓਂ ਨੇ ਆਪਣੇ ਪੁੱਤ ਦੇ ਵਿਆਹ ਦੀ ਧੰਨ-ਧੰਨ ਕਰਾ ਦਿੱਤੀ। ਡੋਲੀ ਤੁਰਨ ਲੱਗਿਆਂ ਪੁਰੋ ਆਪਣੇ ਪਿਓ ਦੇ ਗੱਲ ਲੱਗ ਰੋਈ, ਤਾਂ ਬਚਿੱਤਰ ਸਿਓਂ ਨੇ ਪਿਓ ਦੇ ਗਲ ਲੱਗ ਰੋਂਦੀ ਪੁਰੋ ਨੂੰ ਵਰਾਉਂਦਿਆਂ ਆਖਿਆ ਸੀ, ਨਾ ਮੇਰੀ ਲਾਡਲੀ ਧੀ ਰੋਣਾ ਨਹੀਂ ਕਿਹੜਾ ਬੇਗਾਨੇ ਘਰ ਚੱਲੀ ਏ, ਤੂੰ ਤੇ ਸਾਡੀ ਧੀ ਏ ਕਮਲੀਏ ਲਾਡਲੀ ਧੀ। ਜਿਹੋ ਜਿਹਾ ਤੇਰਾ ਪਿਓ ਉਹੋ ਜਿਹਾ ਮੈਂ ਹਾਂ। ਤੇ ਪੁਰੋ ਦੇ ਪਿਓ ਨੂੰ ਵੀ ਬਚਿੱਤਰ ਸਿਓਂ ਨੇ ਰੱਜ ਕੇ ਹੌਂਸਲਾ ਦਿੱਤਾ ਕਿ ਧੀ ਦਾ ਫਿਕਰ ਨਾ ਕਰਨ ਉਹ ਆਪਣੇ ਘਰ ਹੀ ਜਾ ਰਹੀ ਹੈ। ਸਾਰਾ ਪਰਿਵਾਰ ਧੀ ਦੀ ਖੁਸ਼ਕਿਸਮਤੀ 'ਤੇ ਖੁਸ਼ ਸੀ। ਬਹੁਤ ਵਧੀਆ ਵਰ ਅਤੇ ਪਰਿਵਾਰ ਮਿਲਿਆ ਸੀ। ਨਾਲ ਦੀਆਂ ਸਹੇਲੀਆ ਵੀ ਪੁਰੋ ਨੂੰ ਛੇੜਦੀਆਂ ਸਨ,

"ਪੁਰੋ ਤੂੰ ਤੇ ਬਹੁਤ ਕਰਮਾਂ ਵਾਲੀ ਏ, ਤੇਰਾ ਤਾਂ ਸਹੁਰਾ ਹੀ ਬਹੁਤ ਚੰਗਾ ਏ। ਤੂੰ ਤੇ ਲੱਗਦਾ ਬਾਪੂ ਜੀ ਦੀ ਲਾਡਲੀ ਬਣ ਕੇ ਰਾਜ ਕਰੇਗੀ ਆਪਣੇ ਸੋਹਰੇ ਘਰ"। ਪੁਰੋ ਦੇ ਸੋਹਰੇ ਦੀਆਂ ਗੱਲਾਂ ਸੁਣ ਮਾਂ-ਪਿਓ ਦਾ ਭਾਰ ਵੀ ਲੱਥ ਗਿਆ, 'ਧੀਏ ਤੂੰ ਸੱਚੀ ਕਰਮਾਂ ਵਾਲੀ ਏ। ਤੈਨੂੰ ਦੇਵਤਾ ਸਮਾਨ ਸਹੁਰਾ ਮਿਲਿਆ ਏ। ਤੇਰੇ ਨਾਲ ਨਾਲ ਤੇਰੀਆਂ ਬਾਕੀ ਦੀਆਂ ਭੈਣਾਂ ਦਾ ਭਾਰ ਤੇਰੇ ਪਿਓ ਨਾਲ ਵੰਡਾਉਣ ਲਈ ਵੀ ਆਖ ਗਿਆ ਹੈ ਉਹ, ਸੱਚੀਂ ਅਸੀਂ ਕੋਈ ਚੰਗੇ ਕਰਮ ਕੀਤੇ ਸਨ, ਜੋ ਇੰਨਾ ਚੰਗਾ ਪਰਿਵਾਰ ਸਾਨੂੰ ਮਿਲ ਗਿਆ। ਸਾਨੂੰ ਤੇਰੀਆਂ ਬਾਕੀ ਭੈਣਾਂ ਦੀ ਵੀ ਚਿੰਤਾ ਨਹੀਂ ਰਹੀ। ਵਾਹਿਗੁਰੂ ਸਭ ਨੂੰ ਇਹੋ ਜਿਹੇ ਰਿਸ਼ਤੇਦਾਰ ਟੱਕਰਾਵੇ'।

ਮਾਂ ਪਿਓ ਨੇ ਬੜੇ ਚਾਵਾਂ ਨਾਲ ਪੁਰੋ ਨੂੰ ਵਿਦਾ ਕਰ ਦਿੱਤਾ।

ਵਿਆਹ ਕੇ ਲਿਆਂਦੀ ਜੋੜੀ ਨੂੰ ਧੰਨ ਕੌਰ ਨੇ ਪਾਣੀ ਵਾਰ ਕੇ ਅੰਦਰ ਕੀਤਾ। ਭੈਣਾਂ ਨੇ ਆਪਣੇ ਭਰਾ ਦੇ ਵਿਆਹ ਦੀ ਘੋੜੀਆਂ ਗਾਈਆਂ, ਚਾਅ ਮੁਨਾਰਾ ਨਾਲ ਵਿਆਹ ਸੰਪੂਰਨ ਹੋ ਗਿਆ।

ਦੂਜੇ ਦਿਨ ਪੁਰੋ ਦੀ ਸੁਹਾਗ ਰਾਤ ਸੀ। ਆਂਡ-ਗੁਆਢ ਘਰਾਂ 'ਚੋਂ ਲੱਗਦੀਆਂ ਦਰਾਣੀਆਂ, ਜਠਾਨੀਆਂ ਪੁਰੋ ਨੂੰ ਕਰਮ ਸਿਓਂ ਦਾ ਨਾਂ ਲੈ-ਲੈ ਛੇੜ ਰਹੀਆਂ ਸਨ ਤੇ ਪੁਰੋ ਸੰਘ ਦੇ ਮਾਰੇ ਕੱਠੀ ਹੋਈ ਜਾਂਦੀ ਸੀ। ਕਰਦਿਆਂ-ਕਰਾਉਂਦਿਆਂ ਸ਼ਾਮ ਪੈ ਗਈ। ਪੁਰੋ ਦਾ ਮੰਜਾ ਉੱਪਰ ਚੁਬਾਰੇ ਵਿਚ ਲਗਾ ਦਿੱਤਾ ਸੀ। ਲਾਲ ਸਾਲੂ ਦੇ ਕੇ ਪੁਰੋ ਦੀ ਸੱਸ ਉਸ ਨੂੰ ਉੱਪਰ ਵਾਲੇ ਕਮਰੇ ਵਿਚ ਛੱਡ ਗਈ। ਅੱਜ ਦਿਨ ਵੇਲੇ ਦੋ-ਚਾਰ ਵਾਰ ਪੁਰੋ ਨੇ ਕਰਮ ਸਿਓਂ ਦਾ ਮੁੱਖ ਵੇਖਿਆ ਸੀ, ਕਰਮ ਸਿਓਂ ਉਸ ਦੇ ਸੁਫਨਿਆਂ ਦੇ ਰਾਜ ਕੁਮਾਰ ਨਾਲੋਂ ਵੀ ਕਿਤੇ ਸੋਹਣਾ ਸੀ। ਮਨ ਹੀ ਮਨ ਉਹ ਫੁੱਲੀ ਨਹੀਂ ਸਮਾ ਰਹੀ ਸੀ। ਬਹੁਤ ਸੋਹਣਾ ਵਰ ਅਤੇ ਘਰ ਦੋਵੇਂ ਮਿਲ ਗਏ ਸਨ। ਗੱਲਾਂ ਤੋਂ ਪੁਰੋ ਨੂੰ ਉਸ ਦੀ ਸੱਸ ਵੀ ਗਊ ਹੀ ਪ੍ਰਤੀਤ ਹੋ ਰਹੀ ਸੀ। ਆਹ ਦੋ ਦਿਨਾਂ ਵਿਚ ਪੁਰੋ ਨੇ ਉਸ ਦੀ ਆਵਾਜ਼ ਹੀ ਨਹੀਂ ਸੁਣੀ ਸੀ। ਜੇ ਕੋਈ ਘਰ ਵਿਚ ਗੱਲਾਂ ਕਰਦਾ, ਤਾਂ ਇਹ ਉਸ ਦੀ ਹਮਉਮਰ ਸਾਰੀਆਂ ਨਣਾਨਾਂ 'ਚੋਂ ਛੋਟੀ ਨਣਾਨ ਭੋਲੀ ਹੀ ਸੀ। ਪੁਰੋ ਦਾ ਸਹੁਰਾ ਵੀ ਉਸ ਨੂੰ ਦੇਵਤਾ ਹੀ ਪ੍ਰਤੀਤ ਹੋ ਰਿਹਾ ਸੀ। ਮਾਂ ਨੇ ਪੁਰੋ ਨੂੰ ਦੱਸਿਆ ਸੀ ਕਿ ਪੁਰੋ ਦੇ ਸਹੁਰੇ ਨੇ ਉਨ੍ਹਾਂ ਦਾ ਇੱਕ ਰੁਪਇਆ ਵੀ ਵਿਆਹ 'ਚ ਨਹੀ ਲੱਗਣ ਦਿੱਤਾ ਸੀ, ਸਗੋਂ ਸਾਰਾ ਵਿਆਹ ਆਪ ਹੀ ਬਚਿੱਤਰ ਸਿਓਂ ਨੇ ਨੱਠ-ਭੱਜ ਕਰ ਕੇ ਨਬੇੜਿਆ ਸੀ। ਮੰਜੇ 'ਤੇ ਬੈਠੀ-ਬੈਠੀ ਪੁਰੋ ਆਪਣੇ ਕਰਮਾਂ ਨੂੰ ਸਲਾਹ ਰਹੀ ਸੀ ਕਿ ਕਿੰਨਾ ਚੰਗਾ ਪਰਿਵਾਰ ਉਸ ਨੂੰ ਮਿਲ ਗਿਆ ਸੀ।

ਇੰਨੇ ਚਿਰ ਨੂੰ ਬਾਹਰੋਂ ਕਿਸੇ ਦੇ ਆਉਣ ਦੀ ਪੈੜ ਆਈ, ਪੁਰੋ ਹੋਰ ਇੱਕਠੀ ਜਿਹੀ ਹੋ ਕੇ ਬਹਿ ਗਈ, ਉਸ ਨੂੰ ਪਤਾ ਸੀ ਕਿ ਕਰਮ ਸਿਓਂ ਆਇਆ ਹੋਵੇਗਾ।

ਅੰਦਰੋਂ ਕੁੰਡੀ ਲੱਗਣ ਦੀ ਆਵਾਜ਼ ਆਉਣ 'ਤੇ ਉਸ ਦੇ ਦਿਲ ਦੀ ਧੜਕਣ ਹੋਰ ਤੇਜ਼ ਹੋ ਗਈ। ਪੁਰੋ ਅੱਖਾਂ ਮੀਟ ਘੁੰਡ ਕੱਡ ਕੇ ਮੰਜੇ ਦੇ ਇੱਕ ਕੋਨੇ ਲੱਗ ਕੇ ਬੈਠੀ ਹੋਈ ਸੀ, ਪੁਰੋ ਦੇ ਘਰਵਾਲੇ ਨੇ ਅੰਦਰ ਵੜਦਿਆਂ ਹੀ ਦੀਵੇ 'ਤੇ ਫੂਕ ਮਾਰ ਦਿੱਤੀ। ਸਾਰਾ ਕਮਰਾ ਹਨੇਰੇ ਨਾਲ ਭਰ ਗਿਆ। ਤੇ ਕੁੱਝ ਹੀ ਪਲਾਂ ਬਾਅਦ ਉਹ ਆਪਣੇ ਮਾਹੀ ਦੀ ਬੁੱਕਲ ਵਿਚ ਸੀ। ਸਭ ਕਾਸੇ ਤੋ ਅਣਜਾਣ ਉਹ ਪੂਰੀ ਤਰ੍ਹਾਂ ਆਪਣੇ ਮਾਹੀ ਦੇ ਰੰਗ ਵਿਚ ਰੰਗ ਗਈ, ਆਪਣਾ ਤਨ, ਮਨ ਉਸ ਦੇ ਹਵਾਲੇ ਕਰ ਦਿੱਤਾ।

ਸਾਰੀ ਰਾਤ ਇਹੀ ਖੇਡ ਚੱਲਦੀ ਰਹੀ, ਨਾ ਪੁਰੋ ਨੇ ਕੋਈ ਗੱਲ ਕੀਤੀ, ਨਾ ਕਰਮ ਸਿਓਂ ਨੇ ਹੀ ਕੀਤੀ। ਪੁਰੋ ਮਨ ਹੀ ਮਨ ਸੋਚ ਰਹੀ ਸੀ ਕਿ ਕਿਤੇ ਕਰਮ ਸਿਓਂ ਗੂੰਗਾ ਹੀ ਤਾਂ ਨਹੀਂ। ਘਰ ਵਿਚ ਵੀ ਦੋ ਦਿਨਾਂ 'ਚ ਉਸ ਨੂੰ ਬਾਹਲਾ ਗੱਲ ਕਰਦਿਆਂ ਨਹੀਂ ਸੁਣਿਆ ਸੀ।

ਮਾੜੀ-ਮਾੜੀ ਰੌਸ਼ਨੀ ਹੋਣ ਲੱਗ ਗਈ ਸੀ, ਸ਼ਾਇਦ ਰਾਤ ਦਾ ਤੀਜਾ ਪਹਿਰ ਸੀ, ਪੁਰੋ ਦੀ ਅੱਖ ਖੁੱਲ੍ਹੀ, ਤਾਂ ਵੇਖਿਆ ਕਰਮ ਸਿਓਂ ਦੂਸਰੇ ਪਾਸੇ ਮੂੰਹ ਕਰ ਕੇ ਸੁੱਤਾ ਪਿਆ ਸੀ।

ਤਨੋਂ, ਮਨੋਂ ਉਹ ਕਰਮ ਸਿਓਂ ਦੀ ਹੋ ਚੁੱਕੀ ਸੀ। ਉਸ ਨੂੰ ਇਨ੍ਹਾਂ ਦੋ ਦਿਨਾਂ ਵਿਚ ਕਰਮ ਸਿਓਂ ਨਾਲ ਮੋਹ ਜਿਹਾ ਆਉਣ ਲੱਗ ਗਿਆ ਸੀ। ਸੁੱਤੇ ਪਏ ਕਰਮ ਸਿਓਂ ਨੂੰ ਉਹ ਰੱਜ ਕੇ ਵੇਖਣਾ ਚਾਹੁੰਦੀ ਸੀ। ਹੁਣ ਤੇ ਉਹ ਉਸ ਦਾ ਸੀ, ਸਿਰਫ ਉਸ ਦਾ ਤੇ ਹੁਣ ਉਸ ਨੂੰ ਕਰਮ ਸਿਓਂ ਕੋਲੋਂ ਸੰਗ ਸ਼ਰਮ ਵੀ ਨਹੀਂ ਰਹੀ ਸੀ, ਉਹ ਉਸ ਦੀ ਅਰਧਾਂਗਣੀ ਬਣ ਚੁੱਕੀ ਸੀ। ਪੁਰੋ ਨੇ ਕਰਮ ਸਿਓਂ ਨੂੰ ਸੁੱਤੇ ਨੂੰ ਗਲਵੱਕੜੀ ਵਿਚ ਲੈ ਲਿਆ ਤੇ ਬੱਚਿਆਂ ਵਾਂਘ ਉਸ ਨਾਲ ਲਿੱਪਟ ਗਈ। ਨਾਲ ਲੱਗਦਿਆਂ ਹੀ ਪੁਰੋ ਨਾਲ ਸੁੱਤੇ ਉਸ ਦੇ ਤਨ ਦੇ ਮਾਲਿਕ ਦੀ ਅੱਖ ਖੁੱਲ੍ਹ ਗਈ ਤੇ ਉਸ ਨੇ ਆਪਣਾ ਮੂੰਹ ਪੁਰੋ ਵੱਲ ਘੁਮਾ ਲਿਆ। ਉਸ ਦਾ ਚਿਹਰਾ ਪੁਰੋ ਦੇ ਚਹਿਰੇ ਦੇ ਇੱਕ ਦਮ ਸਾਹਮਣੇ ਆ ਗਿਆ।

"ਹਾਏ ਆਹ ਕੀ", ਚਿਹਰਾ ਦੇਖਦੇ ਸਾਰ ਉਸਦੀ ਚੀਕ ਨਿਕਲ ਗਈ। ਨਹੀਂ ਨਹੀਂ ਇਹ ਕੀ ਮੈਂ ਕੋਈ ਸੁਫਨਾ ਵੇਖ ਰਹੀ ਹਾਂ, ਇਹ ਨਹੀਂ ਹੋ ਸਕਦਾ। ਉਹ ਬੁਰੀ ਤਰ੍ਹਾਂ ਚੀਕਾਂ ਮਾਰਨ ਲੱਗ ਗਈ। ਉਸ ਦੇ ਸਾਹਮਣੇ ਅੱਧ ਨੰਗੀ ਹਾਲਤ ਵਿਚ ਬਚਿੱਤਰ ਸਿਓਂ ਮੰਜੇ 'ਤੇ ਪਿਆ ਸੀ। ਸਾਰੀ ਰਾਤ ਜਿਸ ਨਾਲ ਪਿਆਰ ਦੀਆਂ ਪੀਘਾਂ ਉਹ ਝੂਟਦੀ ਰਹੀ ਸੀ, ਉਹ ਕਰਮ ਸਿਓਂ ਨਹੀਂ, ਬਚਿੱਤਰ ਸਿਓਂ ਸੀ। ਬਚਿੱਤਰ ਸਿਓਂ ਨੂੰ ਆਪਣੇ ਨਾਲ ਪਿਆ ਦੇਖ ਉਸ ਦੀਆਂ ਅੱਖਾਂ ਮੂਹਰੇ ਹਨੇਰ ਛਾ ਗਿਆ, ਉਹ ਚੀਕਾਂ ਮਾਰਨ ਲੱਗ ਗਈ। ਬਚਿੱਤਰ ਸਿਓਂ ਆਪਣੇ ਕੱਪੜੇ ਠੀਕ ਕਰਨ ਲੱਗ ਗਿਆ ਤੇ ਇੰਨੇ ਚਿਰ ਵਿਚ ਉਸ ਦੀ ਸੱਸ ਵੀ ਕਮਰੇ ਵਿਚ ਆ ਗਈ।

'ਬੇਬੇ ਜੀ ਇਹ ਕੀ ਹੋ ਗਿਆ? ਮੇਰੇ ਤੋਂ ਇਹ ਗਲਤੀ ਕਿੱਦਾਂ ਹੋ ਗਈ? ਬਾਪੂ ਜੀ!!! ਬਾਪੂ ਜੀ ਇੱਥੇ ਕਿਵੇਂ? ਇਹ ਕਿੱਥੇ ਹਨ? ਹਾਏ ਮੈਂ, ਮੈਂ ਕੀ ਕਰਾਂ ਹੁਣ ਮੇਰੇ ਤੋਂ ਇਹ ਪਾਪ ਕਿੱਦਾਂ ਹੋ ਗਿਆ? ਬੇਬੇ ਜੀ, ਬੇਬੇ ਜੀ ਇਹ ਬਾਪੂ ਜੀ ਇੱਥੇ ਕਿੰਝ ਆ ਗਏ?'

ਪੂਰੋ ਦੇ ਜਿਵੇਂ ਪੈਰਾਂ ਹੇਠੋਂ ਜ਼ਮੀਨ ਹੀ ਨਿਕਲ ਗਈ ਸੀ। ਡੋਰ-ਭੋਰ ਕਮਰੇ 'ਚ ਖੜ੍ਹੀ ਕਦੇ ਬਾਪੂ ਵੱਲ ਤੇ ਕਦੇ ਬੇਬੇ ਵੱਲ ਵੇਖ ਰਹੀ ਸੀ। ਬਾਹਰ ਦਰਵਾਜ਼ੇ ਵੱਲ ਨਜ਼ਰ ਮਾਰੀ, ਤਾਂ ਉੱਥੇ ਕਰਮ ਸਿਓਂ ਵੀ ਖੜ੍ਹਾ ਉਸ ਦੀਆਂ ਗੱਲਾਂ ਸੁਣ ਰਿਹਾ ਸੀ।

ਕਰਮ ਸਿਓਂ ਨੂੰ ਦੇਖ ਉਸ ਉਸ ਵੱਲ ਭੱਜੀ, ਮੈਨੂੰ ਮਾਫ ਕਰ ਦੇ ਮੇਰੇ ਸਿਰ ਦਿਆ ਸਾਈਆਂ ਮੈਨੂੰ ਕੁੱਝ ਪਤਾ ਨਹੀ ਚੱਲਿਆ, ਇਹ ਬਾਪੂਜੀ ਹਨ ਮੇਰੇ ਕਮਰੇ ਵਿਚ!

ਉਸ ਦਾ ਜਿਵੇਂ ਸਿਰ ਚੱਕਰਾ ਗਿਆ ਸੀ। ਉਸ ਨੂੰ ਰੋਂਦੀ ਛੱਡ ਕੇ ਕਰਮ ਸਿਓਂ ਚੁੱਪਚਾਪ ਪੌੜੀਆਂ ਉੱਤਰ ਗਿਆ। ਬੇਬੇ ਤੇ ਬਾਪੂ ਦੋਵੇਂ ਬੂਹੇ ਮੋਹਰੇ ਖੜ੍ਹੇ ਸਨ।

"ਧੰਨ ਕੌਰੇ ਇਹਨੂੰ ਸਮਝਾ ਕੀ ਇਹਨੇ ਸੰਘ ਪਾੜਿਆ ਆ। ਕੀ ਜੱਗੋਂ ਤੇਰਵੀਂ ਹੋ ਗਈ ਇਸ ਨਾਲ। ਸਮਝਾ ਇਹਨੂੰ ਮੂੰਹ ਬੰਦ ਕਰ ਲਏ, ਨਹੀ ਤਾਂ ਮੇਰੇ ਤੋਂ ਛਿੱਤਰ ਖਾਹ ਲੇਵੇਗੀ।'

ਇਨਾਂ ਆਖ ਬੱਚਿਤਰ ਸਿਓਂ ਵੀ ਪੌੜੀਆਂ ਉੱਤਰ ਗਿਆ। ਪੁਰੋ ਹਾਲੋਂ ਬੇਹਾਲ ਹੋ ਗਈ ਸੀ, ਉਸ ਨੂੰ ਕੋਈ ਖਬਰ ਨਹੀਂ ਸੀ, ਉਸ ਨਾਲ ਕੀ ਭਾਣਾ ਵਰਤਿਆ ਸੀ। ਸਵਾਲੀਆਂ ਨਜ਼ਰਾਂ ਨਾਲ ਉਸ ਨੇ ਸੱਸ ਦੇ ਚਹਿਰੇ ਵੱਲ ਦੇਖਿਆ।

"ਪੁੱਤ ਜੋ ਵੀ ਆ, ਚੁੱਪ ਰਹਿ ਹੁਣ ਤੇਰੇ ਇਹੋ ਕਰਮ ਸਨ ਮੇਰੀਏ ਧੀਏ। ਮੇਰਾ ਪੁੱਤ ਤੇਰੇ ਕਾਬਿਲ ਨਹੀਂ ਆ, ਨਾ ਤੇਰੀ ਕੁੱਖ ਨੂੰ ਭਾਗ ਲਾਉਣ ਦੇ ਕਾਬਿਲ ਹੈ, ਧੀਏ ਤੇ ਤੇਰੇ ਸਹੁਰੇ ਨੂੰ ਵੰਸ਼ ਅਗਾਂਹ ਵਧਾਉਣ ਦੀ ਕਾਹਲ ਸੀ। ਤੇ ਹੁਣ ਤੇਰੀ ਇਹੀ ਕਿਸਮਤ ਆ ਧੀਏ, ਜੇ ਕੁੱਝ ਬੋਲੇਗੀ ਤਾਂ ਕੋਈ ਤੇਰੀ ਨਹੀਂ ਸੁਣੇਗਾ ਧੀਏ ਤੇ ਤੇਰੇ ਮਗਰ ਤੇਰੇ ਪਿਓ ਦਾ ਵਿਹੜਾਂ ਧੀਆਂ ਨਾਲ ਭਰਿਆ ਆ। ਚੁੱਪ ਹੋ ਜਾ ਮੇਰੀ ਧੀ ਤੇ ਰੱਬ ਦਾ ਭਾਣਾ ਮਨ ਲਾ।

ਵਿਰਲਾਪ ਕਰਦੀ ਸੱਸ ਨੇ ਪੁਰੋ ਨੂੰ ਗਲਵੱਕੜੀ 'ਚ ਘੁੱਟ ਲਿਆ।

ਸੱਸ ਦੀ ਗੱਲ ਸੁਣ ਪੂਰੋ ਸੁੰਨ ਹੋ ਗਈ। ਪੇਕੇ ਘਰ ਵਿਹੜੇ 'ਚ ਤੁਰਿਆ-ਫਿਰਦਾ ਉਸ ਦਾ ਪਿਓ ਉਸ ਦੀ ਮਾਂ ਤੇ ਚਾਰ ਭੈਣਾਂ ਉਸ ਦੀਆਂ ਅੱਖਾਂ ਸਾਹਮਣੇ ਘੁੰਮ ਰਹੀਆਂ ਸਨ। ਉਹ ਸੱਸ ਦੇ ਨਾਲ ਲੱਗੀ ਹੁੱਬਕੀ-ਹੁੱਬਕੀ ਰੋ ਰਹੀ ਸੀ। ਸੱਸ ਉਸ ਦੇ ਸਿਰ 'ਤੇ ਹੱਥ ਫੇਰ ਰਹੀ ਸੀ।

ਮਨ ਹੀ ਮਨ ਉਸ ਨੂੰ ਖਿਆਲ ਆ ਰਿਹਾ ਸੀ ਕਿ ਕਿਵੇਂ ਤੁਰਨ ਲੱਗਿਆਂ ਸਾਰੇ ਉਸ ਨੂੰ ਬਾਪੂ ਜੀ ਦੀ ਲਾਡਲੀ ਆਖ ਕੇ ਬੁਲਾ ਰਹੇ ਸਨ।



REALTY ONE GROUP

Gurjatinder S. Randhawa

REALTOR CA DRE licence # 01490567



FOR SALE & PURCHASE OF ANY KIND OF PROPERTY

ਕੈਲੀਫੋਰਨੀਆ ਵਿਚ ਘਰ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ।

Gurjatinder S. Randhawa

916-320-9444

Gurjatinder S. Randhawa

REALTOR CA DRE licence # 01490567

web: www.RealtorRandhawa.com

garysingh123@yahoo.com